ਜੋਸ਼ੀਲਾ ਰਜਬ ਅਲੀ

ਕਿੱਸੇ

ਸੰਗਮ ਵਿੱਚ ਪ੍ਰਕਾਸ਼ਿਤ ਬਾਬੂ ਰਜਬ ਅਲੀ ਦੀਆਂ ਪੁਸਤਕਾਂ

1. ਰੰਗੀਲਾ ਰਜਬ ਅਲੀ
2. ਬਾਬੂ ਰਜਬ ਅਲੀ ਦੇ ਕਿੱਸੇ
3. ਦਸਮੇਸ਼ ਮਹਿਮਾ
4. ਜੋਸ਼ੀਲਾ ਰਜਬ ਅਲੀ
5. ਅਣਖ਼ੀਲਾ ਰਜਬ ਅਲੀ
6. ਅਨਮੋਲ ਰਜਬ ਅਲੀ
7. ਅਨੋਖਾ ਰਜਬ ਅਲੀ
8. ਅਨੂਠਾ ਰਜਬ ਅਲੀ
9. ਅਲਬੇਲਾ ਰਜਬ ਅਲੀ

ਜੋਸ਼ੀਲਾ ਰਜਬ ਅਲੀ

ਸੰਪਾਦਕ
ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ

ਸੰਗਮ ਪਬਲੀਕੇਸ਼ਨਜ਼, ਸਮਾਣਾ

Joshila Rajab Ali
a book of poetry
Edited by
Sukhwinder Singh Suttantar

ਕਵੀਸ਼ਰ ਸੁਖਵਿੰਦਰ ਸਿੰਘ 'ਸੁਤੰਤਰ'
ਪੱਕਾ ਕਲਾਂ, ਬਠਿੰਡਾ-151401
ਫੋਨ ਨੰ: 9876816866
www.suttanter.com
e.mail:info@suttanter.com

© ਸੰਪਾਦਕ
ਦੂਜੀ ਵਾਰ:2010
500 ਕਾਪੀਆਂ


ISBN-978-81-907466-3-2

gqekxe L ;zrw gpbhe/;BkJ,
;/y'Aeb'Bh, fgZS/pZ; ;NA?v,
;wkDk-147101, f;bQkL gfNnkbk
c'B L 01764-223047 , 222347
w'pkfJb 98152-43917

NkJhg L ਸੰਗਮ ਟਾਈਪ ਸੈਟਰਜ਼, ਸਮਾਣਾ
fgqpNokJ L ਸ਼ਿਵ ਸ਼ਕਤੀ ਪ੍ਰਿੰਟਰਜ਼, ਦਿੱਲੀ

wZb L **125$- o[g?**

ਸਮਰਪਣ !
ਵਿਰਸੇ ਦੇ ਵਾਰਸ
ਸੋਹਣੀ ਮਹਾਂਕਾਵਿ ਦੇ ਲਿਖਾਰੀ
ਇਕੋ ਸਮੇਂ ਪਹਿਲਵਾਨ ਤੇ ਖਿਡਾਰੀ



ਪ੍ਰੋਫੈਸਰ ਕਰਮ ਸਿੰਘ ਜੀ ਨੂੰ !

ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ

ਵਿਸ਼ੇਸ਼ ਧੰਨਵਾਦ

* ਟਾਈਟਲ ਤਸਵੀਰ ਲਈ: ਅਮਰਜੀਤ ਸਿੰਘ ਪੇਂਟਰ, ਬਠਿੰਡਾ
* ਟਾਈਟਲ ਡਿਜ਼ਾਈਨ ਲਈ: ਸ੍ਰੀ ਆਰ. ਐਸ. ਲਿਬਰੇਟ, ਬਠਿੰਡਾ

ਹੌਸਲਾ ਅਫ਼ਜ਼ਾਈ ਲਈ

ਨਾਹਰ ਸਿੰਘ ਬੀ. ਈ. ਓ. ਬਠਿੰਡਾ
ਬਲਦੇਵ ਸਿੰਘ ਮੱਲ੍ਹੀ ਸਾਹੋਕੇ
ਲਾਲ ਚੰਦ ਸਿੰਘ ਚੁੱਘੇ ਖੁਰਦ
ਸੁਖਮੰਦਰ ਸਿੰਘ ਹਮਦਰਦ
ਗੁਰਤੇਜ ਬੱਬੀ ਬੁੱਕਣਵਾਲ
ਅਮਰਜੀਤ ਸਿੰਘ ਸਾਹੋਕੇ
ਅੰਗਰੇਜ਼ ਵਿਕੀ ਕੋਟਗੁਰੂ

ਤਤਕਰਾ

1. ਕਵੀਸ਼ਰੀ-ਕਾਵਿ ਦਾ ਸ਼ਾਹ ਅਸਵਾਰ-ਬਾਬੂ ਰਜਬ ਅਲੀ/9
2. ਕਵਿਤਾ ਦੀ ਕਸਵੱਟੀ: ਬਾਬਾ ਠਾਣਾ ਸਿੰਘ/13
3. ਜੀਵਨ ਦਰਪਣ—ਬਾਬੂ ਰਜਬ ਅਲੀ/17
4. ਮੰਗਲਾ ਚਰਨ: ਦਸ ਅਵਤਾਰਾਂ ਦੀ ਸਿਫ਼ਤ/45
5. ਪ੍ਰਸੰਗ ਬਾਬਾ ਬੰਦਾ ਸਿੰਘ ਬਹਾਦਰ ਭੀਮ-ਚੰਦੀ/48
6. ਗਿਆਰ੍ਹੀ ਵਾਲ਼ਾ ਪੀਰ/84
7. ਕਿੱਸਾ ਗੁਰਨਾਮ ਸਿੰਘ ਰਾਊਕੇ/103
8. ਕਿੱਸਾ ਆਸੀ ਠਠਿਆਰੀ/157

ਕਵੀਸ਼ਰੀ-ਕਾਵਿ ਦਾ ਸ਼ਾਹ ਅਸਵਾਰ-ਬਾਬੂ ਰਜਬ ਅਲੀ

ਰੂਸੀ ਲੇਖਕ ਰਸੂਲ ਹਮਜ਼ਾਤੋਵ ਨੇ ਆਪਣੀ ਸੰਸਾਰ ਪ੍ਰਸਿੱਧ ਰਚਨਾ "ਮੇਰਾ ਦਾਗਿਸਤਾਨ" ਵਿੱਚ ਲੇਖਕ ਤੇ ਉਸਦੀ ਰਚਨਾ ਦੇ ਅੰਤਰ-ਸੰਬੰਧਾਂ ਬਾਰੇ ਖੂਬਸੂਰਤ ਟਿੱਪਣੀ ਕੀਤੀ ਹੈ। ਉਹਨਾਂ ਦਾ ਕਹਿਣਾ ਹੈ। "ਜਿਸ ਲਿਖਤ ਵਿੱਚ ਲੇਖਕ ਦਾ ਚੇਹਰਾ ਮੋਹਰਾ ਨਹੀਂ ਦਿਸਦਾ, ਉਹ ਬਿਨਾਂ ਸਵਾਰ ਦੇ ਘੋੜੇ ਵਾਂਗ ਹੈ, ਜਿਹੜਾ ਸੜਕ ਉੱਤੇ ਭੱਜਿਆ ਜਾ ਰਿਹਾ ਹੈ।"

ਲੇਖਕ ਤੇ ਉਸਦੀ ਲਿਖਤ ਬਾਰੇ ਰਸੂਲ ਦੀ ਉਪਰੋਕਤ ਕਸੌਟੀ ਦੀ ਰੌਸ਼ਨੀ ਵਿੱਚ ਜਦ ਅਸੀਂ ਸਾਂਝੇ ਪੰਜਾਬ ਦੇ ਮਹਾਨ ਸ਼ਾਇਰ ਬਾਬੂ ਰਜਬ ਅਲੀ ਖਾਨ ਦੀ ਰਚਨਾ ਨੂੰ ਰੱਖ ਕੇ ਪਰਖਦੇ ਹਾਂ ਤਾਂ ਸਾਨੂੰ ਬਾਬੂ ਜੀ ਆਪਣੇ ਕਵੀਸ਼ਰੀ-ਕਾਵਿ ਰੂਪੀ ਮਸਤਚਾਲ ਘੋੜੇ 'ਤੇ ਕਿਸੇ ਵੱਡੇ ਸ਼ਹਿਨਸ਼ਾਹ ਵਾਂਗ ਸਵਾਰ ਨਜ਼ਰ ਆਉਂਦੇ ਹਨ। ਬਾਬੂ ਜੀ ਦੀ ਰਚਨਾ, ਉਹਨਾਂ ਦੇ ਸਾਦਗੀ, ਇਮਾਨਦਾਰੀ, ਨਿਰਛਲਤਾ, ਸਪਸ਼ਟਤਾ, ਨਿਰਪੱਖਤਾ, ਬੇਬਾਕੀ ਤੇ ਨਿਡਰਤਾ ਵਰਗੇ ਗੁਣਾਂ ਨਾਲ ਭਰਪੂਰ ਲੋਕ-ਕਵੀ ਵਾਲੇ ਚੇਹਰੇ ਮੋਹਰੇ ਦੇ ਰੌਜਵੇਂ ਤੇ ਖੁਲ੍ਹੇ ਡੁੱਲ੍ਹੇ ਦੀਦਾਰ ਕਰਵਾਉਂਦੀ ਹੈ। ਉਹਨਾਂ ਦੀ ਰਚਨਾ ਵਿੱਚ ਪੰਜਾਬੀ ਲੋਕ-ਜੀਵਨ ਦਾ ਹਰ ਪੱਖ ਡੁੱਲ੍ਹ-ਡੁੱਲ੍ਹ ਪੈਂਦਾ ਹੈ। ਉਹ ਸ਼ਾਹੀ ਮਹਿਲਾਂ ਵਿੱਚ ਬੈਠ ਕੇ ਲਿਖਣ ਵਾਲੇ ਤੇ ਆਪਣੇ ਲੋਕਾਂ ਨਾਲੋਂ ਟੁੱਟੇ ਹੋਏ ਕਿਤਾਬੀ ਸ਼ਾਇਰ ਨਹੀਂ ਸਨ, ਸਗੋਂ ਉਹਨਾਂ ਨੇ ਪੰਜਾਬੀ ਜਨ-ਜੀਵਨ ਦੇ ਹਰ ਪਹਿਲੂ ਨੂੰ ਨਾ ਕੇਵਲ ਨੇੜੇ ਹੋਕੇ ਤੱਕਿਆ ਹੀ ਹੈ ਬਲਕਿ ਇਹਨਾਂ ਪਲਾਂ ਨੂੰ ਖੁਦ ਹੰਢਾਇਆ ਵੀ ਹੈ। ਇਸ ਲਈ ਉਹਨਾਂ ਦਾ ਕਵੀਸ਼ਰੀ-ਕਾਵਿ, ਅਸਲ ਵਿੱਚ ਉਹਨਾਂ ਦੇ ਅੰਦਰੋਂ ਉਠੀ ਹੂਕ ਹੈ ਜੋ ਛੰਦਾਂ ਦੇ ਰੂਪ ਵਿੱਚ ਲੋਕਾਂ ਦੇ ਸਾਹਮਣੇ ਆਈ ਤੇ ਲੋਕਾਈ ਦੇ ਦਿਲ ਦਿਮਾਗ਼ ਵਿੱਚ ਉਤਰਦੀ ਚਲੀ ਗਈ। ਬਾਬੂ ਜੀ ਨੇ ਆਮ 'ਸਥਾਪਿਤ' ਲੇਖਕਾਂ ਵਾਂਗ ਕਿਸੇ ਵਿਸ਼ੇਸ਼ ਕਮਰੇ ਵਿੱਚ ਸਜੀ ਖ਼ਾਸ ਕੁਰਸੀ 'ਤੇ ਬਹਿਕੇ ਨਹੀਂ ਲਿਖਿਆ, ਸਗੋਂ ਵੱਖ-ਵੱਖ ਨਹਿਰਾਂ ਤੇ ਨਹਿਰੀ ਕੋਠੀਆਂ ਵਿੱਚ ਨੌਕਰੀ ਕਰਦਿਆਂ, ਹਾਲੀਆਂ ਪਾਲੀਆਂ ਨਾਲ ਗੱਲਾਂ ਕਰਦਿਆਂ ਤੇ ਸ਼ਾਇਰੀ ਦੀਆਂ ਮਹਿਫ਼ਲਾਂ ਦਾ ਲੁਤਫ ਲੈਂਦਿਆਂ ਇਸਦੀ ਸਿਰਜਣਾ ਕੀਤੀ ਹੈ। ਇਹੀ ਵਜਾਹ ਹੈ ਕਿ ਬਾਬੂ ਜੀ ਦੀ ਸ਼ਾਇਰੀ ਵਿੱਚ ਸਮੁੱਚੀ ਪੰਜਾਬੀਅਤ ਖੁਲ੍ਹ ਕੇ ਧੜਕਦੀ ਹੈ।

ਬਾਬੂ ਜੀ ਦੀ ਸ਼ਾਇਰੀ ਦੀ ਵੱਡੀ ਸਿਫ਼ਤ ਇਹ ਹੈ ਕਿ ਉਹਨਾਂ ਨੇ ਪੰਜਾਬੀਆਂ ਦੇ ਸੁਭਾਅ ਦੇ ਅੰਗ ਸੂਰਮਗਤੀ, ਪਿਆਰ, ਨਫ਼ਰਤ, ਬਦਲਾ ਲੈਣ, ਮਾਫ਼ ਕਰਨ, ਮਜ਼ਾਕ ਕਰਨ, ਕੁਰਬਾਨ ਹੋਣ ਆਦਿ ਨੂੰ ਲੋਕ ਬੋਲੀ ਵਿੱਚ ਹੀ ਪੇਸ਼ ਕੀਤਾ ਹੈ; ਇਸ ਲਈ ਉਹਨਾਂ ਦੀ ਰਚਨਾ ਲੋਕਾਂ ਦੇ ਸਿਰਾਂ ਉੱਤੋਂ ਦੀ ਨਹੀਂ ਗੁਜਰਦੀ ਬਲਕਿ ਸਿੱਧੀ ਉਹਨਾਂ ਦੇ ਸੀਨੇ ਵਿੱਚ ਲਹਿੰਦੀ ਹੈ। ਉਸ ਜ਼ਮਾਨੇ ਦੇ ਪੜ੍ਹੇ ਲਿਖੇ ਤੇ ਸਰਕਾਰੀ ਰੁਤਬੇ ਦੇ ਮਾਲਕ ਹੋਣ ਦੇ ਬਾਵਜੂਦ ਉਹਨਾਂ ਦਾ

ਕਵੀਸ਼ਰੀ-ਕਾਵਿ ਦੇ ਰੂਪ ਵਿੱਚ ਆਪਣੀ ਗੱਲ ਕਹਿਣ ਦਾ ਅੰਦਾਜ਼ ਤੇ ਮਜਾਜ ਓਪਰਾ ਨਹੀਂ ਸਗੋਂ ਪੰਜਾਬੀ ਲੋਕ-ਧਾਰਾ ਨਾਲ ਜੁੜਿਆ ਹੋਇਆ ਹੈ।

'ਬਾਬ ਜੀ' ਦੀ ਰਚਨਾ ਰਸੂਲ ਹਮਜ਼ਾਤੋਵ ਦੀ ਨਸੀਹਤ "ਬਾਜ਼ ਨੂੰ ਚੂੜੀ ਤੇ ਖੋਤੇ ਨੂੰ ਮਾਸ ਖੁਆਉਣ ਦੀ ਕਦੀ ਕੋਸ਼ਿਸ਼ ਨਾ ਕਰੋ" ਉਪਰ ਵੀ ਖਰੀ ਉਤਰਦੀ ਹੈ। ਉਹਨਾਂ ਨੇ ਲੋਕਾਂ ਦੇ ਚੇਤਨਾ ਪੱਧਰ ਨੂੰ ਧਿਆਨ ਵਿੱਚ ਰੱਖ ਕੇ ਉਹੀ ਕੁਝ ਲਿਖਿਆ ਜੋ ਉਹਨਾਂ ਨੂੰ ਅਸਾਨੀ ਨਾਲ ਸਮਝ ਆ ਸਕਦਾ ਸੀ। ਉਹਨਾਂ ਨੇ ਪੰਜਾਬ ਦੇ ਇਤਿਹਾਸ ਦੀਆਂ ਘਟਨਾਵਾਂ, ਲੋਕ ਨਾਇਕਾਂ, ਲੋਕ-ਗਾਥਾਵਾਂ, ਮਿਥਿਹਾਸਕ ਪ੍ਰਸੰਗਾਂ, ਦੰਦ ਕਥਾਵਾਂ ਨੂੰ ਆਪਣੀ ਕਲਮ ਦੀ ਰਵਾਨਗੀ ਬਖਸ਼ੀ। ਇਸ ਤੋਂ ਬਿਨਾਂ ਨੀਤੀ ਕਬਿੱਤ, ਸਥਾਨ ਵਿਸ਼ੇਸ਼ਤਾ ਦੇ ਕਬਿੱਤ ਅਤੇ ਭੂਗੋਲਿਕ ਕਬਿੱਤ ਰਾਹੀਂ ਲੋਕਾਂ ਦੇ ਦਿਲ ਦੀ ਗੱਲ ਖ਼ੂਬਸੂਰਤ ਅੰਦਾਜ਼ ਵਿੱਚ ਕੀਤੀ। ਅੱਖਰ ਗਿਆਨ ਤੋਂ ਵਿਹੂਣੇ ਲੋਕਾਂ ਦੇ ਲਹਿਜੇ ਤੇ ਉਚਾਰਣ ਵਿੱਚ ਗੱਲ ਕਰਨੀ ਬਾਬੂ ਜੀ ਦੀ ਕਵਿਸ਼ਰੀ-ਕਾਵਿ ਰਚਨਾ ਦੀ ਵੱਡੀ ਖੂਬੀ ਰਹੀ ਹੈ। ਇਹੀ ਕਾਰਣ ਹੈ ਕਿ ਉਹਨਾਂ ਦੀ ਰਚਨਾ ਵਿੱਚ ਪੰਜਾਬ ਦੇ ਮਾਲਵਾ ਖੇਤਰ ਦੀ ਸ਼ੁੱਧ ਮਲਵਈ ਲਹਿਜੇ ਵਾਲੀ ਲੋਕ ਬੋਲੀ ਦੀ ਪ੍ਰਧਾਨਤਾ ਹੈ ਅਤੇ ਉਹਨਾਂ ਦੀ ਸ਼ਾਇਰੀ ਪੌਣੀ ਸਦੀ ਗੁਜ਼ਰ ਜਾਣ ਦੇ ਬਾਵਜੂਦ ਵੀ ਅਫੀਮ ਦੇ ਨਸ਼ੇ ਵਾਂਗ ਮਲਵਈਆਂ ਦੇ ਹੱਡਾਂ ਵਿੱਚ ਰਚੀ ਹੋਈ ਹੈ। ਬਾਬੂ ਜੀ ਨੇ ਪਰਕਰਮਾਂ, ਜਨਮ, ਭਰਵਾਂ, ਯਾਦ, ਬਣਵਾਸ, ਗਿਆਰ੍ਹਵੇਂ, ਵੈਰੀ, ਰਟਾਇਰ, ਸੁਨਹਿਰੀ, ਸ਼ਾਇਰੀ ਆਦਿ ਪੰਜਾਬੀ ਭਾਸ਼ਾ ਦੇ ਕਿਤਾਬੀ ਸ਼ਬਦਾਂ ਨੂੰ ਮਾਲਵੇ ਦੇ ਲੋਕਾਂ ਦੇ ਉਚਾਰਣ ਅਨੁਸਾਰ ਪਰਕੱਮਿਆ, ਜਰਮ, ਭਰਮਾ, ਜਾਦ, ਬਣਬਾਸ, ਗਿਆਰ੍ਹਵੇਂ, ਬੈਰੀ, ਰਿਟੈਰ, ਸਨ੍ਹੈਰੀ, ਸ਼ੈਰੀ ਵਿੱਚ ਢਾਲਿਆ ਹੈ। ਆਪਣੀ ਕਵੀਸ਼ਰੀ-ਕਾਵਿ ਰਚਨਾ ਨੂੰ ਮਲਵਈ ਮੁਹਾਂਦਰੇ ਤੇ ਮੁਹਾਵਰੇ ਨਾਲ ਸ਼ਿੰਗਾਰਨਾ ਬਾਬੂ ਜੀ ਦੀ ਲੋਕ-ਬੋਲੀ ਉੱਤੇ ਪਕੜ ਦਾ ਕਮਾਲ ਹੈ।

ਬਾਬੂ ਰਜਬ ਅਲੀ ਖਾਨ ਵਲੋਂ ਰਚੀ ਗਈ ਕਵੀਸ਼ਰੀ ਵਿੱਚ ਵਰਤੇ ਗਏ ਮਲਵਈ ਉਪ-ਭਾਖਾ ਦੇ ਪ੍ਰਚੱਲਤ ਮੁਹਾਵਰੇ ਇਸ ਨੂੰ ਹੋਰ ਵੀ ਵੱਧ ਰਸ ਭਰਪੂਰ ਬਣਾਉਂਦੇ ਹਨ। ਆਮ ਬੋਲ ਚਾਲ ਵਿੱਚ ਵਰਤੇ ਜਾਂਦੇ ਮੁਹਾਵਰੇ ਧਲੀ ਕੱਢਣੀ, ਪੱਚਰੇ ਉਡਾਉਣੇ, ਤੂਸ ਉਡਾਉਣੇ, ਖਵ੍ਹੀਆਂ ਖਾਣੀਆਂ, ਤੜਿੰਗ ਹੋਣਾ, ਬੂੰਗ ਚੜ੍ਹਨੀ, ਪਟਮੇਲੀ ਲਿਆਉਣੀ, ਭਰਾੜ ਖੋਹਲਣੇ, ਗਰਨਾਟੇ ਪੈਣੇ ਅਤੇ ਸ਼ੁਧ ਮਲਵਈ ਉਚਾਰਣ ਵਾਲੇ ਭੇਚਲਨਾ, ਥਿਆਗੇ, ਦਿਉਤੇ, ਕਨਸੋਂ, ਬਾਜੇ-ਗਾਜੇ, ਚਿਲਕੇ, ਵਿਲਕੇ, ਬਾਹਲਾ, ਤੜ੍ਹੀਗੀ, ਝੰਗਿਆੜ, ਚਿੱਤਰੇ, ਘਲਿਆਰਤੇ, ਮਹੈਣ, ਲੀੜੇ, ਥਿਬਕਣਾ, ਸੂਹੇਂ, ਲਾਮ੍ਹੀਂ, ਗੱਫੜੀ, ਲਹਿਪੇ ਆਦਿ ਸ਼ਬਦ ਵਰਤ ਕੇ ਪੰਜਾਬੀ ਭਾਸ਼ਾ ਦੇ ਸੁੱਚੇ ਦੁੱਧ ਵਿੱਚ ਖੰਡ ਦੇ ਪਤਾਸੇ ਘੋਲੇ ਹਨ। ਇਸ ਗੁਣ ਨੇ ਉਹਨਾਂ ਦੀ ਰਚਨਾ ਨੂੰ ਲੋਕਾਂ ਦੇ ਗੋਡੇ ਮੁੱਢ ਬੈਠਣ ਜੋਗੀ ਬਣਾ ਦਿੱਤਾ ਹੈ। ਬਾਬੂ ਜੀ ਨੇ ਪੰਜਾਬੀ ਬੋਲੀ ਦੀ ਸਿਫ਼ਤ ਵਿੱਚ ਲਿਖੇ ਮੁਕੰਦ ਛੰਦ ਵਿੱਚ ਇਸ ਦੀ ਮਿਠਾਸ ਦਾ ਇਉਂ ਜ਼ਿਕਰ ਕੀਤਾ ਹੈ।

ਏਸ਼ੀਆ 'ਚ ਏਹੋ ਜ੍ਹੀ ਜ਼ਬਾਨ ਮਿੱਠੀ ਨਾ,
ਯੂਰਪ 'ਫਰੀਕਾ, ਅਮਰੀਕਾ ਡਿੱਠੀ ਨਾ।
ਦੁੱਧ ਵਿੱਚ ਖੰਡ ਦੇ ਪਤਾਸੇ ਘੋਲੀ ਦੇ,
ਮਿੱਠੇ ਬੋਲ ਬੋਲੀਦੇ ਪੰਜਾਬੀ ਬੋਲੀ ਦੇ।

ਬਾਬੂ ਰਜਬ ਅਲੀ ਦਾ ਵਾਹ ਅਨੇਕਾਂ ਪਿੰਡਾਂ ਦੇ ਸਿੱਧ ਪਧਰੇ ਲੋਕਾਂ ਨਾਲ ਪੈਂਦਾ ਰਿਹਾ। ਉਹਨਾਂ ਨੇ ਵੱਖ-ਵੱਖ ਪਿੰਡਾਂ ਦੇ ਲੋਕਾਂ ਦੇ ਗੁਣਾ, ਔਗੁਣਾ, ਸੁਭਾਅ, ਰੁਝਾਨਾਂ, ਖਬਤਾਂ, ਆਦਤਾਂ ਨੂੰ ਨੇੜਿਉਂ ਵੇਖਿਆ, ਸੁਣਿਆ ਤੇ ਮਹਿਸੂਸ ਕੀਤਾ। ਇਹ ਤਜਰਬਾ ਉਹਨਾਂ ਦੇ ਸਥਾਨ ਵਿਸ਼ੇਸ਼ਤਾ ਕਬਿੱਤ ਦਾ ਅਧਾਰ ਬਣਿਆ ਜਿਸ ਵਿੱਚ ਉਹਨਾਂ ਨੇ ਲੋਕਾਂ ਦੇ ਦਿਲ ਦੀ ਗੱਲ ਅਤੇ ਪ੍ਰਚਲਤ ਧਾਰਨਾਵਾਂ ਨੂੰ ਸ਼ਬਦਾਂ ਦੀ ਸੁੰਦਰ ਤਰਤੀਬ ਦਾ ਜਾਮਾ ਪਹਿਨਾਇਆ। ਲੋਕ-ਜੀਵਨ ਨਾਲ ਸਿੱਧਾ ਜੁੜਿਆ ਹੋਣ ਕਰਕੇ ਇਹ ਬਹੱਤਰ ਕਲਾ ਛੰਦ ਇੰਨਾਂ ਮਕਬੂਲ ਹੋਇਆ ਕਿ ਇਹ ਲੋਕ ਗੀਤਾਂ ਵਾਂਗ ਲੋਕਾਂ ਦੀ ਜ਼ਬਾਨ ਤੇ ਚੜ੍ਹਕੇ ਅੱਜ ਤੱਕ ਪੀੜ੍ਹੀ ਦਰ ਪੀੜ੍ਹੀ ਸਫ਼ਰ ਕਰਦਾ ਆ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਕਵੀਸ਼ਰੀ-ਕਾਵਿ ਰੂਪ ਵਿੱਚ ਪਿੰਡਾਂ ਬਾਰੇ ਕੀਤੀਆਂ ਗਈਆਂ ਟਿੱਪਣੀਆਂ ਅੱਜ ਵੀ ਸਹੀ ਮੰਨੀਆਂ ਜਾਂਦੀਆਂ ਹਨ ਤੇ ਲੋਕ-ਮਨ ਨੇ ਇਹਨਾਂ ਨੂੰ ਹਿੱਕ ਵਿੱਚ ਸਾਂਭਿਆ ਹੋਇਆ ਹੈ। ਪੌਣੀ ਸਦੀ ਬੀਤ ਜਾਣ ਦੇ ਬਾਵਜੂਦ ਗਰਮ ਜਲੇਬੀ ਵਾਂਗ ਤਾਜ਼ੀ ਜਾਪਦੀ ਬਾਬੂ ਜੀ ਦੀ ਇਸ ਰਚਨਾ ਦਾ ਨਮੂਨਾ:

ਨੀਤ ਨੰਗ ਬਾਂਡੀ, ਲੋਕ ਫੁੱਲੋ ਦੇ ਗਿਆਨ ਬਾਹਲੇ,
ਨੰਦਗੜ੍ਹ ਰੱਜਿਆ, ਗੁਰੂ ਕੇ ਮਾਰੇ ਕਾਲਾਂ ਦੇ।
ਧੁੰਨੀਕਿਆਂ ਦੇ ਲੋਕ ਬੇਸ਼ਕਲ ਕੁੱਲ ਦੁਨੀਆਂ 'ਚੋਂ,
'ਰਜਬ ਅਲੀ' ਚੰਗੇ ਖਾਣ ਪੀਣ ਨੂੰ ਮੁਹਾਲਾਂ ਦੇ।

ਪੰਜਾਬੀ ਲੋਕ-ਧਾਰਾ ਨਾਲ ਨੇੜਿਉਂ ਜੁੜੇ ਹੋਣ ਕਰਕੇ ਬਾਬੂ ਜੀ ਨੂੰ ਲੋਕਾਂ ਦੀਆਂ ਪਰੰਪਰਾਵਾਂ, ਦੁੱਖਾਂ, ਸੁੱਖਾਂ, ਮੁਸ਼ਕਲਾਂ ਦਾ ਭਰਪੂਰ ਗਿਆਨ ਸੀ। ਆਪਣੇ ਨੀਤੀ ਕਬਿੱਤ ਵਿੱਚ ਉਹ ਲੋਕਾਂ ਨੂੰ ਸੁਚੱਜੀ ਜ਼ਿੰਦਗੀ ਜਿਉਣ ਦੀਆਂ ਨਸੀਹਤਾਂ ਦਿੰਦੇ ਹਨ।

ਆਪਦੀ ਜ਼ਨਾਨੀ ਪਾਸ, ਹੱਸੀਏ ਨਾ ਹੋਰ ਨਾਲ,
ਖੇਲਣ ਨੂੰ ਬਾਲ ਕੋ ਫੜਾਈਏ, 'ਫੀਮ ਡੱਬੀ ਨਾ।
ਜਾਣਾ ਪ੍ਰਦੇਸ ਦਾਮ ਦੂਣੇ ਲੈ ਜ਼ਰੂਰਤਾਂ ਤੋਂ,
ਹਲ ਵਾਹੁੰਦੇ ਬਾਬੂ ਜੀ ਹੰਢਾਈਏ ਪੱਗ ਛੱਬੀ ਨਾ।
ਘਰ ਕਮਜ਼ੋਰ ਹੋਜੇ ਪੁੱਤਰ ਲੰਡੋਰ ਹੋ ਜੇ,
ਜੇ ਸਿਆਣੂ ਚੋਰ, ਤਾਂ ਪੁਲਸ ਰੋਜ ਧੱਸਦੀ।
ਮੌਤ ਜੇ ਵਿਆਹ 'ਚ ਹੋ ਜੇ, ਮੀਂਹ ਝੜੀ ਜੇ ਗਾਹ 'ਚ ਹੋ ਜੇ,
ਜੇ ਜੁਆਕ ਰਾਹ 'ਚ ਹੋ ਜੇ, ਦੁੱਖੀਂ ਜਾਨ ਫੱਸਦੀ।

ਬਾਬੂ ਜੀ ਨੇ ਆਪਣੀ ਰਚਨਾ ਦੇ ਸੁੱਚੇ ਦੁੱਧ ਵਿੱਚ ਕਿਤੇ ਵੀ ਪੱਖਪਾਤ ਦੀ ਕਾਂਜੀ ਨਹੀਂ ਘੋਲੀ। ਇਸ ਪੱਖ ਤੋਂ ਉਹਨਾਂ ਦੀ ਕਵੀਸ਼ਰੀ ਕਲਾ ਬੇਲਾਗ ਤੇ ਬੇਦਾਗ਼ ਹੈ। ਸਿੱਖ ਇਤਿਹਾਸ ਦੇ ਰਕਤ ਰੰਜਤ ਸਾਕਿਆਂ ਵਿੱਚ ਜਿਥੇ ਉਹਨਾਂ ਨੇ ਸਿੱਖ ਨਾਇਕਾਂ ਦੀ ਰੱਜਵੀਂ ਤਾਰੀਫ ਕੀਤੀ ਹੈ, ਉਥੇ ਆਪਣੇ ਹੀ ਮਜ਼ਹਬ ਨਾਲ ਸੰਬੰਧਤ ਸਮੇਂ ਦੇ ਹੁਕਮਰਾਨਾ ਦੀ ਬੇਬਾਕੀ ਨਾਲ ਬਦਖੋਈ ਕੀਤੀ ਹੈ। ਜੇ ਸੂਬਾ ਸਰਹਿੰਦ ਵਜੀਦ ਖਾਨ ਤੇ ਉਸਦੀ ਢਾਣੀ ਪ੍ਰਤੀ ਜਲਾਦ, ਪਾਪੀ, ਬੀਂਬੜ, ਢਿੱਡਲ, ਕੌੜ ਢਾਂਡੀ ਵਰਗੇ ਸ਼ਬਦ ਵਰਤ ਕੇ ਨਫ਼ਰਤ ਦਾ ਪ੍ਰਗਟਾਵਾ ਕੀਤਾ ਹੈ ਤਾਂ ਹਰਮੰਦਰ ਸਾਹਿਬ ਨੂੰ ਢਹਿ ਢੇਰੀ ਕਰਕੇ ਕਬਜ਼ਾ ਕਰਨ ਵਾਲੇ ਹਾਕਮਾਂ ਨੂੰ 'ਖੀਰ' 'ਚ

ਡਿੱਗੀ ਮੱਖੀ' ਨਾਲ ਤਸ਼ਬੀਹ ਦਿੱਤੀ ਹੈ। ਇਸ ਤਰ੍ਹਾਂ ਬਾਬੂ ਜੀ ਨੇ ਸੱਚੇ ਸੁੱਚੇ ਤੇ ਈਮਾਨਦਾਰ ਲੇਖਕ ਹੋਣ ਦਾ ਵੱਡਾ ਫਰਜ਼ ਨਿਭਾਇਆ ਹੈ।

ਉਪਰੋਕਤ ਸਰਬ ਗੁਣਾ ਦੇ ਧਾਰਨੀ ਹੋਣ ਕਰਕੇ ਹੀ ਬਾਬੂ ਜੀ ਅਸਲੀ ਅਰਥਾਂ ਵਿੱਚ ਲੋਕ-ਸ਼ਾਇਰ ਦੇ ਰੁਤਬੇ ਦੇ ਹੱਕਦਾਰ ਹਨ। ਉਹਨਾਂ ਦੀਆਂ ਰਚੀਆਂ ਤੁਕਾਂ ਲੋਕਾਂ ਦੀ ਜ਼ਬਾਨ ਤੇ ਮੁਹਾਵਰਿਆਂ ਤੇ ਅਖਾਉਤਾਂ ਵਾਂਗ ਚੜ੍ਹੀਆਂ ਹੋਈਆਂ ਹਨ। ਜਾਪਾਨੀ ਕਹਾਵਤ ਹੈ ਕਿ "ਮੌਤ ਤੋਂ ਬਾਦ ਸ਼ੇਰ ਆਪਣੀ ਖੱਲ ਛੱਡ ਜਾਂਦਾ ਹੈ ਤੇ ਇਨਸਾਨ ਆਪਣਾ ਨਾਂ।" ਇਹ ਕਹਾਵਤ ਬਾਬੂ ਜੀ ਉਪਰ ਸਟੀਕ ਬੈਠਦੀ ਹੈ। ਉਹ ਭਾਵੇਂ ਸਰੀਰਕ ਤੌਰ ਤੇ ਆਪਣੇ ਲੋਕਾਂ ਵਿੱਚ ਨਹੀਂ, ਪ੍ਰੰਤੂ ਆਪਣੇ ਕਵੀਸ਼ਰੀ-ਕਾਵਿ ਦੇ ਰੂਪ ਵਿੱਚ ਅੱਜ ਵੀ ਲੋਕਾਂ ਦੇ ਅੰਗ ਸੰਗ ਹਨ। ਉਹਨਾਂ ਦਾ ਨਾਂ ਅਤੇ ਕਵੀਸ਼ਰੀ ਇੱਕ ਦੂਜੇ ਦੇ ਸਮਾਨ ਅਰਥੀ ਹੋ ਚੁੱਕੇ ਹਨ। ਕਿਸੇ ਨੂੰ ਅਸੀਸ ਦੇਣ ਵਾਸਤੇ ਕਿਹਾ ਜਾਂਦਾ ਹੈ ਕਿ ਤੇਰੀ ਉਮਰ ਲੋਕ-ਗੀਤ ਜਿੰਨੀ ਲੰਮੀ ਹੋਵੇ। ਬਾਬੂ ਜੀ ਦਾ ਕਵੀਸ਼ਰੀ-ਕਾਵਿ ਲੋਕਾਂ ਦੀ ਕਵਿਤਾ ਹੈ ਜੋ ਲੋਕਾਂ ਦੇ ਸੰਬੰਧ ਵਿੱਚ ਲੋਕਾਂ ਬਾਰੇ ਲਿਖੀ ਗਈ ਹੈ। ਇਹ ਪੰਜਾਬੀਆਂ ਦਾ ਅਮੁੱਕ ਲੋਕ ਗੀਤ ਹੈ ਤੇ ਜਿਸਦੀ ਉਮਰ ਵੀ ਅਮੁੱਕ ਹੈ ਅਤੇ ਇਸਦੇ ਨਾਲ ਹੀ ਇਸਦੇ ਰਚੇਤਾ ਬਾਬੂ ਰਜਲ ਅਲੀ ਖਾਨ ਵੀ ਅਮਰ ਹੋ ਗਏ ਹਨ।

ਬਾਬੂ ਜੀ ਦੀ ਸਮੁੱਚੀ ਰਚਨਾ ਨੂੰ ਲੋਕਾਂ ਸਾਹਮਣੇ ਲਿਆਉਣ ਦਾ ਜੋ ਤਰੱਦਦ ਉਹਨਾਂ ਦੇ ਉਪਾਸ਼ਕ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਨੇ ਕੀਤਾ ਹੈ ਉਹ ਭਰਪੂਰ ਪ੍ਰਸੰਸਾ ਦਾ ਹੱਕਦਾਰ ਹੈ। ਪੰਜਾਬੀ ਸਾਹਿਤ ਦਾ ਅਹਿਮ ਅੰਗ ਬਣੀ ਬਾਬੂ ਜੀ ਦੀ ਇਸ ਕਵੀਸ਼ਰੀ ਕਲਾ ਨੂੰ ਲੋਕਾਂ ਦੇ ਰੂਬਰੂ ਕਰਵਾਉਣ ਦੇ ਬਦਲੇ ਪੰਜਾਬੀ ਸਾਹਿਤ ਪ੍ਰੇਮੀ ਸਦਾ 'ਸੁਤੰਤਰ' ਜੀ ਦੇ ਰਿਣੀ ਰਹਿਣਗੇ।

ਰਣਧੀਰ ਸਿੰਘ ਗਿੱਲਪੱਤੀ
ਸਟਾਫ਼ ਰਿਪੋਰਟਰ, ਦੈਨਿਕ ਜਾਗਰਣ
ਗਲੀ ਨੰਬਰ-3, ਜੁਝਾਰ ਸਿੰਘ ਨਗਰ
ਬਠਿੰਡਾ
ਮੋਬਾਇਲ: 98556-56156

ਕਵਿਤਾ ਦੀ ਕਸਵੱਟੀ: ਬਾਬਾ ਠਾਣਾ ਸਿੰਘ



ਲਾਲ, ਮਣੀ ਅਤੇ ਪਾਰਸ ਭਾਵੇਂ ਇਹ ਤਿੰਨੇ ਚੀਜ਼ਾਂ, ਅੱਜ ਕਿਸੇ ਵੀ ਵੱਡੇ ਤੋਂ ਵੱਡੇ ਸੁਪਰ-ਪਾਵਰ ਦੇਸ਼ ਦੇ ਮਿਉਜ਼ੀਅਮ ਵਿੱਚ ਮੌਜੂਦ ਨਹੀਂ ਹਨ, ਅਤੇ ਨਾ ਹੀ ਕੋਈ ਵੱਡੇ ਤੋਂ ਵੱਡਾ ਅਧਿਆਤਮਵਾਦੀ ਇਨ੍ਹਾਂ ਤਿੰਨੇ ਚੀਜ਼ਾਂ ਨੂੰ ਪੈਦਾ ਕਰਕੇ ਵਿਖਾਉਣ ਦਾ ਦਾਅਵਾ ਕਰ ਸਕਦਾ ਹੈ, ਪਰ ਫਿਰ ਵੀ ਸ਼ਾਸਤਰ ਦੇ ਕਥਨ ਮੁਤਾਬਿਕ ਸੰਸਾਰ ਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ ਹੈ ਕਿ ਪਾਰਸ ਵਿੱਚ ਇੱਕ ਬਹੁਤ ਵੱਡਾ ਗੁਣ ਹੈ। ਕਿ ਉਹ ਜਿਸ ਲੋਹੇ ਨਾਲ ਛੋਹ ਜਾਵੇ, ਉਸ ਨੂੰ ਸੋਨਾ ਬਣਾ ਦਿੰਦਾ ਹੈ ? ਪਰ ਕੁਦਰਤ ਰੱਬ ਦੀ। ਪਾਰਸ ਦੀ ਆਪਣੀ ਕੋਈ ਵੀ ਪਛਾਣ ਨਹੀਂ, ਨਾ ਤਾਂ ਉਹ ਬੋਲ ਕੇ ਦੱਸ ਸਕਦਾ ਹੈ ਕਿ ਮੈਂ ਪਾਰਸ ਹਾਂ, ਅਤੇ ਨਾ ਹੀ ਉਸ ਦੀ ਕੋਈ ਚਮਕ-ਦਮਕ ਵੱਖਰੀ ਹੈ ਜਿਸ ਤੋਂ ਪਛਾਣਿਆ ਜਾ ਸਕੇ ਕਿ ਇਹ ਪਾਰਸ ਹੈ। ਗੱਲ ਕੀ ਐਡੇ ਵੱਡੇ ਅਨਮੋਲ ਰਤਨ 'ਪਾਰਸ' ਨੂੰ ਵੀ ਸੰਸਾਰ ਵਿੱਚ ਆਪਣੀ ਪਛਾਣ ਪੈਦਾ ਕਰਨ ਲਈ ਲੋਹੇ ਦੀ ਛੋਹ ਪ੍ਰਾਪਤ ਕਰਨੀ ਪੈਂਦੀ ਹੈ। ਤਾਂ ਕਿਤੇ ਜਾਕੇ ਪਤਾ ਲਗਦਾ ਹੈ ਕਿ ਇਹ ਪਾਰਸ ਹੈ।

ਠੀਕ ਇਸੇ ਤਰ੍ਹਾਂ ਸ਼ੁੱਧ ਫੌਲਾਦ, ਪਿਉਰ ਲੋਹੇ ਬਾਬਾ ਠਾਣਾ ਸਿੰਘ ਜੀ ਦੇ ਨਾਲ ਛੋਹਣ ਤੋਂ ਬਾਅਦ ਹੀ ਬਣਿਆ ਸੀ ਬਾਬੂ ਰੱਜਬ ਅਲੀ 'ਕਾਵਿ ਪਾਰਸ' ਤੇ ਬਾਬਾ ਠਾਣਾ ਸਿੰਘ ਵਾਹਰਾਂ ਵੰਨੀਆਂ ਦਾ ਸ਼ੁੱਧ ਸੋਨਾ। ਕੁਦਰਤ ਦਾ ਅੱਟਲ ਅਸੂਲ ਹੈ ਕਿ ਸ਼ਕਤੀ ਜਦ ਵੀ ਫਟਦੀ ਹੈ ਤਾਂ ਤਿੰਨ ਭਾਂਗਾਂ ਵਿੱਚ ਵੰਡੀ ਜਾਂਦੀ ਹੈ। ਸ਼ਾਇਦ ਏਸੇ ਲਈ ਬਾਬਾ ਠਾਣਾ ਸਿੰਘ, ਭਾਈ ਸਰਬਣ ਸਿੰਘ ਅਤੇ ਬਾਬੂ ਰਜਬ ਅਲੀ ਇਹ ਤਿੰਨੇ ਨਾਮ ਕਵੀਸ਼ਰੀ ਦੇ ਪ੍ਰਾਇਵਾਚੀ ਹਨ।

ਤਿੰਨੇ ਹੀ ਇੱਕ-ਦੂਜੇ ਦੇ ਪੂਰਕ ਸਨ। ਤੇ ਇਉਂ ਹੋਇਆ ਸੀ ਸਾਹੋ ਦੀ ਧਰਤੀ ਤੋਂ ਕਵੀਸ਼ਰੀ ਦਾ ਨਵਾਂ ਦੌਰ ਸ਼ੁਰੂ।

ਆਪਾਂ ਮੁੱਦੇ ਤੇ ਆਈਏ ਤੇ ਗੱਲ ਕਰੀਏ 'ਕਵਿਤਾ ਦੀ ਕਸਵੱਟੀ' ਬਾਬਾ ਠਾਣਾ ਸਿੰਘ ਜੀ ਦੀ ਜਿਨ੍ਹਾਂ ਦਾ ਜਨਮ ਸਾਹੋ ਪਿੰਡ ਦੇ ਸਰਦਾਰ ਚੇਤ ਸਿੰਘ ਦੇ ਵਿਹੜੇ ਵਿੱਚ 3 ਜਨਵਰੀ 1911 ਈਸਵੀ ਨੂੰ ਮਾਤਾ ਭੋਲੀ ਕੌਰ ਦੀ ਕੁੱਖੋਂ ਹੋਇਆ। ਬਾਬਾ ਜੀ ਦਾ ਬਚਪਨ

ਬੜਾ ਹੀ ਸ਼ਾਨਦਾਰ ਬੀਤਿਆ, ਅਤੇ ਸੁਰਤ ਸੰਭਾਲਦਿਆਂ ਸਾਰ ਹੀ ਸਰਕਾਰੀ ਹਾਈ ਸਕੂਲ ਫ਼ਰੀਦਕੋਟ ਵਿੱਚ ਪੜ੍ਹਾਈ ਸ਼ੁਰੂ ਕਰ ਦਿੱਤੀ। ਇਥੋਂ ਪੰਜਵੀਂ ਪਾਸ ਕਰਕੇ, ਦਿਆ ਨੰਦ, ਮਥਰਾ ਦਾਸ (D.M) ਕਾਲਜ ਮੋਗਾ ਵਿੱਚ ਦੱਸਵੀਂ ਪਾਸ ਕਰਕੇ ਦੋ ਸਾਲ ਦਾ ਜੂਨੀਅਰ, ਬੇਸਕ, ਟਰੇਨਿੰਗ (JBT) ਦਾ ਕੋਰਸ ਕਰਕੇ ਬਾਘਾ ਪਰਾਣਾ ਸਰਕਾਰੀ ਹਾਈ ਸਕੂਲ ਵਿਖੇ ਮਾਸਟਰ ਲੱਗ ਗਏ। ਇਸ ਤੋਂ ਇਲਾਵਾ ਬਾਬੂ ਜੀ ਨਾਲ ਅੰਤਾਂ ਦਾ ਮੋਹ ਹੋਣ ਕਰਕੇ ਕਵੀਸ਼ਰੀ ਦਾ ਸ਼ੌਕ ਵੈਲ ਦੀ ਹੱਦ ਤੱਕ ਪਹੁੰਚ ਗਿਆ। ਸੰਨ 1931 ਵਿੱਚ ਆਪ ਜੀ ਦੀ ਸ਼ਾਦੀ ਮਾਤਾ ਗੁਰਨਾਮ ਕੌਰ ਨਾਲ ਹੋਈ, ਘਰ ਵਿੱਚ ਤਿੰਨ ਪੁੱਤਰ ਮੁਖਤਿਆਰ ਸਿੰਘ, ਮੱਖਣ ਸਿੰਘ ਅਤੇ ਗੁਰਮੇਲ ਸਿੰਘ ਤੋਂ ਇਲਾਵਾ ਸੁਰਜੀਤ ਕੌਰ ਤੇ ਮਨਜੀਤ ਕੌਰ ਦੋ ਧੀਆਂ ਨੇ ਜਨਮ ਲਿਆ। ਬੱਚੇ ਹੋਣ ਕਰਕੇ ਭਾਵੇਂ ਕਬੀਲਦਾਰੀ ਤੇ ਜ਼ਿੰਮੇਵਾਰੀ ਬਹੁਤ ਹੀ ਵੱਧ ਗਈ ਸੀ, ਪਰ ਬਾਬਾ ਠਾਣਾ ਸਿੰਘ ਜੀ ਦਾ ਬਾਬੂ ਜੀ ਅਤੇ ਕਵੀਸ਼ਰੀ ਪ੍ਰਤੀ ਸਿਦਕ ਦਿਲੀ ਵਿੱਚ ਕੋਈ ਫਰਕ ਨਹੀਂ ਆਇਆ। ਇਸ ਦੇ ਨਾਲ ਉਨ੍ਹਾਂ ਘਰ ਦੀਆਂ ਜ਼ਿੰਮੇਵਾਰੀਆਂ ਬੱਚਿਆਂ ਦੀ ਪੜ੍ਹਾਈ-ਲਿਖਾਈ ਅਤੇ ਪਾਲਣ-ਪੋਸ਼ਣ ਦਾ ਵੀ ਪੂਰਾ-ਪੂਰਾ ਖਿਆਲ ਰੱਖਿਆ ਅਤੇ ਨਾਲ-ਨਾਲ ਕਵੀਸ਼ਰੀ ਦੇ ਵਿਕਾਸ ਲਈ ਜੀ-ਜਾਨ ਲਾਕੇ ਆਪਣੇ ਜਤਨਾ ਨੂੰ ਜਾਰੀ ਰੱਖਿਆ। ਭਾਈ ਸਰਬਣ ਸਿੰਘ ਨੂੰ ਲੈ ਕੇ 'ਕੈਰਿਆਂ ਦੀ ਕੋਠੀ' ਬਾਬੂ ਜੀ ਕੋਲ ਚਲੇ ਜਾਣਾ, ਉਥੋਂ ਬਾਬੂ ਜੀ ਨੂੰ ਨਾਲ ਲੈ ਕੇ ਮੇਲਿਆਂ ਤੇ ਅਖਾੜੇ ਲੌਣ ਜਾ ਵੜਨਾ, ਅਗੋਂ ਸਰੋਤਿਆਂ ਨੇ ਕਈ-ਕਈ ਦਿਨ ਮੁੜਨ ਨਾ ਦੇਣਾ ਤੇ ਇਉਂ ਸਕੂਲ ਵਿੱਚੋਂ ਹਾਜ਼ਰੀਆਂ ਘਟਣ ਲੱਗ ਪਈਆਂ ਅਤੇ ਗੈਰ ਹਾਜ਼ਰੀਆਂ ਵਧਣੀਆਂ ਸ਼ੁਰੂ ਹੋ ਗਈਆਂ। ਮਹਿਕਮੇ ਨੇ ਬਾਬਾ ਜੀ ਨੂੰ ਨੋਟਿਸ ਕੱਢਿਆ ਕਿ ਦੋਹਾਂ ਵਿੱਚੋਂ ਇੱਕ ਕੰਮ ਛੱਡੋ ? ਕਵੀਸ਼ਰੀ ਜਾਂ ਡਿਊਟੀ ! ਅਤੇ ਇਸਤਰ੍ਹਾਂ ਦਸ ਸਾਲਾਂ ਦੀ ਸਰਵਸ ਕਰਕੇ 1940 ਵਿੱਚ ਅਸਤੀਫ਼ਾ ਦੇ ਦਿੱਤਾ, ਅਤੇ ਉਸਤਾਦ ਦੀ ਹਜ਼ੂਰੀ ਵਿੱਚ ਕਵੀਸ਼ਰੀ ਨੂੰ ਹੀ ਆਪਣੀ ਜ਼ਿੰਦਗੀ ਦਾ ਮਨੋਰਥ ਮੰਨ ਲਿਆ। ਬਹੁਤਾ ਸਮਾਂ ਆਪ ਬਾਬੂ ਜੀ ਕੋਲ ਹੀ ਰਹਿੰਦੇ। ਬਾਬੂ ਜੀ ਨੇ ਕਈ ਛੰਦ ਪਿੰਗਲ ਤੋਂ ਬਾਹਰ ਵੀ ਈਜਾਦ ਕੀਤੇ ਜਿਵੇਂ ਕਿ 'ਬੱਹਤਰ ਕਲਾ ਛੰਦ, ਤਰਜ ਦੋਤਾਰਾ, ਡੂਢੀ ਅਤੇ ਆਪਣੇ ਨਾਮ ਉੱਤੇ 'ਬਾਬੂ ਚਾਲ ਛੰਦ,' ਬਿਲਕੁਲ ਨਵੇ ਛੰਦ ਰਚੇ। ਇੰਨਾ ਛੰਦਾਂ ਨੂੰ ਪਹਿਲਾਂ ਬਾਬੂ ਜੀ ਨੇ ਬਾਬਾ ਠਾਣਾ ਸਿੰਘ ਦੇ 'ਸਾਹ' ਅਤੇ ਦਮ-ਖਮ ਦੇ ਨਾਲ ਨਾਪ-ਮਾਪ ਤੇ ਤੋਲ-ਤਰਾਸ਼ ਕੇ ਹੀ ਪ੍ਰਚੱਲਤ ਕੀਤੇ ਸਨ ਅਤੇ ਚੰਗੀ ਤਰ੍ਹਾਂ ਜ਼ਬਾਨ ਤੇ ਚੜ੍ਹ ਜਾਣ ਤੋਂ ਬਾਅਦ ਹੀ ਇਨਾਂ ਛੰਦਾਂ ਨੂੰ ਸਟੇਜਾਂ ਦਾ ਸ਼ਿੰਗਾਰ ਬਣਾਇਆ ਜਾਂਦਾ ਸੀ। ਉਨ੍ਹਾਂ ਜ਼ਿੰਦਗੀ ਦਾ ਬਹੁਤ ਕੀਮਤੀ ਸਮਾਂ ਕਵੀਸ਼ਰੀ ਨੂੰ ਹੀ ਅਰਪਨ-ਸਮਰਪਿਤ ਕੀਤਾ।

ਜਿਸ ਵੇਲੇ ਵੀਹਵੀਂ ਸਦੀ ਆਪਣਾ ਸਫਰ ਸਮੇਟਦੀ ਹੋਈ, ਅੱਧ ਵਿਚਕਾਰ ਪਹੁੰਚਣ ਹੀ ਵਾਲੀ ਸੀ ਅਤੇ ਹਿੰਦੋਸਤਾਨ ਦੀ ਜਨਤਾ 'ਦੇਸ਼ ਦੇ ਅਜ਼ਾਦ' ਹੋਣ ਦੀ ਖੁਸ਼ੀ ਦੇ ਜਸ਼ਨ ਮਨੌਣ ਲਈ ਤਿਆਰ ਬੈਠੀ ਸੀ, ਐਨ ਉਸ ਵੇਲੇ ਅਗਵਾਈ ਕਰ ਰਹੇ ਲੀਡਰਾਂ ਦੀ ਸੌੜੀ, ਸੁਆਰਥੀ ਤੇ ਸਿਆਸਤੀ ਸੋਚ ਸਦਕਾ 1947 ਨੂੰ ਦੇਸ਼ ਹਿੰਦੂ ਤੇ ਮੁਸਲਿਮ ਮਜ਼ਹਬਾਂ ਦੀ ਅੱਗ ਵਿੱਚ ਮੱਚਣਾ ਸ਼ੁਰੂ ਹੋ ਗਿਆ। ਲੱਖਾਂ ਜ਼ਿੰਦਗੀਆਂ ਲਾਸ਼ਾਂ ਦਾ ਢੇਰ ਬਣ ਗਈਆਂ। ਕਈ ਦਿਨ ਕਤਲੋ-ਗਾਰਤ ਤੇ ਮੌਤ ਦਾ ਨੰਗਾ ਨਾਚ ਹੁੰਦਾ ਰਿਹਾ ਅਤੇ ਅਜ਼ਾਦੀ ਬਰਾਬਾਦੀ ਵਿੱਚ ਬਦਲ ਗਈ। ਅਜ਼ਾਦ ਹੋਣ ਤੋਂ ਪਹਿਲਾਂ ਹੀ ਦੇਸ਼ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਪ੍ਰੋਫੈਸਰ

ਚਾਅ ਨਾਲ ਮਨਾਇਆ। ਬਾਬਾ ਜੀ ਨੇ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ। ਚਾਰ ਪੀਹੜੀਆਂ (ਪੁਸ਼ਤਾਂ) ਇੱਕ ਮੰਜੇ ਉਤੇ ਕੱਠੀਆਂ ਕਰਕੇ ਇੱਕ ਯਾਦਗਾਰੀ ਤਸਵੀਰ ਖਿਚਾਈ, ਗੱਲ ਕੀ ਬਾਬਾ ਠਾਣਾ ਸਿੰਘ ਆਪਣੇ ਖੁਸ਼ਹਾਲ ਤੇ ਵਿਸ਼ਾਲ ਪ੍ਰਵਾਰ ਵਿੱਚ ਬੈਠੇ ਨਹੀਂ ਸੀ ਦਿਸਦੇ। ਕਨੇਡਾ ਦੀਆਂ ਵੇਖਣ ਜੋਗ ਥਾਵਾਂ ਵੇਖੀਆਂ, ਜਾਣੀ ਰੂਹ ਰੱਜ ਗਈ ਤੇ ਇਉਂ ਪੜਪੋਤਿਆਂ ਨੂੰ ਲੋਰੀਆਂ ਦਿੰਦਿਆਂ ਆਪਣੇ ਬਾਗ ਤੇ ਫਾਰਮ ਹਾਊਸਾਂ ਦੀ ਸੈਰ ਕਰਦਿਆਂ ਪਤਾ ਹੀ ਨਹੀਂ ਲੱਗਿਆ ਕਿ ਸਾਲ ਕਦੋਂ ਪੂਰਾ ਹੋ ਗਿਆ।

27 ਜੂਨ 1991 ਨੂੰ ਪੰਜਾਬ ਤੋਂ ਆਇਆਂ ਨੂੰ ਪੂਰਾ ਇੱਕ ਸਾਲ ਹੋ ਗਿਆ ਸੀ। ਦੁਪਿਹਰੋਂ ਬਾਅਦ ਲੀਵਰ ਵਿੱਚ ਥੋੜੀ ਜੀ ਤਕਲੀਫ਼ ਹੋਈ। ਕੈਲਗਿਰੀ ਹਸਪਤਾਲ ਵਿੱਚ ਦਾਖਲ ਕਰਾ ਦਿੱਤੇ, ਟੈਸਟ ਰਿਪੋਟਾਂ ਤਾਂ ਰੋਜ਼ ਹੀ ਹੁੰਦੀਆਂ ਸਨ। ਹਫਤੇ ਕੁ ਬਾਅਦ ਲੀਵਰ ਘਟਣਾ ਸ਼ੁਰੂ ਹੋ ਗਿਆ ਪਰ ਸੇਹਤ ਸਾਫ-ਸੁਥਰੀ ਸੁਰਤ ਤੇ ਸੰਭਾਲ ਵੀ ਪੂਰੀ ਸੀ। 23 ਜੁਲਾਈ ਨੂੰ ਉਨ੍ਹਾਂ ਨੇ ਹਸਪਤਾਲ ਵਿੱਚ ਹੀ ਬੈਡ ਤੇ ਬੈਠਿਆਂ ਨੇ ਪੂਰੀ ਦੀ ਪੂਰੀ ਕਵਿਤਾ 'ਆਵੇ ਵਤਨ ਪਿਆਰਾ ਚੇਤੇ ਜਦ ਖਿਚ ਪੌਣ ਮੁਹੱਬਤਾਂ ਜੀ' ਗਾਈ। ਗੁਰਮੇਲ ਜੀ ਨੇ ਦੱਸਿਆ ਕਿ 25 ਜੁਲਾਈ ਨੂੰ ਉਹ ਅੱਖਾਂ ਮੀਚ ਕੇ ਚੁੱਪ-ਚਾਪ ਬੈਠੇ ਸਨ। ਮੈਂ ਕਿਹਾ ਬਾਪੂ ਜੀ ਤੁਹਾਡਾ ਕੁਝ ਦੁਖਦਾ ਤਾਂ ਨਹੀਂ ? ਤੁਸੀਂ ਅੱਜ ਉਦਾਸ ਜੇ ਬੈਠੇ ਓ ਤਾਂ ਕਹਿਣ ਲੱਗੇ-ਨਾ ਪੁੱਤ ਮੇਰਾ ਦੁਖਦਾ-ਦੱਖਦਾ ਤਾਂ ਕੁਝ ਨੀ। ਮੈਂ ਤਾਂ ਮਾਲਕ ਦੇ ਚਰਨਾਂ ਵਿੱਚ ਅਰਦਾਸ ਕਰਦਾ ਹਾਂ ਕਿ ਹੇ ਵਾਹਿਗੁਰੂ ! ਹੋਰ ਤੂੰ ਮੈਨੂੰ ਬਿਨਾ ਮੰਗਿਆਂ ਹੀ ਬਹੁਤ ਕੁਝ ਦਿੱਤਾ ਹੈ। ਪਦ-ਪਦਾਰਥਾਂ ਦੀ ਕੋਈ ਘਾਟ ਨਹੀਂ, ਪਰ ਇੱਕ ਗੱਲ ਦਾ ਮੈਨੂੰ ਬੜੇ ਚਿਰ ਦਾ ਬਗੋਚਾ ਐ ਅਤੇ ਮੇਰੀ ਬੇਨਤੀ ਹੈ ਕਿ ਐਸ ਟਾਇਮ 'ਬਾਬੂ ਜੀ' ਜਿਹੜੇ ਵੀ ਰੂਪ ਵਿੱਚ, ਜਿੱਥੇ ਵੀ ਹਨ ਅਤੇ ਮਾਲਕ ਮੈਨੂੰ ਵੀ ਉਸੇ ਰੂਪ ਵਿੱਚ, ਉਥੇ ਹੀ ਜਨਮ ਦੇਵੀਂ। ਅਗਲੇ ਦਿਨ 26 ਜਲਾਈ 1991 ਨੂੰ ਦੁਪਹਿਰੇ 1 ਵੱਜ ਕੇ 53 ਮਿੰਟ ਤੇ ਬਾਬਾ ਠਾਣਾ ਸਿੰਘ ਜੀ ਨੇ ਆਪਣੀ ਜ਼ਿੰਦਗੀ ਦਾ ਬਚਿਆ ਆਖਰੀ ਸੁਆਸ ਲਿਆ ਅਤੇ ਜਿਸਮ 'ਚੋਂ ਆਤਮਾਂ ਅਜ਼ਾਦ ਹੋਕੇ ਆਪਣੇ ਮਹਿਬੂਬ ਸ਼ਾਇਰ 'ਬਾਬੂ ਜੀ' ਨੂੰ ਨਵੇਂ ਰੂਪ ਵਿੱਚ ਲੱਭਣ ਲਈ ਲੰਮੀ ਉਡਾਰੀ ਮਾਰ ਗਈ।

ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ

ਪੂਰਨ ਸਿੰਘ ਦੀਆਂ ਲਿਖੀਆਂ ਸਤਰਾਂ ਸਤਾਰਾਂ ਆਨੇ ਸਹੀ ਸਾਬਤ ਹੋਈਆਂ ਕਿ, 'ਵੇਹੜੇ ਦੀ ਉਹ ਗੱਲ ਨਹੀਂ ਰਹਿੰਦੀ, ਜੇ ਕੰਧ ਵਿਚਾਲੇ ਹੋ ਜਾਵੇ', ਜਿਸ ਕਰਕੇ ਸੱਤਰਾਂ ਕਿੱਲਿਆਂ ਦਾ ਮਾਲਕ, ਸਾਹੋ ਦਾ ਸ਼ਹਿਨਸ਼ਾਹ, ਆਪਣੇ ਸਮੇਂ ਦਾ ਗਜ਼ਟਡ ਅਫਸਰ ਅਤੇ ਬਾਬਾ ਠਾਣਾ ਸਿੰਘ ਦਾ ਉਸਤਾਦ, ਫਰਿਸ਼ਤਾ ਸ਼ਾਇਰ ਬਾਬੂ ਰਜਬ ਅਲੀ ਵਕਤ ਦੇ ਵਰੋਲਿਆਂ ਵਿੱਚ ਘਿਰਿਆ ਧਾਹਾਂ ਮਾਰਦਾ ਅੱਧ-ਪਚੱਧੇ ਟੱਬਰ ਨੂੰ ਲੈਕੇ ਲਾਸ਼ਾਂ ਵਿੱਚੋਂ ਦੀ ਲੰਘਦਾ ਹੋਇਆ ਨਵੇਂ ਬਣੇ ਦੇਸ਼ ਪਾਕਿਸਤਾਨ ਵੱਲ ਨੂੰ ਤੁਰ ਗਿਆ ਤੇ ਪਿੱਛੇ ਵਿਛੋੜੇ ਵਿੱਚ ਵਿਲਕਣ ਲਈ ਰਹਿਗਏ ਬਾਬਾ ਠਾਣਾ ਸਿੰਘ ਵਰਗੇ ਸੈਂਕੜੇ ਸ਼ਗਿਰਦ ਤੇ ਉਨ੍ਹਾਂ ਦੀ ਕਵਿਤਾ ਦੇ ਬਲਹਿਾਰ ਉਪਾਸ਼ਿਕ।

ਆਖਿਰ 1965 ਵਿੱਚ ਬਾਬੂ ਜੀ ਅਤੇ ਇੱਧਰ ਉਨ੍ਹਾਂ ਦੇ ਸੈਂਕੜੇ ਚੇਲਿਆਂ ਦੀਆਂ ਕੀਤੀਆਂ ਅਰਦਾਸਾਂ ਤੇ ਸੁੱਖੀਆਂ ਸੁੱਖਾਂ ਵਰ ਆਈਆਂ। ਬਾਬੂ ਜੀ ਨੂੰ ਭਾਰਤ ਆਉਣ ਦਾ ਇੱਕ ਮਹੀਨੇ ਦਾ ਵੀਜ਼ਾ ਮਿਲ ਗਿਆ। ਅਠਾਰਾਂ ਸਾਲਾਂ ਬਾਦ ਜਦ ਬਾਬੂ ਜੀ ਆਪਣੇ ਨਗਰ ਸਾਹੋ ਆਏ ਤਾਂ ? ਬਾਬਾ ਠਾਣਾ ਸਿੰਘ ਦੀ ਅਗਵਾਈ ਵਿੱਚ ਇਲਾਕੇ ਦਿਆਂ ਲੋਕਾਂ ਨੇ ਆਪਣੇ ਮਹਿਬੂਬ ਸ਼ਾਇਰ ਦੇ ਚਰਨਾਂ ਵਿੱਚ ਆਪਣੇ ਦੀਦੇ ਵਿਛਾ ਦਿੱਤੇ, ਸੁਆਗਤ ਵਿੱਚ ਚਾਰ ਦਿਨਾਂ ਦਾ ਕਵੀਸ਼ਰੀ ਦਰਬਾਰ ਰੱਖਿਆ ਅਤੇ ਲਗ-ਭਗ ਚਾਲੀ ਜੱਥੇ ਚਾਰੇ ਦਿਨ ਬਾਬੂ ਜੀ ਦੀ ਕਵਿਤਾ ਤੇ ਕੀਰਤੀ ਗਾਉਂਦੇ ਰਹੇ।

ਦਰਿਆ ਏ-ਦਿਲ ਮਿਲਣਸਾਰ ਤੇ ਮੌਲਾ ਤਬੀਅਤ ਦੇ ਮਾਲਕ ਬਾਬਾ ਠਾਣਾ ਸਿੰਘ ਜੀ ਦੇ ਪ੍ਰਵਾਰ ਤੇ ਵਾਹਿਗੁਰੂ ਦੀਆਂ ਬੜੀਆਂ ਹੀ ਬਖਸ਼ਸ਼ਾਂ ਦੀ ਵਰਖਾ ਹੋਈ ਅਤੇ ਉਸ ਦੀਆਂ ਬਰਕਤਾਂ ਨਾਲ ਸਰਸਬਜ਼ ਪ੍ਰਵਾਰ ਕੌੜੀ ਵੇਲ ਵਾਂਗ ਵਧਿਆ। 1970 ਵਿੱਚ ਬਾਬਾ ਜੀ ਦੋ ਲੜਕੇ ਮੁਖਤਿਆਰ ਸਿੰਘ ਤੇ ਗੁਰਮੇਲ ਸਿੰਘ ਕਨੇਡਾ ਚਲੇ ਗਏ, ਉੱਥੇ ਹੱਡ ਭੰਨਵੀਂ ਮੇਹਨਤ ਕਰਕੇ ਕਾਰਾਂ-ਕੋਠੀਆਂ ਤੇ ਮਿਲਖਾਂ-ਮੁਰੱਬਿਆਂ ਦੇ ਮਾਲਕ ਬਣੇ, ਫਿਰ ਸਾਰੇ ਪ੍ਰਵਾਰ ਨੇ ਬਾਬੂ ਜੀ ਨੂੰ ਕਨੇਡਾ ਸੱਦਣ ਦਾ ਮਨ ਬਣਾ ਲਿਆ ਤੇ ਉਨ੍ਹਾਂ ਦਾ ਲੜਕਾ ਗੁਰਮੇਲ ਸਿੰਘ ਉਨ੍ਹਾਂ ਨੂੰ ਲੈਣ ਲਈ ਪੰਜਾਬ ਆਇਆ। 17 ਜੂਨ 1990 ਨੂੰ ਭਾਈ ਮੱਖਣ ਸਿੰਘ ਅਤੇ ਬੀਬੀ ਕਰਤਾਰ ਕੌਰ ਨੇ ਬਾਪੂ ਜੀ ਤੋਂ ਅਸੀਸਾਂ ਪ੍ਰਾਪਤ ਕੀਤੀਆਂ ਤੇ ਦਿੱਲੀ ਤੋਂ ਟਰੋਟੋਂ ਲਈ ਵਿਦਾ ਕਰ ਆਏ ਅਤੇ 28 ਜੂਨ 1990 ਨੂੰ ਟਰਾਟੋਂ ਜਾ ਉਤਰ ਗਏ, ਹਵਾਈ ਅੱਡੇ ਉੱਪਰ ਬਾਬਾ ਜੀ ਦੇ ਪੰਜੇ ਪੋਤੇ ਗੁਰ ਇਕਬਾਲ ਸਿੰਘ ਬਰਾੜ, ਹਰਇੰਦਰ ਸਿੰਘ ਗੁਰਤੇਜ ਸਿੰਘ, ਗੁਰਜੀਤ ਸਿੰਘ ਤੇ ਜਸਵਿੰਦਰ ਸਿੰਘ ਉਨ੍ਹਾਂ ਦੇ ਸੁਆਗਤ ਲਈ ਆਏ ਸਨ। ਵਾਰੀ ਵਾਰੀ ਸਾਰਿਆਂ ਨੇ ਪੈਰੀਂ ਹੱਥ ਲਾਏ ਬਾਬਾ ਜੀ ਨੇ ਸੱਭ ਦਾ ਮੱਥਾ ਚੁੰਮਿਆ ਤੇ ਢੇਰ ਸਾਰੀਆਂ ਅਸੀਸਾਂ ਦਿੱਤੀਆਂ। ਅਗੇ ਘਰ ਵਿਖੇ ਬਾਬਾ ਜੀ ਦੀਆਂ ਲਾਇਕ ਨੋਹਾਂ ਬੀਬੀ ਰਛਪਾਲ ਕੌਰ, ਪ੍ਰੀਤਮ ਕੌਰ ਤੇ ਵੱਡ ਪੁੱਤਰ ਮੁਖਤਿਆਰ ਸਿੰਘ ਅਤੇ ਸਾਰੀਆਂ ਪੋਤੀਆਂ ਤੇ ਪੋਤ ਨੋਹਾਂ ਉਨ੍ਹਾਂ ਨੂੰ ਈਦ ਦੇ ਚੰਦ ਵਾਂਗ ਉਡੀਕ ਰਹੇ ਸਨ। ਵੇਖ ਕੇ ਸਾਰੇ ਚਾਅ ਨਾਲ ਚੌੜੇ ਹੋਕੇ ਖੁਸ਼ੀਆਂ ਵਿੱਚ ਸਾਰੇ ਨੱਚ ਉਠੇ ਅਤੇ ਮੋਹ-ਮੁਹੱਬਤਾਂ ਦੀ ਮਹਿਕ ਨਾਲ ਮਸਤ ਮਹੌਲ ਜਾਣੀ ਨਸ਼ਿਆ ਗਿਆ ਹੋਵੇ ਤੇ ਇਉਂ ਹੋਇਆ ਬਾਬਾ ਜੀ ਦੀ ਜ਼ਿੰਦਗੀ ਦੇ ਆਖਰੀ ਸਾਲ ਦਾ ਸੁਨਿਹਰੀ ਸਫਰ ਸ਼ੁਰੂ।

ਮਹੀਨੇ ਕੁ ਬਾਅਦ ਬਾਬਾ ਜੀ ਦੇ ਪੜਪੋਤੇ ਦਾ ਜਨਮ ਦਿਨ ਸਾਰਿਆਂ ਨੇ ਬੜੇ

ਜੀਵਣ ਦਰਪਣ—ਬਾਬੂ ਰਜਬ ਅਲੀ

ਸੰਸਾਰ ਉਨਾਂ ਦੀ ਯਾਦ ਨੂੰ ਹਮੇਸ਼ਾ ਸਾਂਭ ਕੇ ਰੱਖਦਾ ਹੈ ਜਿਨ੍ਹਾਂ ਨੇ ਸੰਸਾਰ ਤੋਂ ਲਿਆ ਘੱਟ ਹੁੰਦਾ ਹੈ ਅਤੇ ਸੰਸਾਰ ਨੂੰ ਦਿੱਤਾ ਜ਼ਿਆਦਾ ਹੁੰਦਾ ਹੈ। ਉਨ੍ਹਾਂ ਦੀ ਯਾਦ ਦਾ ਮੀਲ ਪੱਥਰ ਐਨਾ ਉੱਚਾ ਹੁੰਦਾ ਹੈ ਕਿ ਪੂਰਾ ਸੰਸਾਰ ਉਸ ਉੱਤੇ ਲਿਖੀ ਇਬਾਰਤ ਨੂੰ ਅੱਡੀਆਂ ਚੁੱਕ ਕੇ ਤੇ ਆਪਣੀ ਪੱਗ ਨੂੰ ਥੰਮ੍ਹ ਕੇ ਪੜ੍ਹਦਾ ਹੈ; ਜਿਸ ਨੂੰ ਉਨ੍ਹਾਂ ਨੇ ਆਪਣੇ ਦਿਮਾਗ ਵਿਚਲੇ ਸਿਰਫ਼ ਤੇਰਾਂ ਗਰਾਮ ਖ਼ੂਨ ਦੀ ਸਿਆਹੀ ਅਤੇ ਆਪਣੇ ਅਨੁਭਵ ਤੇ ਤਜਰਬਿਆਂ ਦੀ ਤਿੱਖੀ ਕਲਮ ਨਾਲ ਲਿਖਿਆ ਹੁੰਦਾ ਹੈ।

ਸਮੇਂ ਦੀ ਕੁੱਖੋਂ ਸੰਸਕ੍ਰਿਤੀ, ਸਾਹਿਤ ਤੇ ਸੱਭਿਆਚਾਰ ਦੀ ਸਿਰਜਣਾ ਲਈ ਸੂਝਵਾਨ ਸਾਹਿਤਕਾਰ, ਸ਼ਾਇਰ ਅਤੇ ਦਾਰਸ਼ਨਿਕ ਪੈਦਾ ਹੋਏ ਜੋ ਅਣਖ, ਆਨ ਸ਼ਾਨ ਤੇ ਗੈਰਤ ਨਾਲ ਗੜ੍ਹੁੱਚ ਪੰਜਾਬੀ ਸੱਭਿਆਚਾਰ ਦੀ ਸੂਰਤ ਤੇ ਸੀਰਤ, ਰਹਿਣ-ਸਹਿਣ, ਡੀਲ ਡੌਲ, ਹਿੰਮਤ-ਹੌਸਲੇ, ਦਇਆ, ਦਲੇਰੀ, ਮੋਹ-ਮੁਹੱਬਤ, ਪੀੜਾਂ-ਪਰੇਸ਼ਾਨੀਆਂ, ਬ੍ਰਿਹੋਂ-ਵਸਲ, ਮੁਸ਼ਕਿਲਾਂ-ਮੁਸੀਬਤਾਂ ਤੇ ਤੰਗੀਆਂ-ਤੁਰਸ਼ੀਆਂ ਦੀ ਸੱਭਿਆਚਾਰਕ ਤਸਵੀਰ ਸਮਾਜ ਦੇ ਬੂਹੇ ਤੇ ਟੰਗ ਜਾਂਦੇ ਹਨ, ਜੋ ਸਮਾਜ ਲਈ ਚਾਨਣ ਮੁਨਾਰਾ ਬਣ ਜਾਂਦੀ ਹੈ। ਐਸੇ ਹੀ ਇੱਕ ਕਾਵਿ-ਦੇਵ, ਕਲਮ ਦੇ ਧਨੀ, ਉੱਚੇ ਸੁੱਚੇ ਤੇ ਸੇਹਤਮੰਦ ਪੰਜਾਬੀ ਸੱਭਿਆਚਾਰ ਦੇ ਸਿਰਨਾਮੇ, ਅਤਿਅੰਤ ਉੱਚ ਦੁਮਾਲੜਾ ਸਖ਼ਸ਼ੀਅਤ, ਬਾਬੂ ਰਜਬ ਅਲੀ ਖਾਨ ਜੀ ਦਾ ਜਨਮ ਪੰਜਾਬ ਦੇ ਹੁਣੇ ਜੇ ਨਵੇਂ ਬਣੇ ਜ਼ਿਲ੍ਹੇ ਮੋਗਾ ਦੇ ਪਿੰਡ ਸਾਹੋਕੇ ਵਿਖੇ ਮਾਤਾ ਜਿਊਣੀ ਦੀ ਕੁੱਖੋਂ, ਪਿਤਾ ਧਮਾਲੀ ਖਾਂ ਦੇ ਵਿਹੜੇ ਵਿੱਚ 10 ਅਗਸਤ 1894 ਈ: ਨੂੰ ਹੋਇਆ। ਧਮਾਲੀ ਖਾਂ ਦੇ ਘਰ ਪਹਿਲਾਂ ਉਪਰੋਥਲੀ ਦੀਆਂ ਚਾਰ ਧੀਆਂ ਨੇ ਜਨਮ ਲਿਆ। ਬੀਬੀ ਭਾਗੀ, ਬੀਬੀ ਸਿਯਾਦੀ, ਬੀਬੀ ਲਾਲੀ ਤੇ ਬੀਬੀ ਰਯਾਦੀ ਪੈਦਾ ਹੋਈਆਂ।

ਸਮਾਜਿਕ ਮਾਨਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਕੇਤ ਮੁਤਾਬਿਕ, 'ਪੁੱਤੀਂ ਗੰਢ ਪਵੇ ਸੰਸਾਰ' ਤਾਂ ਚਾਰ ਧੀਆਂ ਤੋਂ ਬਾਅਦ ਪ੍ਰਵਾਰ ਨੂੰ ਪੁੱਤਰ ਦੀ ਸਿੱਕ ਕੁਦਰਤੀ ਸੀ। ਚਾਰਾਂ ਭੈਣਾਂ ਤੇ ਪੰਜਵੀਂ ਮਾਂ ਦੀਆਂ ਦੁਆਵਾਂ ਦੇ ਅਸਰ ਸਦਕਾ ਵਡੇਰੀ ਉਮਰੇ ਧਮਾਲੀ ਖਾਂ ਦੀ ਇਹ ਸਿੱਕ ਖੁਦਾ ਨੇ ਪੂਰੀ ਕਰ ਦਿੱਤੀ। ਇਸਲਾਮ ਧਰਮ ਦੀ ਮਰਯਾਦਾ ਮੁਤਾਬਿਕ ਧਮਾਲੀ ਖਾਂ ਨੇ ਪੁੱਤਰ ਦਾ ਨਾਂ ਰੱਖਿਆ 'ਰਜਬ ਅਲੀ ਖਾਨ।' ਇਸਲਾਮ ਧਰਮ ਦੀ ਮਾਨਤਾ ਹੈ ਕਿ ਰਜਬ, ਬਹਿਸ਼ਤ ਦੀ ਉਸ ਨਦੀ ਦਾ ਨਾਂ ਹੈ ਜਿਸ ਦਾ ਠੰਡਾ ਪਾਣੀ ਸਿਰਫ਼ ਉਨ੍ਹਾਂ ਨੂੰ ਹੀ ਨਸੀਬ ਹੁੰਦਾ ਹੈ ਜੋ ਰਮਜ਼ਾਨ ਦੇ ਮਹੀਨੇ ਸ਼ਰਧਾ ਤੇ ਵਿਸ਼ਵਾਸ ਨਾਲ ਪੂਰਾ ਮਹੀਨਾ ਰੋਜ਼ੇ ਰੱਖਦੇ ਹਨ।

ਪਿੱਛੋਂ ਵਾਕਿਆ ਹੀ ਇਸ ਬੱਚੇ ਦਾ ਨਾਂ ਬੜਾ ਹੀ ਭਾਵ ਪੂਰਤ ਸਿੱਧ ਹੋਇਆ। ਜਿੱਥੇ ਉਸ ਦੇ ਲਾਏ ਹੋਏ 'ਮੋਘੇ' ਮਾਲਵੇ ਦੀ ਖ਼ੁਸ਼ਕ ਧਰਤੀ ਨੂੰ ਸਰਸਬਜ਼ ਕਰਦੇ ਸਨ, ਉਥੇ ਨਾਲ ਹੀ ਉਸ ਦੀ ਕਲਮ ਤੋਂ ਵਹਿੰਦੀ ਕਵਿਤਾ ਦੀ ਨਦੀ ਸਰੋਤਿਆਂ ਦੇ ਦਿਲਾਂ ਨੂੰ ਸਰਸ਼ਾਰ ਕਰਦੀ ਸੀ।

ਚਾਰ ਧੀਆਂ ਬਾਅਦ ਜਨਮੇ ਪੁੱਤਰ ਦੀ ਖੁਸ਼ੀ ਵਿੱਚ ਧਮਾਲੀ ਖਾਂ ਦਾ ਪ੍ਰਵਾਰ ਹੀ ਨਹੀਂ ਬਲਕਿ ਪੂਰੇ ਪਿੰਡ ਦਾ ਚਾਅ ਚੱਕਿਆ ਨਹੀਂ ਸੀ ਜਾਂਦਾ ਤੇ ਧਮਾਲੀ ਖਾਂ ਨੇ ਬੇਟੇ ਦੇ ਜਨਮ ਦੀ ਖੁਸ਼ੀ ਸਾਰੇ ਪਿੰਡ ਨਾਲ ਹੀ ਨਹੀਂ ਸਗੋਂ ਸਾਰੇ ਇਲਾਕੇ ਨਾਲ ਸਾਂਝੀ ਕੀਤੀ। ਧਮਾਲੀ ਖਾਂ ਨੇ ਪੂਰੇ ਧੂਮ-ਧੜੱਕੇ ਨਾਲ ਪੁੱਤਰ ਦੀ (ਛਟੀ) ਕਰਕੇ ਖੂਬ ਧਮਾਲਾਂ ਪਾਈਆਂ। ਆਪਣੇ ਸਾਰੇ ਚਾਅ ਮਲਾਰ ਪੂਰੇ ਕੀਤੇ। ਗਵੈਤਰੀਆਂ ਤੇ ਕਵੀਸ਼ਰਾਂ ਦੇ ਅਖਾੜੇ ਅਤੇ ਨਾਮਾਵਰ ਭਲਵਾਨਾਂ ਦੀਆਂ ਕੁਸ਼ਤੀਆਂ ਕਰਾਈਆਂ। ਧਮਾਲੀ ਖਾਂ ਹਰ ਜਿੱਤਣ ਵਾਲੇ ਮੱਲ ਨੂੰ ਦੋ ਰੁਪਏ ਤੇ ਹਾਰਨ ਵਾਲੇ ਮੱਲ ਨੂੰ ਇੱਕ ਰੁਪਈਆ ਇਨਾਮ ਵਜੋਂ ਦਿੰਦਾ ਸੀ। ਇਹ ਅੱਜ ਤੋਂ 110 ਸਾਲ ਪਹਿਲਾਂ ਦੀ ਗੱਲ ਹੈ, ਜਦੋਂ ਰੁਪਏ ਦੀ ਖਰੀਦ ਸ਼ਕਤੀ ਅੱਜ ਨਾਲੋਂ ਘੱਟੋ-ਘੱਟ ਸੱਠ ਗੁਣਾਂ ਜ਼ਿਆਦਾ ਸੀ। ਜਦੋਂ 10 ਰੁਪੈ ਨਾਲ ਗੱਡਾ ਭਰ ਕੇ ਰਾਸ਼ਨ ਆ ਜਾਂਦਾ ਸੀ। ਮਗਰੋਂ ਧਮਾਲੀ ਖਾਂ ਨੇ ਰਜਬ ਅਲੀ ਦੇ ਜਨਮ ਤੇ ਹਰ ਸਾਲ ਇਹ ਮੇਲਾ ਲਾਉਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਇਸ ਮੇਲੇ ਦੀ ਮੰਨੇ ਪ੍ਰਮੰਨੇ ਮੇਲੇ ਵਰਗੀ ਠੁੱਕ ਬਣ ਗਈ। ਇਲਾਕੇ ਦੇ ਲੋਕੀਂ ਇਸ ਮੇਲੇ ਦੀ ਉਡੀਕ ਰੱਖਣ ਲੱਗ ਪਏ। ਲੋਕ ਇਸ ਦੀ ਤਰੀਕ ਨੂੰ ਦੋ ਮਹੀਨੇ ਪਹਿਲਾਂ ਆਪਣੇ ਪੋਟਿਆਂ ਤੇ ਗਿਣਨਾ ਸ਼ੁਰੂ ਕਰ ਦਿੰਦੇ। ਸਾਵੇਂ ਦਿਨ ਲੋਕ ਟੋਲੀਆਂ ਬਣਾ ਕੇ ਪੂਰੀ ਤਿਆਰੀ ਕਰ ਗਾਉਣ ਸੁਣਨ ਤੇ ਕੁਸ਼ਤੀਆਂ ਵੇਖਣ ਸਾਹੋਕੇ ਆਉਂਦੇ। ਪਿੱਛੋਂ ਪਿੰਡ ਨੇ ਇਸ ਰਵਾਇਤ ਨੂੰ ਕਈ ਸਾਲ ਜਾਰੀ ਰੱਖਿਆ। ਸੰਮੇਵਾਲੀ ਦੇ ਕਾਲੂ ਪਹਿਲਵਾਨ ਨੂੰ ਸਾਹੋ ਕੇ ਮੇਲੇ ਦੀ ਝੰਡੀ ਜਿੱਤਣ ਤੇ ਪਿੰਡ ਵਾਲਿਆਂ ਨੇ ਸਵਾ ਮਣ ਪੱਕਾ ਦੇਸੀ ਘਿਓ ਤੇ ਦੋ ਬੱਕਰੇ ਇਨਾਮ ਵਿੱਚ ਦਿੱਤੇ ਸਨ। ਫੇਰ ਭਲਵਾਨ ਆਪਸ ਵਿੱਚ ਰਲ ਕੇ ਘੁਲਣ ਲੱਗ ਪਏ ਤੇ ਇਉਂ ਦੋਨੋਂ ਹੀ ਇਨਾਮ ਲੈ ਜਾਂਦੇ। ਬਾਅਦ ਵਿੱਚ ਰਲ ਕੇ ਅੱਧਾ ਅੱਧਾ ਵੰਡ ਲੈਂਦੇ ਸੀ। ਫੇਰ ਪਿੰਡ ਵਾਲਿਆਂ ਸਲਾਹ ਕਰਕੇ ਕਬੱਡੀ ਸ਼ੁਰੂ ਕਰ ਦਿੱਤੀ। ਬਾਬੂ ਜੀ ਦੇ ਅਤਿਅੰਤ ਵਿਸ਼ਵਾਸ ਪਾਤਰ ਤੇ ਜੇਠੇ ਸ਼ਾਗਿਰਦ ਬਾਬਾ ਠਾਣਾ ਸਿੰਘ ਜੀ ਦੇ ਦੱਸਣ ਮੁਤਾਬਕ ਕਿ ਇੱਕ ਵਾਰ ਗਮਦੂਰ ਸਿੰਘ ਜ਼ੈਲਦਾਰ ਰੈਫਰੀ ਸੀ ਤਾਂ ਰੌਲਾ ਪੈ ਗਿਆ। ਉਸ ਤੋਂ ਬਾਅਦ ਇਹ ਪ੍ਰੋਗਰਾਮ ਵੀ ਬੰਦ ਕਰ ਦਿੱਤਾ। ਦੇਸ਼ ਦੀ ਵੰਡ ਪਿੱਛੋਂ ਬਾਬੂ ਜੀ ਦੇ ਸਨਮਾਨ ਵਿੱਚ ਤੇ ਉਨ੍ਹਾਂ ਦੀ ਸਿਹਤਯਾਬੀ ਅਤੇ ਉਸਤਾਦੀ ਸ਼ਾਗਿਰਦੀ ਦੇ ਰਿਸ਼ਤੇ ਨੂੰ ਕਾਇਮ ਰੱਖਣ ਲਈ ਉਨ੍ਹਾਂ ਦੇ ਨਵੇਂ ਸ਼ਾਗਿਰਦਾਂ ਨੇ ਹਰ ਸਾਲ ਅਖੰਡ ਪਾਠ ਪ੍ਰਕਾਸ਼ ਕਰਾ ਕੇ ਕਵੀਸ਼ਰੀ ਦਰਬਾਰ ਲਵਾਉਣਾ ਸ਼ੁਰੂ ਕਰ ਦਿੱਤਾ। ਸਾਹੋ ਨਿਵਾਸੀਆਂ ਨੂੰ ਖੇਡ-ਤਮਾਸ਼ੇ, ਕਵਿਤਾ,ਕੁਸ਼ਤੀ ਤੇ ਕਬੱਡੀ ਦੀ ਲਾਗ ਧਮਾਲੀ ਖਾਂ ਨੇ ਲਾਈ। ਸਮਕਾਲੀ ਦੱਸਦੇ ਹਨ ਕਿ ਸਿਰੇ ਦਾ ਟਿੱਚਰੀ, ਹਾਜ਼ਰ ਜਵਾਬ, ਦਰਿਆ-ਦਿਲ, ਮਹਾਨ ਮਹਿਮਾਨ ਨਿਵਾਜ਼, ਸ਼ੀਸ਼ੇ ਵਰਗਾ ਸਾਫ਼ ਤੇ ਸਿਹਤਮੰਦ ਸੋਚਣੀ ਦਾ ਸਹਿਨਸ਼ਾਹ ਸੀ ਧਮਾਲੀ ਖਾਂ।

ਬਾਬੂ ਜੀ ਦਾ ਬਚਪਨ ਤੇ ਵਿੱਦਿਆ

ਮਾਪਿਆਂ ਆਪਣੇ ਪਿਆਰੇ ਪੁੱਤ ਨੂੰ ਬੜੇ ਚਾਵਾਂ ਤੇ ਲਾਡਾਂ ਨਾਲ ਪਾਲਿਆ। ਚਾਰਾਂ ਧੀਆਂ ਤੋਂ ਬਾਅਦ ਜਨਮੇ ਇਕਲੌਤੇ ਪੇਟ ਘਰੋੜੀ ਦੇ ਲਾਡਲੇ ਪੁੱਤ ਦੀ ਹਰ ਇੱਕ ਖਾਹਿਸ਼ ਪੂਰੀ ਕੀਤੀ। ਖੁਸ਼ੀ ਵਿੱਚ ਖੀਵੇ ਹੋਏ ਮਾਪਿਆਂ ਦਾ ਚਾਅ ਚੱਕਿਆ ਨਹੀਂ ਸੀ ਜਾਂਦਾ। ਭੈਣਾਂ ਦੀ ਖੁਸ਼ੀ

ਦੀ ਤਾਂ ਹੱਦ ਹੀ ਨਹੀਂ ਸੀ, ਕਿ ਖੁਦਾ ਨੇ ਉਨ੍ਹਾਂ ਦੀ ਇਹ ਮੰਗ ਮੰਨ ਲਈ–"ਸਹੁੰ ਖਾਣ ਨੂੰ ਬੜਾ ਚਿੱਤ ਕਰਦਾ ਇੱਕ ਵੀਰ ਦੇਈਂ ਵੇ ਰੱਬਾ", ਸੱਚ-ਮੁੱਚ ਇਸ ਸਮਾਜ ਵਿੱਚ ਕਿਸੇ ਨੂੰ ਵਿਸ਼ਵਾਸ ਦਵਾਉਣ ਲਈ ਭੈਣ ਕੋਲੇ ਵੀਰ ਤੋਂ ਵੱਡੀ ਜ਼ਾਮਨੀ ਹੀ ਕੋਈ ਨਹੀਂ। ਉਹ ਆਪਣੇ ਵੀਰੇ ਤੇ ਰੱਬ ਜਿੱਡਾ ਮਾਣ ਮਹਿਸੂਸ ਕਰਦੀ ਹੈ। ਸੋ ਬੜੀਆਂ ਮੰਨਤਾਂ ਤੇ ਅਰਦਾਸਾਂ ਤੇ ਦੁਆਵਾਂ ਕਰਨ ਉਪਰੰਤ ਉਨ੍ਹਾਂ ਨੂੰ ਇਹ ਅਦੁੱਤੀ ਦਾਤ ਪ੍ਰਾਪਤ ਹੋਈ। ਸੱਚ ਮੁੱਚ ਉਹ ਆਪਣੇ ਮਾਪਿਆਂ ਦੀਆਂ ਅੱਖਾਂ ਦਾ ਨੂਰ ਸੀ ਤੇ ਸਾਰੇ ਸਾਹੋ ਪਿੰਡ ਦਾ ਚਸ਼ਮੇ-ਚਿਰਾਗ ਸੀ। ਉਸ ਦਾ ਬਚਪਨ ਬੜਾ ਹੀ ਸ਼ਾਨਦਾਰ ਸੀ। ਚਾਰ ਭੈਣਾਂ, ਮਾਂ ਤੇ ਪਿਉ, ਕੁੱਲ ਮਿਲਾਕੇ ਕੁਦਰਤ ਨੇ ਉਸ ਨੂੰ ਆਪਣੇ ਖ਼ੂਨ ਦੇ ਰਿਸ਼ਤੇ ਦੀਆਂ ਛੇ ਗੋਦੀਆਂ ਦਾ ਨਿੱਘ ਬਖਸ਼ਿਆ ਅਤੇ ਇਸ ਤੋਂ ਇਲਾਵਾ ਪੂਰੇ ਸਾਹੋ ਪਿੰਡ ਦੇ ਲਾਡ ਤੇ ਲੋਰੀਆਂ ਉਸ ਨੂੰ ਵਿਰਸੇ ਵਿੱਚ ਮਿਲੀਆਂ ਸਨ।

70 ਘੁੰਮਾ ਜ਼ਮੀਨ, ਮੋਟਾ ਗੁਜ਼ਾਰਾ ਤੇ ਖੁੱਲ੍ਹੇ ਡੁੱਲ੍ਹੇ ਸੁਭਾ ਦੇ ਮਾਲਕ ਧਮਾਲੀ ਖਾਂ ਨੇ ਮੁੰਡੇ ਨੂੰ ਪੜ੍ਹਾਉਣ ਦਾ ਇਰਾਦਾ ਧਾਰ ਲਿਆ। ਉਸ ਨੂੰ ਹੋਰ ਤਾਂ ਕੋਈ ਬਹੁਤਾ ਕੰਮ ਨਹੀਂ ਸੀ। ਉਸ ਸਮੇਂ ਸਾਹੋ ਕੇ ਤੋਂ ਡੇਢ ਮੀਲ ਦੀ ਵਿੱਥ ਤੇ ਬੰਬੀਹਾ ਭਾਈ ਵਿਖੇ ਪ੍ਰਾਇਮਰੀ ਸਕੂਲ ਹੁੰਦਾ ਸੀ। ਇੱਥੇ ਛੇ ਸਾਲ ਦੀ ਉਮਰ ਵਿੱਚ ਬਾਬੂ ਜੀ ਨੂੰ ਪੜ੍ਹਨੇ ਪਾ ਦਿੱਤਾ। ਪਹਿਲਾਂ ਪਹਿਲਾਂ ਧਮਾਲੀ ਖਾਂ ਰੋਜ਼ ਉਸ ਨੂੰ ਮੋਢਿਆਂ ਤੇ ਬਿਠਾ ਕੇ ਸਕੂਲ ਛੱਡਣ ਜਾਂਦਾ ਤੇ ਸ਼ਾਮੀ ਸਕੂਲੋਂ ਲੈਕੇ ਆਉਂਦਾ। ਇੱਕ ਦਿਨ ਉਹ ਆਪਣੇ ਪੁੱਤਰ ਰਜਬ ਅਲੀ ਨੂੰ ਮੋਢਿਆਂ ਤੇ ਬਿਠਾ ਸੱਥ ਵਿੱਚੋਂ ਦੀ ਲੰਘ ਰਿਹਾ ਸੀ, ਤਾਂ ਇੰਦਰ ਸਿੰਘ ਨੇ ਮਖੌਲੀਆ ਲਹਿਜੇ ਵਿੱਚ ਪੁੱਛਿਆ ਬਈ ਧਮਾਲੀ ਕਿੱਧਰ ਨੂੰ ?

"ਯਾਰ ਇੰਦਰ ਸਿਆਂ, ਮੁੰਡੇ ਨੂੰ ਮਦਰੱਸੇ ਪੜ੍ਹਣ ਪਾਇਐ ਤੇ ਇਹਨੂੰ ਬੰਬੀਹੇ ਛੱਡਣ ਚੱਲਿਆਂ।" " ਬਸ ਓਏ ਧਮਾਲੀ, ਇਹ ਤਾਂ ਕਿਤੇ ਪੜ੍ਹ ਕੇ ਬਾਬੂ ਨਾ ਲੱਗ ਜੇ।" ਜੱਟ ਨੇ ਜਚਾ ਕੇ ਮਸ਼ਕਰੀ ਕੀਤੀ। ਉਸ ਸਮੇਂ ਬਾਬੂ ਨਹਿਰੀ ਮਹਿਕਮੇ ਦੇ ਓਵਰਸੀਅਰ ਨੂੰ ਕਿਹਾ ਜਾਂਦਾ ਸੀ। ਦਰਿਆ ਸਤਲੁਜ ਵਿੱਚੋਂ ਅਜੇ ਸਰਹੰਦ ਨਹਿਰ ਨੂੰ ਨਿੱਕਲਿਆਂ ਕੁਝ ਚਿਰ ਹੀ ਹੋਇਆ ਸੀ। ਉਸ ਸਮੇਂ ਸੂਏ ਕੱਸੀਆਂ ਦੇ ਮੋਘੇ ਲਾਉਣ ਵਾਲੇ ਓਵਰਸੀਅਰ ਨੂੰ ਜੱਟ ਖਵਾਜ਼ਾ ਖਿਜਰ ਤੇ ਇੰਦਰ ਦੇਵਤੇ ਦਾ ਅਵਤਾਰ ਮੰਨਦੇ ਸਨ। ਉਸ ਸਮੇਂ ਬਾਬੂ ਬਣਨਾ ਤਾਂ ਲੋਕਾਂ ਲਈ ਅੱਜ ਦੇ ਮੁੱਖ ਮੰਤਰੀ ਬਣਨ ਦੇ ਬਰਾਬਰ ਸੀ।

ਉਸ ਵੇਲੇ ਧਮਾਲੀ ਖਾਂ ਨੇ ਆਪਣੇ ਲਾਡਲੇ ਰਜਬ ਅਲੀ ਨੂੰ ਮੋਢਿਓਂ ਉਤਾਰ ਕੇ ਥੱਲੇ ਖੜ੍ਹਾ ਕਰ ਦਿੱਤਾ ਤੇ ਆਪ ਉਹ ਪੱਬਾਂ ਭਾਰ ਹੋ ਕੇ ਬਹਿ ਗਿਆ। ਉਂਗਲ ਨਾਲ ਧਰਤੀ ਤੇ ਦੋ ਲਕੀਰਾਂ ਖਿੱਚੀਆਂ ਤੇ ਇੱਕ ਦਮ ਉਠ ਕੇ ਖੜ੍ਹਾ ਹੋ ਗਿਆ। ਬਾਂਹ ਕੱਢ ਕੇ ਕਹਿੰਦਾ "ਵੇਖ ਬਈ ਇੰਦਰ ਸਿਆਂ, ਆਹ ਸਾਰੇ ਭਰਾ ਗਵਾਹ ਐ। ਮੈਂ ਜੇ ਤਾਂ ਰਿਹਾ ਜਿਉਂਦਾ, ਫੇਰ ਤਾਂ ਮੁੰਡੇ ਨੂੰ ਬਾਬੂ ਬਣਾ ਕੇ ਛੱਡੂੰ। ਜੇ ਮਰ ਗਿਆ ਤਾਂ ਖ਼ੈਰ ਖੁਦਾ ਦੀ।" ਇਹ ਕਹਿ ਕੇ ਉਹ ਮੁੰਡੇ ਨੂੰ ਚੱਕ ਕੇ ਬੰਬੀਹੇ ਦੇ ਰਾਹ ਪੈ ਗਿਆ।

ਮਗਰੋਂ ਬਾਬੂ ਜੀ ਨੇ 24-6-1974 ਨੂੰ ਆਪਣੇ ਵੱਲੋਂ ਭੇਜੇ ਖੱਤ ਵਿੱਚ ਪੜ੍ਹਾਈ ਤੇ ਸਥਾਨ ਅਤੇ ਆਪਣੇ ਬਚਪਨ ਦੀ ਵਿਆਖਿਆ ਵਿਸਥਾਰ ਪੂਰਬਕ ਢੰਗ ਨਾਲ ਆਪਣੀ ਸਵੈ ਜੀਵਨੀ ਦੀ ਕਵਿਤਾ **"ਆਵੇ ਵਤਨ ਪਿਆਰਾ ਚੇਤੇ, ਜਦ ਖਿੱਚ ਪਾਉਣ ਮੁਹੱਬਤਾਂ ਜੀ।"** ਵਿੱਚ ਬ੍ਰਿਹੋਂ ਤੇ ਵਿਛੋੜੇ ਦੇ ਵਿਰਾਗ ਮਈ ਬਿੰਬ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ।

(1) ਸੋਹਣੀ ਸਾਹੋ ਪਿੰਡ ਦੀਏ ਬੀਂਹੇ ਬਚਪਨ ਦੇ ਵਿੱਚ ਪੜ੍ਹੇ ਬੰਬੀਹੇ,
ਚੂਰੀ ਖੂਆ ਮਾਂ ਪਾਤੇ ਰਸਤੇ, ਚੱਕ ਲੈ ਕਲਮ ਦਵਾਤਾਂ ਬਸਤੇ।
ਸ਼ੇਰ, ਨਿਰੰਜਣ, ਮਹਿੰਗੇ ਨੇ। ਭੁੱਲਦੀਆਂ ਨਾ ਭਰਜਾਈਆਂ,
ਘੁੰਮਰਾਂ ਪਾਈਆਂ ਲਹਿੰਗੇ ਨੇ।

(2) ਪੰਜ ਪਾਸ ਕਰਕੇ ਵੱਗਗੇ ਮੋਗੇ। ਮਾਪੇ ਜਿਊਂਦਿਆਂ ਤੋਂ ਸੁਖ ਭੋਗੇ,
ਪੈਸੇ ਖਾ ਮਿਠਾਈਆਂ ਬਚ ਦੇ। ਵੇਂਹਦੇ ਸ਼ਹਿਰ ਸੱਤਕ ਪਰ ਨੱਚਦੇ।
ਠੁੰਮ ਠੁੰਮ ਚੱਕ ਦੇ ਪੱਬ ਤਾਂ ਜੀ। ਆਵੇ ਵਤਨ ਪਿਆਰਾ ਚੇਤੇ
ਜਦ ਖਿੱਚ ਪੌਣ ਮੁਹੱਬਤਾਂ ਜੀ।
ਬਾਬੂ ਜੀ ਨੇ ਲਿਖਿਆ ਹੈ ਕਿ:

ਮੈਂ ਛੇ ਸਾਲ ਦੀ ਉਮਰ ਵਿੱਚ ਬੰਬੀਹਾ ਭਾਈ ਜੋ ਕੇ ਸਾਡੇ ਪਿੰਡ ਤੋਂ ਡੇਢ ਮੀਲ ਦੀ ਦੂਰੀ ਤੇ ਹੈ, ਦੇ ਪ੍ਰਾਇਮਰੀ ਸਕੂਲ ਵਿੱਚ ਦਾਖਲ ਹੋ ਗਿਆ। ਮੈਂ ਹਮੇਸ਼ਾ ਆਪਣੀ ਕਲਾਸ ਵਿੱਚ ਫਸਟ ਰਹਿੰਦਾ ਸਾਂ। ਪੰਜਵੀਂ ਕਲਾਸ ਵਿੱਚ ਜਦ ਮੈਂ ਹਾਈ ਸਕੂਲ ਮੋਗਾ ਵਿੱਚ ਵਜ਼ੀਫਾ ਪ੍ਰਾਪਤ ਕਰਨ ਲਈ ਟੈਸਟ ਦੇਣ ਲਈ ਗਿਆ, ਤਾਂ ਉਥੇ ਮੋਗਾ ਤਹਿਸੀਲ ਦੇ ਸਾਰੇ ਸਕੂਲਾਂ ਦੇ ਇੰਟੈਲੀਜੈਂਟ ਸਟੂਡੈਂਟ ਪਹੁੰਚੇ ਹੋਏ ਸਨ। ਸਭ ਤੋਂ ਪਹਿਲਾਂ ਉਨ੍ਹਾਂ ਨੇ ਚਾਰ ਸਵਾਲ ਹਿਸਾਬ ਦੇ ਲਿਖਾਏ। ਮੈਂ ਚਾਰੇ ਸਵਾਲ ਠੀਕ ਹੱਲ ਕੀਤੇ। ਫੇਰ ਇਕ ਇਬਾਰਤ ਲਿਖਾਈ, ਉਸ ਵਿੱਚ ਵੀ ਮੇਰੀ ਕੋਈ ਗਲਤੀ ਨਹੀਂ ਸੀ ਅਤੇ ਹੋਰ ਵੀ ਕਈ ਮਜ਼ਮੂਨ ਲਿਖਾਏ, ਇਸ ਤਰ੍ਹਾਂ ਤਹਿਸੀਲ ਪੱਧਰ ਦੇ ਇਸ ਟੈਸਟ ਵਿੱਚੋਂ ਮੈਂ ਸੈਂਟ ਪ੍ਰਸੈਂਟ ਨੰਬਰ ਲੈ ਕੇ ਵਜ਼ੀਫ਼ਾ ਪ੍ਰਾਪਤ ਕੀਤਾ।

ਵਜ਼ੀਫਾ ਪ੍ਰਾਪਤ ਕਰਕੇ ਬਾਬੂ ਜੀ ਸਰਕਾਰੀ ਹਾਈ ਸਕੂਲ ਮੋਗਾ ਵਿਖੇ ਸਪੈਸ਼ਲ ਕਲਾਸ ਵਿੱਚ ਦਾਖਲ ਹੋ ਗਏ। ਸੌ ਲੜਕਿਆਂ ਦੀ ਜਮਾਤ ਵਿੱਚੋਂ ਉਹ ਸਿਰਫ ਪੰਜ ਲੜਕੇ ਅੱਬਲ ਨੰਬਰ ਤੇ ਆਏ। ਰਜਬਅਲੀ ਸਾਹੋਕੇ, ਸੰਤੋਖ ਸਿੰਘ ਤੇ ਬੱਗਾ ਸਿੰਘ ਡਰੌਲੀ ਭਾਈ, ਇੰਦਰ ਸਿੰਘ ਰਣੀਆਂ ਤੇ ਈਸ਼ਰ ਸਿੰਘ ਦੌਧਰ। ਅਤੇ ਉਹ ਛੇਵੀਂ ਕਲਾਸ ਵਿੱਚ ਹੋ ਗਏ।

ਬਾਬੂ ਜੀ ਨੇ ਜੀਵਨ ਵਿੱਚ ਵਾਪਰੀ ਇੱਕ ਅਨੋਖੀ ਘਟਨਾ ਦਾ ਜ਼ਿਕਰ ਆਪਣੀ ਜ਼ੁਬਾਨੀ ਇਸ ਤਰ੍ਹਾਂ ਕੀਤਾ ਹੈ ਕਿ ਮੈਂ ਕੁਦਰਤੀ ਸਾਰਾ ਸਾਲ ਹੀ ਬਿਮਾਰ ਰਿਹਾ। ਬੜੇ ਹੀ ਦਾਰੂ ਦਰਮਲ ਕੀਤੇ, ਜੋਗ ਜਾਪ ਕਰਵਾਏ, ਵੈਦਾਂ ਹਕੀਮਾਂ ਨੇ ਹਰ ਹੀਲਾ ਵਰਤਿਆ ਪਰ ਕੁਦਰਤ ਕਾਦਰ ਦੀ, ਮਰਜ਼ ਘਟਣ ਦੀ ਬਜਾਏ ਵਧਦੀ ਹੀ ਜਾਏ। ਰੋਗ ਬਢਤਾ ਹੀ ਗਿਆ ਜੂੰ-ਜੂੰ ਦਵਾ ਕੀ, ਮੇਰੇ ਤੰਦਰੁਸਤ ਹੋਣ ਦੀ ਉਮੀਦ ਘਟ ਚੱਲੀ ਸੀ ਤੇ ਮੇਰੇ ਮਰ ਜਾਣ ਦਾ ਡਰ ਵਧ ਚੱਲਿਆ। ਮੇਰੀ ਮਾਂ ਤੇ ਮੇਰੀ 'ਮੌਤ' ਦੋਨੋਂ ਹੀ ਮੇਰੇ ਵੱਲ ਭੁੱਖੀਆਂ ਨਜ਼ਰਾਂ ਨਾਲ ਨੀਝ ਲਾਕੇ ਵੇਖ ਰਹੀਆਂ ਸਨ। ਅੱਜ ਭੱਲਕ ਮੈਂ ਕਿਸ ਦੀ ਗੋਦੀ ਦਾ ਸ਼ਿੰਗਾਰ ਬਣਨਾ ਹੈ, ਇਹ ਫੈਸਲਾ ਹੋਣਾ ਅਜੇ ਬਾਕੀ ਸੀ। ਮੈਂ ਆਪਣੇ ਮਾਂ-ਪਿਓ ਦਾ ਇਕਲੌਤਾ ਬੇਟਾ ਅਤੇ ਆਪਣੀਆਂ ਪਿਆਰੀਆਂ ਚਾਰ ਭੈਣਾਂ ਦਾ ਇਕੱਲਾ ਵੀਰ ਅੰਤਮ ਸੁਆਸਾਂ ਤੇ ਪਿਆ ਸਾਂ। ਕੁੱਲ ਮਿਲਾਕੇ

ਉਲਟੀ ਗਿਣਤੀ ਸ਼ੁਰੂ ਹੋ ਚੁੱਕੀ ਸੀ। ਮੇਰੇ ਪਲੰਘ ਤੇ 'ਜ਼ਿੰਦਗੀ ਤੇ ਮੌਤ' ਦਾ ਘੋਲ ਹੋ ਰਿਹਾ ਸੀ ਅਤੇ ਮੇਰਾ ਪ੍ਰੀਵਾਰ ਬੇਵਸ ਤੇ ਲਾਚਾਰ ਹੰਝੂ ਵਹਾ ਕੇ ਵੇਖ ਰਿਹਾ ਸੀ, ਕਿ ਫੈਸਲਾ ਕਿਸ ਦੇ ਹੱਕ ਵਿੱਚ ਹੁੰਦਾ ਹੈ, ਜ਼ਿੰਦਗੀ ਦੇ ਜਾਂ ਮੌਤ ਦੇ ? ਲਾ-ਪਾ ਕੇ ਮੇਰੇ ਪ੍ਰੀਵਾਰ ਨੂੰ ਜ਼ਿੰਦਗੀ ਵਿੱਚ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪੈਣ ਹੀ ਵਾਲਾ ਸੀ।

ਐਨ ਉਸ ਵੇਲੇ ਕਹਿੰਦੇ ਹਨ ਮੇਰੀ ਮਾਂ 'ਜਿਊਣੀ', ਨੇ ਮੇਰੇ ਪਲੰਘ ਦੇ ਦੁਆਲੇ ਸੱਤ ਚੱਕਰ ਲਾਏ ਤੇ ਆਪਣੇ ਸਿਰ ਦੇ ਪੱਲੂ ਦੀ ਝੋਲੀ ਕਰ ਕੇ ਦੁਆ ਕੀਤੀ ਕਿ ਐ ਮੇਰੇ ਬਖਸ਼ਣ ਹਾਰ ਅੱਲਾ ਤਾਲਾ ! ਮੇਰੇ ਬੇਟੇ ਦੀ ਜਿੰਨੀ ਵੀ ਜ਼ੈਹਿਮਤ ਹੈ, ਇਹ ਮੇਰੀ ਝੋਲੀ ਵਿੱਚ ਪਾ ਦੇਹ ਅਤੇ ਮੇਰੇ ਪਿਆਰੇ ਬੇਟੇ ਦੀ ਜ਼ਿੰਦਗੀ ਮੈਨੂੰ ਬਖਸ਼ ਦੇ। ਇਸ ਦੇ ਬਦਲੇ ਮੇਰੀ ਜਾਨ ਲੈ ਲੈ।

ਮੇਰੀ ਮਾਂ ਦੀ ਸੱਚੇ ਦਿਲੋਂ ਕੀਤੀ ਅਰਦਾਸ ਖੁਦਾ ਨੇ ਮਨਜ਼ੂਰ ਕਰ ਲਈ ਤੇ ਕਾਦਰ ਦੀ ਕੁਦਰਤ ਦਾ ਐਸਾ ਕ੍ਰਿਸ਼ਮਾ ਹੋਇਆ ਕਿ ਸਹੀ ਇੱਕ ਹਫਤੇ ਦੇ ਅੰਦਰ ਅੰਦਰ ਮੈਂ ਬਿਲਕੁਲ ਤੰਦਰੁਸਤ ਤੇ ਸੇਹਤ ਮੰਦ ਹੋ ਗਿਆ। ਪਰ ਮੇਰੀ ਪਿਆਰੀ ਮਾਂ ਜਿਊਣੀ ਮੰਜੀ ਵਿੱਚ ਪੈ ਗਈ। ਬੜਾ ਹੀ ਇਲਾਜ ਕਰਾਇਆ। ਮੇਰੀ ਮਾਂ ਬੜੀ ਧਾਰਮਿਕ ਨਿਸਚੇ ਤੇ ਵਿਸ਼ਵਾਸ ਵਾਲੀ ਇਸਤਰੀ ਸੀ। ਕਹਿੰਦੀ ਮੇਰਾ ਖੁਦਾ ਨਾਲ ਵਾਇਦਾ ਹੈ। ਕਿਸੇ ਦੁਆ ਦਾਰੂ ਦੀ ਲੋੜ ਨਹੀਂ। ਅੰਤ ਮੇਰੀ ਮਾਂ ਅੱਲਾ ਨੂੰ ਪਿਆਰੀ ਹੋ ਗਈ ਤੇ ਮੈਂ 'ਮਾਂ ਮੱਹਿਟਰ' ਹੋ ਗਿਆ। ਤਿਆਗ ਤੇ ਕੁਰਬਾਨੀ ਦੀ ਮੂਰਤ ਮੇਰੀ ਮਾਂ ਦੀ ਮਮਤਾ ਦੀ ਮੋਹਰ ਮੇਰੇ ਦਿਲ ਉਤੇ ਲੱਗ ਗਈ। ਬਾਅਦ ਵਿੱਚ ਜਦ ਮੈਂ ਕਿਸੇ ਵੀ ਕਿੱਸੇ ਵਿੱਚ ਮਾਂ ਦਾ ਪਾਤਰ ਚਿਤਰਨ ਦੀ ਕੋਸ਼ਿਸ਼ ਕਰਦਾ ਤਾਂ ਮੇਰੀ ਪਿਆਰੀ ਮਾਂ ਜਿਊਣੀ ਦੀ ਯਾਦ ਦਾ ਜਵਾਰ ਭਾਟਾ ਮੇਰੇ ਦਿਲ 'ਚੋਂ ਉਠਦਾ ਤੇ ਅੱਖਾਂ ਵਿੱਚੋਂ ਦੀ ਪਾਣੀ ਬਣ ਕੇ ਵਹਿ ਜਾਂਦਾ।

ਮਾਤਾ ਜਿਉਣੀ ਦੀ ਮੌਤ ਤੋਂ ਬਾਅਦ ਬਾਬੂ ਜੀ ਦੀ ਪਰਵਰਿਸ਼ ਵੱਡੀ ਭੈਣ ਬੀਬੀ ਭਾਗੀ ਨੇ ਕੀਤੀ ਤੇ ਬਾਬੂ ਜੀ ਨੂੰ ਮਾਵਾਂ ਵਾਲਾ ਮੋਹ ਅਤੇ ਭੈਣਾ ਵਾਲਾ ਪਿਆਰ ਦਿੱਤਾ। ਉਹ ਸਾਰੀ ਉਮਰ ਆਪਣੇ ਅੱਬਾ ਧਮਾਲੀ ਖਾਂ ਦੇ ਕੋਲ ਹੀ ਰਹੀ ਸੀ।

ਫੇਰ ਅੱਠਵੀਂ ਜਮਾਤ ਵਿੱਚੋਂ ਰਜਬ ਅਲੀ, ਸੰਤੋਖ ਸਿੰਘ ਤੇ ਗੋਕਲ ਚੰਦ ਸਲੀਣੇ ਵਾਲਾ ਵਜ਼ੀਫੇ ਵਾਸਤੇ ਫਿਰੋਜ਼ ਪੁਰ ਗਏ। ਪਰ ਤਿੰਨਾਂ ਵਿੱਚੋਂ ਕਿਸੇ ਦਾ ਵੀ ਵਜ਼ੀਫਾ ਨਹੀਂ ਲੱਗਿਆ। "ਇਹ ਪਹਿਲਾ ਮੌਕਾ ਸੀ ਜਦ ਮੇਰੇ ਹਿਸਾਬ ਦੇ ਸਵਾਲ ਗਲਤ ਹੋਏ। ਕਾਰਨ ਕੀ ਦੋ ਸਵਾਲਾਂ ਦੀ ਤਾਂ ਰਕਮ ਹੀ ਗਲਤ ਸੀ। ਮੇਰੇ ਵਿੱਚ ਇੱਕ ਨੁਕਸ ਸੀ ਕਿ ਮੈਂ ਸੰਗਾਲੂ ਬੜਾ ਸਾਂ। ਸੰਗ ਸੰਗ ਵਿੱਚ ਮੈਂ ਉਠ ਕੇ ਰਕਮ ਠੀਕ ਨਾ ਕਰਾਈ ਅਤੇ ਇਸ ਤਰ੍ਹਾਂ ਸਵਾਲ ਗਲਤ ਹੋ ਗਏ। ਮੈਂ ਐਨੀ ਸ਼ਰਮ ਮਹਿਸੂਸ ਕੀਤੀ ਕਿ ਉਥੋਂ ਸਰਟੀਫਿਕੇਟ ਕਟਾ ਕੇ ਬਲਜਿੰਦਰਾ ਹਾਈ ਸਕੂਲ ਫਰੀਦਕੋਟ ਦਾਖਲਾ ਲੈ ਲਿਆ। ਉਥੋਂ 1912 ਈ. ਵਿੱਚ ਸੈਂਕਡ ਡਵੀਜਨ ਵਿੱਚ ਮੈਟ੍ਰਿਕ ਪਾਸ ਕੀਤੀ।"

ਬਾਬੂ ਜੀ ਨੇ ਪੰਜਾਬੀ ਬੋਲੀ ਦੇ ਪਿਆਰ ਪ੍ਰਤੀ ਆਪਣੀ ਦਿਲੀ ਪ੍ਰੀਤ ਦਾ ਸਬੂਤ ਦਿੰਦਿਆਂ ਤੇ ਆਪਣੇ ਮੋਗਾ ਸਕੂਲ ਦੇ ਹਮਜਮਾਤੀ ਜਿਗਰੀ ਯਾਰਾਂ ਦਾ ਜ਼ਿਕਰ ਬੜੇ ਹੀ ਭਾਵ ਪੂਰਨ ਸ਼ਬਦਾਂ ਵਿੱਚ ਇਉਂ ਬਿਆਨ ਕੀਤਾ ਹੈ।

ਸੋਂਹਦੇ ਮਰਦ ਮੁਕਾਮੀ, ਕੀ ਗੱਲ ਸਮਝਣ ਲੋਕਲ ਜੀ।

ਮੇਰੇ ਨਾਲ ਮੋਗੇ ਪੜ੍ਹਿਆਂ। ਸੂਦ ਸਲੀਣਿਊ ਗੋਕਲ ਜੀ।
ਬਾਬੂ ਰੱਣੀਓਂ ਇੰਦਰ ਤੇ ਸੰਤੋਖ ਡਰੋਲੀ ਦਾ।
ਕਰਦੇ ਨਾ ਹਮਦਰਦੋਂ ਦਰਦ ਪੰਜਾਬੀ ਬੋਲੀ ਦਾ।

ਬਾਅਦ ਵਿੱਚ ਸਰਦਾਰ ਸੰਤੋਖ ਸਿੰਘ ਮੋਗੇ ਦਾ ਪ੍ਰਸਿੱਧ ਫੌਜਦਾਰੀ ਵਕੀਲ ਬਣਿਆਂ ਤੇ ਡਾ. ਗੋਕਲ ਚੰਦ ਦਯਾ ਨੰਦ ਯਾਦਗਾਰੀ ਵਿੱਦਿਅਕ ਸੰਸਥਾਵਾਂ ਦੀ ਉਮਰ ਭਰ ਸਕੱਤਰ ਦੀ ਸੇਵਾ ਨਿਭਾਉਂਦੇ ਰਹੇ। ਇਥੇ ਬਾਬੂ ਜੀ ਨੇ ਮੁਸਲਿਮ, ਹਿੰਦੂ ਤੇ ਸਿੱਖ ਜਮਾਤੀਆਂ ਦੀ ਯਾਦ ਪੰਜਾਬੀ ਬੋਲੀ ਦੀ ਪ੍ਰੀਤ ਵਿੱਚ ਪਰੋ ਕੇ ਜ਼ਿਕਰ ਕਰਨ ਦੀ ਬੜੀ ਹੀ ਕਮਾਲ ਦੀ ਕਾਰਾਗਰੀ ਵਿਖਾਈ ਹੈ।

ਪਿਤਾ ਧਮਾਲੀ ਖਾਂ ਦੀ ਗਾਉਣ ਤੇ ਖੇਡਾਂ ਵਿੱਚ ਰੁਚੀ ਹੋਣੀ ਬਾਬੂ ਜੀ ਦੇ ਖੂਨ ਵਿੱਚ ਕੁਦਰਤੀਂ ਸੀ, ਸੋ ਜਵਾਨੀ ਚੜ੍ਹਨ ਤੋਂ ਪਹਿਲਾਂ ਹੀ ਖੇਡਣ ਦਾ ਜੋਸ਼ ਅੰਦਰੋਂ ਜਵਾਰਭਾਟਾ ਬਣ ਕੇ ਉਠਿਆ। ਦੌੜ, ਲੰਮੀ ਛਾਲ ਲਾਉਣੀ, ਫੁਟਬਾਲ ਤੇ ਕ੍ਰਿਕੇਟ ਵਿੱਚ ਵੈਲ ਦੀ ਹੱਦ ਤੱਕ ਦਿਲਚਸਪੀ ਪੈਦਾ ਹੋ ਗਈ। ਛਾਲ ਲਾਉਣ ਦੀ ਸਮਰੱਥਾ ਤੇ ਸ਼ੌਕ ਤਾਂ ਉਹਨਾਂ ਨੇ ਢਲਦੀ ਜਵਾਨੀ ਤੱਕ ਬਰਕਰਾਰ ਰੱਖਿਆ। ਫਰੀਦਕੋਟ ਦੀ ਕ੍ਰਿਕਟ ਟੀਮ ਦੇ ਉਹ ਕਪਤਾਨ ਸਨ ਤੇ ਕਈ ਵਾਰੀ ਉਹ ਆਪਣੀ ਟੀਮ ਨੂੰ ਰਾਜ ਪੱਧਰ ਦੇ ਟੂਰਨਾਮੈਂਟਾਂ ਤੇ ਖੇਡਣ ਲਈ ਜਲੰਧਰ ਅਤੇ ਪਟਿਆਲੇ ਲੈ ਕੇ ਗਏ। ਇਸ ਗੱਲ ਦਾ ਸੰਕੇਤ ਬਾਬੂ ਜੀ ਦੀ ਇੱਕ ਕਵਿਤਾ ਵਿੱਚ ਮਿਲਦਾ ਹੈ ਜਿਸ ਵਿੱਚ ਉਨ੍ਹਾਂ ਨੇ ਆਪਣੀ ਜਨਮ ਭੂਮੀ ਦੇ ਵਿਛੋੜੇ ਤੇ ਬ੍ਰਿਹੋਂ ਦੀ ਵਿਆਖਿਆ ਵਿੱਚ ਮਿਲਣ ਦੀ ਤਾਂਘ ਤੇ ਤਰਲਿਆਂ ਦਾ ਵਰਨਣ ਵਿਸਥਾਰ ਪੂਰਬਕ ਕੀਤਾ ਹੈ.

ਵੇਖੇ ਕਿਲੇ ਰਿਆਸਤ ਦੇ, ਰਾਜ ਦੇ ਮੰਦਰ ਵੜੇ ਨਾ ਅੰਦਰ।
ਕਪਤਾਨ ਟੀਮ ਦਾ ਸਾਂ, ਖੇਡਣ ਗਏ ਕ੍ਰਿਕਟ ਜਲੰਧਰ।
ਕਦੇ ਮੈਂ ਤੇ ਅਰਜਣ ਨੇ ਮਾਰੀਆਂ ਸੇਖੇ ਝਿੜੀ ਛਲਾਂਗਾਂ।
ਮੈਨੂੰ ਉਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

(ਕਦੇ ਮੈਂ ਤੇ ਅਰਜਣ ਨੇ ਮਾਰੀਆਂ ਸੇਖੇ ਝਿੜੀ ਛਲਾਂਗਾਂ) ਮਗਰੋਂ ਜਦੋਂ ਉਹ ਕੈਰਿਆਂ ਦੀ ਕੋਠੀ ਵਿੱਚ ਓਵਰਸੀਅਰ ਦੇ ਅਹੁਦੇ ਤੇ ਤਾਇਨਾਤ ਸਨ, ਉਸ ਵੇਲੇ ਛੋਟੇ ਸੇਖੇ (ਸੇਖਾ ਖੁਰਦ) ਸੰਤਾਂ ਦੇ ਛਿਮਾਹੀ ਮੇਲਾ ਲੱਗਦਾ ਹੁੰਦਾ ਸੀ। ਉਥੇ ਮੱਲ੍ਹਕਿਆਂ ਦੇ ਵਰਿਆਮ, ਸੇਖੇ ਦੇ ਬੱਦਨੇ ਤੇ ਵਾਦਰਾਂ ਦੇ ਮੱਲ ਸਿੰਘ ਨੇ ਝੰਡੀ ਕਰ ਦਿੱਤੀ ਕਿ ਕੋਈ ਮਰਜ਼ੀ ਸਾਡੇ ਨਾਲ ਛਾਲ੍ਹਾਂ ਲਾਕੇ ਵੇਖ ਲਵੇ। ਇਸ ਵੰਗਾਰ ਦਾ ਚੁਕਵਾਂ ਉਤਰ ਦੇਣ ਲਈ ਸਾਹੋ ਵਾਲਿਆਂ ਨੇ ਸਲਾਹ ਕਰਕੇ ਤੁਰੰਤ ਠਾਣਾ ਸਿੰਘ ਨੂੰ ਘੋੜੇ ਤੇ (ਕੈਰਿਆਂ) ਦੀ ਕੋਠੀ 'ਚੋਂ ਬਾਬੂ ਜੀ ਨੂੰ ਲੈਣ ਭੇਜ ਦਿੱਤਾ।' ਜੋ ਸਾਹੋ ਤੋਂ ਲਗ-ਭਗ 42 ਮੀਲ ਵਾਟ ਹੈ। ਅਗਲੇ ਦਿਨ ਬਾਬੂ ਜੀ ਨੇ ਤਾਰ ਰਾਹੀਂ ਛੁੱਟੀ ਭੇਜੀ ਤੇ ਆਪਣੀ ਦੁਲੀ ਘੋੜੀ ਉਤੇ ਚੜ੍ਹ ਕੇ ਭਦੌੜ ਆਕੇ ਰਾਤ ਕੱਟੀ। ਅਗਲੇ ਦਿਨ ਰੋਟੀ ਖਾਕੇ ਚੱਲੇ ਦੁਪਹਿਰ ਨੂੰ ਮੇਲੇ ਵਿੱਚ ਪਹੁੰਚ ਗਏ। ਅੱਗੇ ਲੋਕ ਈਦ ਦੇ ਚੰਦ ਵਾਂਗ ਉਡੀਕ ਵਿੱਚ ਅੱਧੇ ਹੋਏ ਬੈਠੇ ਸਨ।

ਬਾਬੂ ਜੀ ਨੂੰ ਵੇਖ ਕੇ ਸਾਹੋ ਵਾਲਿਆਂ ਦੇ ਚਿਹਰੇ ਫੁੱਲ ਵਾਂਗੂੰ ਖਿੜ ਗਏ। ਉਹ ਚਾਅ

ਨਾਲ ਚੌੜੇ ਹੋਕੇ ਝੱਗੇ ਵਿੱਚ ਫਸੇ ਫਿਰਦੇ ਸਨ। ਬਾਬੂ ਜੀ ਨੇ ਗਰਾਊਂਡ ਵਿੱਚ ਪਹੁੰਚ ਕੇ ਕੁਲਾ, ਪੈਨ ਤੇ ਸਲਵਾਰ ਲਾਹ ਕੇ ਝੰਡਾ ਸਿੰਘ ਨੂੰ ਫੜਾ ਦਿੱਤੇ। ਮੇਲੇ ਦੇ ਝੰਡੀ ਬਰਦਾਰ ਮੱਲ ਸਿੰਘ ਵਰਿਆਮ ਤੇ ਬਦਨਾ ਵੀ ਆ ਗਏ। ਸਾਰਿਆਂ ਪੂਰਾ ਜ਼ੋਰ ਲਾ ਛਾਲਾਂ ਮਾਰੀਆਂ। ਫਿਰ ਜਦ ਆਈ ਬਾਬੂ ਜੀ ਦੀ ਵਾਰੀ, ਉਹ ਦਿੱਤੇ ਹੋਏ ਨਿਸ਼ਾਨੇ ਤੋਂ ਸਿਰ ਪੱਟ ਦੌੜਿਆ ਤੇ ਲਕੀਰ ਤੇ ਆਕੇ ਇੱਕ ਦਮ ਟੁੱਟੇ-ਫੱਨਰ ਵਾਂਗ ਬੁੜ੍ਹਕਿਆ ਤੇ ਪੂਰੇ ਪੰਦਰਾਂ ਹੱਥ ਛਾਲ ਮਾਰ ਕੇ ਝੰਡੀ ਜਿੱਤੀ। ਲੋਕਾਂ ਨੇ ਦਿਲ ਖੋਹਲ ਕੇ ਇਨਾਮ, ਸ਼ਾਬਾਸ਼ ਤੇ ਦੁਆਵਾਂ ਦਿੱਤੀਆਂ। ਛਾਲਾਂ ਵਿੱਚ ਤਾਂ ਬਾਬੂ ਜੀ ਨੇ ਇੱਕ ਵਾਰ ਬਠਿੰਡੇ ਹਾਜੀਰਤਨ ਦੇ ਮੇਲੇ ਤੇ ਮਹਾਰਾਜਾ ਪਟਿਆਲਾ ਦੇ ਜਵਾਨਾਂ ਨੂੰ ਵੀ ਪਛਾੜ ਦਿੱਤਾ ਸੀ।

ਇਉਂ ਖੇਡਾਂ ਖੇਡਦਿਆਂ ਬਾਬੂ ਜੀ ਨੇ ਆਪਣੇ ਲਾਇਕ ਉਸਤਾਦਾਂ ਦੀ ਨਿਗਰਾਨੀ ਤੇ ਦਇਆ ਦ੍ਰਿਸ਼ਟੀ ਹੇਠ 1912 ਵਿੱਚ ਮੈਟ੍ਰਿਕ ਪਾਸ ਕੀਤੀ ਅਤੇ ਬਰਜਿੰਦਰਾ ਹਾਈ ਸਕੂਲ ਦੇ ਹੈਡਮਾਸਟਰ ਪੰਡਤ ਸ੍ਰੀ ਨਿਵਾਸ ਜੀ ਤੋਂ ਪੰਜਾਬੀ, ਫਾਰਸੀ, ਉਰਦੂ ਤੇ ਅੰਗਰੇਜ਼ੀ ਦੇ ਪਿੰਗਲ ਪੜ੍ਹੇ ਜਿਸ ਦਾ ਜ਼ਿਕਰ ਉਨ੍ਹਾਂ ਨੇ ਕਿਸੱਾ (ਸੁੱਚਾ ਸੂਰਮਾ) ਦੀ ਇੱਕ ਕਵਿਤਾ ਵਿੱਚ ਇਸ ਤਰ੍ਹਾਂ ਕੀਤਾ ਹੈ।

ਖੱਤ ਲਿਖੇ ਸੁੱਚੇ ਨੂੰ, ਨਰੈਣਾ ਸੜਿਆ ਵਿਆ।
ਬਾਬੂ ਜੀ ਪਿੰਗਲ, ਅੰਗਰੇਜ਼ੀ ਪੜ੍ਹਿਆ ਵਿਆ।

ਦਸਵੀਂ ਦਾ ਨਤੀਜਾ ਆਉਣ ਹੀ ਵਾਲਾ ਸੀ ਤੇ ਇੱਕ ਦਿਨ ਪੰਡਤ ਸ੍ਰੀ ਨਿਵਾਸ ਜੀ ਅਖਬਾਰ ਪੜ੍ਹੀ ਜਾ ਰਹੇ ਸਨ। ਬਾਬੂ ਜੀ ਬੜੇ ਹੀ ਆਦਰ ਨਾਲ ਆਪਣੇ ਉਸਤਾਦ ਦੇ ਚਰਨਾ ਵਿੱਚ ਬੈਠ ਗਏ। ਪੰਡਤ ਜੀ ਕਹਿਣ ਲੱਗੇ ਬਈ ਰਜਬ, ਸੁੱਖ ਨਾਲ ਅੱਜ ਭਲਕ ਤੁਹਾਡਾ ਨਤੀਜਾ ਵੀ ਆ ਜਾਣਾ ਹੈ ਤੇ ਆਹ ਅਖਬਾਰ ਵਿੱਚ ਇੱਕ ਖ਼ਬਰ ਆਈ ਹੈ, ਬੜੀ ਚੰਗੀ ਕਿ ਗੁਜਰਾਤ ਵਿੱਚ ਰਸੂਲ ਵਿਖੇ ਇੱਕ ਨਵਾਂ ਇੰਜਨਅਰਿੰਗ ਕਾਲਜ ਖੁੱਲ੍ਹ ਰਿਹਾ ਹੈ। ਜਿਸ ਵਿੱਚੋਂ ਲੜਕੇ ਓਵਰਸੀਅਰ ਬਣ ਕੇ ਨਿਕਲਣਗੇ ਤੇ ਆਹ ਪਤੇ ਉਤੇ ਅੱਜ ਹੀ ਫਾਰਮ ਭਰਕੇ ਭੇਜ ਦਿਓ। ਇਹ ਬਾਬੂ ਜੀ ਤੇ ਉਨ੍ਹਾਂ ਦੇ ਅੱਬਾ ਜਾਨ ਧਮਾਲੀ ਖਾਂ ਦੇ ਮਨ ਭਾਉਂਦੀ ਗੱਲ ਸੀ। ਆਂਹਦੇ ਹੁੰਦੇ ਐ (ਸਾਧ ਲੌਂਗੋਵਾਲ ਦਾ ਤੇ ਏਹੀ ਗੱਲਾਂ ਭਾਲਦਾ) ਸੁਣ ਕੇ ਬਾਬੂ ਜੀ ਨੂੰ ਚਾਅ ਚੜ੍ਹ ਗਿਆ। ਉਸ ਆਪਣੇ ਉਸਤਾਦ ਸ੍ਰੀ. ਰਾਮ ਨਿਵਾਸ ਜੀ ਦਾ ਹੁਕਮ ਤੇ ਅਸ਼ੀਰਬਾਦ ਪ੍ਰਾਪਤ ਕਰਕੇ ਅਰਜ਼ੀ ਲਿਖੀ ਤੇ ਦਿੱਤਾ ਹੋਇਆ ਪਤਾ ਲਿਖ ਕੇ ਪੋਸਟ ਕਰ ਦਿੱਤੀ। ਤੇ ਆਪ ਪਿੰਡ ਆ ਗਏ, ਕਿਉਂਕਿ ਉਦੋਂ ਡਾਕ ਦਾ ਪ੍ਰਬੰਧ ਐਡਾ ਵਧੀਆ ਨਹੀਂ ਸੀ ਹੁੰਦਾ। ਤਾਰ ਉਨ੍ਹਾਂ ਨੂੰ ਚਾਰ ਦਿਨ ਪਛੜ ਕੇ ਮਿਲੀ। ਜਦੋਂ ਚਿੱਠੀ ਤੇ ਸਰਟੀਫਿਕੇਟ ਲੈਕੇ ਰਸੂਲ ਪੁੱਜਾ ਤਾਂ ਕਲਰਕ ਨੇ ਕਿਹਾ ਕਾਕਾ-ਹੁਣ ਤਾਂ ਦਾਖਲਾ ਬੰਦ ਹੋ ਚੁੱਕਿਆ ਹੈ ਤੇ ਨਾਲੇ ਤੇਰੀ ਫਾਇਲ ਵਿੱਚ ਮੈਡੀਕਲ ਸਰਟੀਫਿਕੇਟ ਨਹੀਂ ਲੱਗਿਆ। ਸੋ ਹੁਣ ਤਾਂ ਕੁਝ ਵੀ ਨਹੀਂ ਹੋ ਸਕਦਾ।

ਬਾਬੂ ਜੀ ਨੂੰ ਬੜੀ ਨਿਰਾਸ਼ਾ ਹੋਈ ਤੇ ਉਨ੍ਹਾਂ 12 ਘੰਟਿਆਂ ਦੀ ਵਰ੍ਹੇ ਜਿੱਡੀ ਰਾਤ ਮਸਾਂ ਲੰਘਾਈ ਜਿਸ ਦਾ ਵਰਨਣ ਉਨ੍ਹਾਂ ਨੇ ਇਸ ਤਰ੍ਹਾਂ ਕੀਤਾ ਹੈ।.....ਮੈਂ ਰਾਤ ਨੂੰ ਰੋਟੀ ਨਾ ਖਾਧੀ ਤੇ ਸਾਰੀ ਰਾਤ ਰੋਂਦਾ ਰਿਹਾ। ਮੈਂ ਫੱਟੜ ਸੱਪ ਵਾਂਗ ਪਾਸੇ ਮਾਰ ਮਾਰ ਕੇ ਰਾਤ ਗੁਜ਼ਾਰੀ। ਮੈਂ

ਰਾਤ ਭਰ ਦਾਖਲੇ ਲਈ ਖੁਦਾ ਅੱਗੇ ਬੇਨਤੀਆਂ ਕਰਦਾ ਰਿਹਾ।

ਤੜਕੇ ਉਠਕੇ ਜਦ ਮੈਂ ਦੁਬਾਰਾ ਕਲਰਕ ਨੂੰ ਮਿਲਿਆ ਤਾਂ ਉਸ ਦੀ ਡੀਲੰਗ 'ਚ ਜ਼ਮੀਨ ਅਸਮਾਨ ਦਾ ਫਰਕ ਆ ਚੁੱਕਿਆ ਸੀ। ਕਹਿਣ ਲੱਗਾ-'ਕਾਕਾ ਤੈਨੂੰ ਦਾਖਲ ਤਾਂ ਲੈਨੇ ਆਂ ਕਰ ਤੇ ਅਗਲੇ ਹਫਤੇ ਮੈਡੀਕਲ ਸਰਟੀਫਿਕੇਟ ਲੈ ਕੇ ਪਹੁੰਚ ਜਾਣਾ।'

ਇਸ ਤਰ੍ਹਾਂ ਰਸੂਲੋਂ ਓਵਰਸੀਅਰ ਦੀ ਟਰੇਨਿੰਗ ਕੀਤੀ। ਉਥੇ ਹੀ ਉਹ ਫੁੱਟਬਾਲ ਦੇ ਵਧੀਆ ਪਲੇਅਰ ਬਣੇ ਤੇ ਬਹੁਤ ਸਾਰੇ ਮੈਚ ਜਿੱਤ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ। ਨਤੀਜੇ ਵਿੱਚੋਂ ਉਹ ਪੰਜਵੇਂ ਨੰਬਰ ਤੇ ਆਏ। ਏਸੇ ਸਾਲ ਓਵਰਸੀਅਰ ਦੇ ਅਹੁਦੇ ਲਈ 12 ਪੱਕੀਆਂ ਅਸਾਮੀਆਂ ਨਿਕਲੀਆਂ। 3 ਹਿੰਦੂਆਂ ਲਈ 3 ਸਿੱਖਾਂ ਅਤੇ 6 ਮੁਸਲਮਾਨਾਂ ਲਈ! ਲਾਇਕ ਵਿਦਿਆਰਥੀਆਂ ਨੂੰ ਪੰਜਾਬ ਭਰ ਵਿੱਚ ਲੈਵਲਿੰਗ ਕਰਨ ਲਈ ਭੇਜਿਆ ਗਿਆ। ਇਸ ਤਰ੍ਹਾਂ ਪਹਿਲੀ ਨਿਯੁਕਤੀ ਮੁਲਤਾਨ ਵਿਖੇ ਹੋਈ। ਜਿੱਥੇ ਉਨ੍ਹਾਂ ਨੂੰ ਇੱਕ ਓਵਰਸੀਅਰ ਨਾਲ ਅਟੈਚ ਕੀਤਾ ਗਿਆ। ਇਸ ਗੱਲ ਦਾ ਜ਼ਿਕਰ ਉਨ੍ਹਾਂ ਇੱਕ ਕਵਿਤਾ ਵਿੱਚ ਕੀਤਾ ਹੈ, ਜਿਸ ਵਿੱਚ ਉਨ੍ਹਾਂ ਨੇ ਸਰਹੱਦਾਂ ਦੇ ਰਾਖੇ, ਦੇਸ ਤੋਂ ਮਰ ਮਿਟਣ ਵਾਲੇ ਫੌਜੀ ਵੀਰਾਂ ਨੂੰ ਸੱਚੀ ਸੁੱਚੀ ਸਲਾਮੀ ਦੇਣ ਲਈ ਲਿਖੀ ਹੈ।

ਮੋਗੇ ਅੱਠ ਜਮਾਤਾਂ ਜੀ, ਮੈਟ੍ਰਿਕ ਕੋਟ ਫਰੀਦੋਂ ਕੀਤੀ, ਦੇਸ਼ ਕੁੱਲ ਜਾਣੇ।
ਬਾਬੂ ਬਣਿਆਂ ਰਸੂਲੋਂ ਜੀ, ਮੇਰੀ ਸਾਰੀ ਉਮਰ ਐਸ਼ ਨਾਲ ਬੀਤੀ, ਬੜੇ ਸੁੱਖ ਮਾਣੇ।
ਪੰਜ ਪੜ੍ਹਿਆ ਬੰਬੀਹੇ ਜੀ, ਸਾਹੋ ਤੋਂ ਡੇਢ ਮੀਲ ਪਿੰਡ ਪਿਆਰਾ, ਸਕੂਲ ਬੰਬੀਹੋਂ।
ਫੌਜੀ ਦੇਸ਼ ਪੰਜਾਬ ਦਿਓ, ਤੁਮੇ ਸੌ ਸੌ ਪ੍ਰਣਾਮ ਹਮਾਰਾ, ਮਾਂ ਦਿਉ ਸ਼ੀਹੋਂ।

ਬਾਬੂ ਜੀ ਦਾ ਬਤੌਰ ਓਵਰਸੀਅਰ ਦਾ 'ਸ੍ਰੀ ਗਣੇਸ਼', ਬੰਗਲਾ ਗੌਹਾਟੀ ਤਹਿਸੀਲ ਮਰਦਾਨ, ਜ਼ਿਲ੍ਹਾ ਪਿਸ਼ਾਵਰ ਤੋਂ ਹੋਇਆ। ਇਹ ਇੱਕ ਅਜੇਹਾ ਇਲਾਕਾ ਸੀ ਜਿੱਥੇ ਪੂਰੀ ਦੀ ਪੂਰੀ ਵਾਸੋਂ ਪਠਾਣਾਂ ਦੀ ਸੀ ਅਤੇ ਉਥੇ ਉਨ੍ਹਾਂ ਨੂੰ ਤਨਖਾਹ ਤੋਂ ਇਲਾਵਾ 25 ਰੁਪਏ ਵੱਖਰਾ ਅਲਾਉਂਸ ਮਿਲਦਾ ਸੀ। ਜਵਾਨੀ ਦੀ ਸਿਖਰ ਦਪਿਹਰ, ਖੁਸ਼ਹਾਲ ਇਲਾਕਾ, ਕਵਾਰਾ ਅਫਸਰ, ਖੁੱਲ੍ਹੀ ਤਨਖਾਹ, ਸਾਹਿਤ ਦਾ ਇਸ਼ਕ ਅਤੇ ਵਾਧੂ ਸਮਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਸੀ। ਆਪਣੇ ਉਤੇ ਵਰਤੀਆਂ ਨੌਂ ਨਿੱਧਾਂ ਤੇ ਬਾਰਾਂ ਸਿੱਧਾਂ ਦਾ ਵਰਨਣ ਤੇ ਮਾਲਕ ਵੱਲੋਂ ਬਖਸ਼ੇ ਮਨਭਾਉਂਦੇ ਮਹੌਲ ਨੂੰ ਇਹਨਾਂ ਸ਼ਬਦਾਂ ਵਿੱਚ ਅੰਕਿਤ ਕੀਤਾ ਹੈ।

ਕਰ ਅਟੈਰੈਸ ਪਾਸ ਸਕੂਲੋਂ, ਓਵਰਸੀਅਰ ਬਣੇ ਰਸੂਲੋਂ।
ਜ਼ਿਲ੍ਹੇ ਪਿਸ਼ੌਰ ਨਹਿਰ ਵਿੱਚ ਭਰਤੀ, ਦੌਲਤ ਪਾਣੀ ਵਾਂਗੂੰ ਵਰਤੀ।
ਬਹੁਤ ਬਹਾਰਾਂ ਮਾਣੀਆਂ, ਸੁਰਖ ਮਖਮਲਾਂ ਵਰਗੇ ਫਿਰਨ ਪਠਾਣ ਪਠਾਣੀਆਂ।

ਬਾਬੂ ਜੀ ਨੇ ਇਸ ਖੁਸ਼ਹਾਲ ਇਲਾਕੇ ਤੇ ਸਿਹਤਮੰਦ ਸਮਾਜ ਦੀ ਸਲ੍ਹਾਇਤਾ ਬੜੇ ਸ਼ਾਨਦਾਰ ਢੰਗ ਨਾਲ ਕੀਤੀ ਹੈ। ਪਠਾਣ ਮਾਵਾਂ ਨੇ ਦਿਲ ਲਾਕੇ ਦੁੱਧ ਨਾਲ 'ਦੋਜ਼', (ਕਾਜੂ, ਬਾਦਮ, ਖਸਖਸ ਰਗੜੀ) ਖਵਾਕੇ ਪਾਲੇ ਮੁੰਡੇ ਕੁੜੀਆਂ ਦੇ ਗੁੰਦਮੇ ਬਦਨ, ਛਾਟਵੇਂ ਸਰੀਰ, ਚਿਲਕਦੇ ਚਿਹਰੇ ਤੇ ਮੱਖਣੀ ਵਿੱਚ ਮਲੇ ਸੰਧੂਰ ਵਰਗੇ ਸੁਰਖ ਰੰਗ, ਗੱਲ ਕੀ ਬਾਬੂ ਜੀ ਨੇ ਹੁਸਨ ਦੀ ਹਵਾ ਵਿੱਚ ਰਹਿਕੇ ਆਪਣੀ ਪਹਿਲੀ ਰਚਨਾ (ਹੀਰ ਰਜਬ ਅਲੀ) ਛੰਦਾ ਬੰਦੀ

ਵਿੱਚ ਲਿਖੀ ਜਿਸ ਦਾ ਮੇਹਣਾ ਉਨ੍ਹਾਂ ਦੇ ਬਾਪੂ ਧਮਾਲੀ ਖਾਂ ਨੇ ਉਸ ਨੂੰ ਬਚਪਨ ਵਿੱਚ ਮਾਰਿਆ ਸੀ ਕਿ ਤੂੰ ਤਾਂ ਕਿਤੇ ਮੇਰੇ ਵਰਗੀ ਹੀਰ ਲਿਖ ਨਾ ਲਵੇਂ। ਗੁਹਾਟੀ ਰਹਿੰਦਿਆਂ ਬਾਬੂ ਜੀ ਨੇ ਆਪਣੇ ਪਿਤਾ ਦੇ ਆਪਣੇ ਸਿਰ ਚੜ੍ਹੇ ਦੋ ਉਲਾਂਭੇ ਲਾਹੇ। ਇੱਕ ਤਾਂ ਹੀਰ ਲਿਖਣ ਦਾ ਤੇ ਦੂਜਾ 'ਬਾਬੂ' ਬਣਨ ਦਾ। ਡਿਊਟੀ ਤੋਂ ਇਲਾਵਾ ਬਾਬੂ ਜੀ ਕੋਲ ਬਹੁਤ ਸਾਰਾ ਸਮਾਂ ਪੜ੍ਹਣ ਲਈ ਬਚ ਜਾਂਦਾ ਸੀ। ਜਿਸ ਵਿੱਚ ਉਨ੍ਹਾਂ ਨੇ ਵਿਸ਼ਵ ਦਾ ਇਤਿਹਾਸ ਮਿਥਿਹਾਸ ਵਾਰਤਕ ਤੇ ਕਵਿਤਾ ਦੇ ਰੂਪ ਵਿੱਚ ਬੜੀ ਬਰੀਕੀ ਨਾਲ ਵਾਚ ਕੀਤਾ। ਉਨ੍ਹਾਂ ਨੇ ਪੰਜਾਬ ਦੀ ਕਵੀਸ਼ਰੀ ਅਤੇ ਕਿੱਸਾ ਕਾਵਿ ਨੂੰ ਸਾਹਿਤਕਾਰੀ ਦਾ ਕੇਂਦਰ ਬਿੰਦੂ ਮੰਨ ਕੇ, ਆਪਣੀ ਕਲਮ ਨੂੰ ਇਸ ਤੇ ਹੀ ਕੇਂਦਰਤ ਕੀਤਾ।

1914 ਤੋਂ 1915 ਤੱਕ ਇੱਕ ਸਾਲ ਬਾਅਦ ਗੌਹਾਟੀ ਤੋਂ ਬਦਲ ਕੇ ਉਹ ਜਗਰਾਂਓ ਵਿੱਚ ਸਰਹੰਦ ਨੈਹਿਰ ਉਤੇ 'ਅਖਾੜਾ', ਕੋਠੀ ਡਿਊਟੀ ਜੁਆਇਨ ਕਰਕੇ ਪਿੰਡ ਆ ਗਏ। ਦੁਆ ਸਲਾਮ ਤੋਂ ਬਾਅਦ ਆਪਣੇ ਅੱਬਾ ਜਾਨ ਨੂੰ ਮੁਸਕਰਾਕੇ ਕਹਿੰਦੇ-ਬਾਪੂ ਜੀ ਮੈਂ ਆਪਣੇ ਸਿਰ ਤੋਂ ਦੋ ਉਲਾਂਭੇ ਲਾਹਕੇ ਅਤੇ ਤੁਹਾਡੀਆਂ ਦੋ ਖਾਹਿਸ਼ਾਂ ਪੂਰੀਆਂ ਕਰ ਦਿੱਤੀਆਂ। ਨੰਬਰ ਇੱਕ ਤਾਂ ਆਹ ਲਉ ਮੇਰੀ ਆਪਣੀ ਲਿਖੀ 'ਹੀਰ' ਤੇ ਨੰਬਰ ਦੋ ਮੇਰੇ ਤਾਏ ਇੰਦਰ ਸਿੰਘ ਨੂੰ ਦੱਸ ਦੇਓ ਕਿ ਮੇਰਾ 'ਰਜਬ ਅਲੀ' ਬਾਬੂ ਬਣ ਗਿਆ।

ਸਹੀ ਪੰਦਰਾਂ ਸਾਲਾਂ ਬਾਅਦ ਧਮਾਲੀ ਖਾਂ ਨੇ ਸੱਥ ਵਿੱਚ ਬੈਠੇ ਇੰਦਰ ਸਿੰਘ ਨੂੰ ਗੱਲ ਯਾਦ ਕਰਾਈ-"ਲੈ ਵਈ ਇੰਦਰ ਸਿਆਂ ਮੇਰਾ ਮੁੰਡਾ ਪੜ੍ਹ ਲਿਖ ਕੇ ਸੱਚੀਂ ਬਾਬੂ ਬਣ ਗਿਆ ਹੈ।" ਵੈਸੇ ਤਾਂ ਬਾਬੂ ਜੀ ਨੇ ਵੱਖ ਵੱਖ ਵਿਸ਼ਿਆਂ ਦੇ ਮਾਹਿਰ ਉਸਤਾਦਾਂ ਤੋਂ ਵਿੱਦਿਆ ਹਾਸਲ ਕੀਤੀ। ਇਸ ਗੱਲ ਦੀ ਭਿਣਕ ਉਨ੍ਹਾਂ ਦੀ ਕਵਿਤਾ 'ਵੰਦਨਾ' ਦੇ ਦੂਜੇ ਬੰਦ ਦੀ ਪਾਸ਼ੂ ਟੇਕ ਵਿੱਚ ਪੈਂਦੀ ਹੈ।

ਬੌਹੁਤਿਆਂ ਫੜ ਉਸਤਾਦਾਂ ਮਿੱਧਿਆ, ਫਾਰਸੀ ਇੰਗਲਿਸ਼ ਪੜ੍ਹ ਲੀ ਵਿੱਦਿਆ।
ਰੱਬਾ ਇਕ ਤੇਰੇ ਵਾਝੋਂ ਜੀ, ਅਜੇ ਵੀ ਪਵੇ ਅੱਖਾਂ ਵਿੱਚ ਝੱਲਾ, ਵਿੱਚ ਖੜੇ ਕਚਿਹਰੀ ਦੇ, ਤੇਰਾ ਨਾਮ ਜੱਪਣ ਕਵੀਸ਼ਰ ਮੌਲਾ।

ਬਾਬੂ ਜੀ ਨੇ ਆਪਣੇ ਸਕੂਲ ਦੇ ਹੈਡ ਮਾਸਟਰ ਪੰਡਤ ਰਾਮ ਨਿਵਾਸ ਜੀ ਤੋਂ ਕਾਵਿ ਬੋਧ ਪ੍ਰਾਪਤ ਕੀਤਾ। ਪੰਜਾਬੀ, ਫਾਰਸੀ, ਉਰਦੂ ਤੇ ਅੰਗਰੇਜ਼ੀ ਦੇ ਪਿੰਗਲ ਪੜ੍ਹੇ ਪਰ ਰਵਾਇਤੀ ਤੌਰ ਤੇ ਕਵੀਸ਼ਰੀ ਕਲਾ ਦਾ ਉਸਤਾਦ ਮਾਲਵੇ ਦੇ ਪ੍ਰਸਿੱਧ ਕਵੀਸ਼ਰ ਮਾਨ ਸਿੰਘ ਨੂੰ 1921 ਵਿੱਚ ਵਿਧੀ ਪੂਰਬਕ ਪੱਗ ਦੇ ਕੇ ਧਾਰਨ ਕੀਤਾ।

ਬਾਬੂ ਜੀ ਦੇ ਉਸਤਾਦ ਕਵੀਸ਼ਰ ਮਾਨ ਸਿੰਘ ਦਾ ਜਨਮ ਜ਼ਿਲ੍ਹੇ ਬਠਿੰਡੇ ਦੇ ਪਿੰਡ 'ਕਾਹਨ ਸਿੰਘ ਵਾਲਾ' ਨੇੜੇ ਭੁੱਚੋ ਮੰਡੀ ਸਰਦਾਰ ਮੱਲ ਸਿੰਘ ਦੇ ਘਰ ਮਾਤਾ ਜਿਉਣ ਕੌਰ ਦੀ ਕੁੱਖੋਂ 26 ਦਸੰਬਰ 1873 ਈ: ਨੂੰ ਹੋਇਆ। ਮਾਨ ਸਿੰਘ ਨੇ ਪਿੰਡ ਦੇ ਡੇਰੇ ਵਿੱਚ ਸੰਤਾਂ ਕੋਲੋਂ ਪੜ੍ਹਾਈ ਕੀਤੀ। ਉਰਦੂ ਤੇ ਸੰਸਕ੍ਰਿਤ ਦਾ ਗਿਆਨ ਪ੍ਰਾਪਤ ਕੀਤਾ। ਉਨ੍ਹਾਂ ਮਾਝੀ ਵਾਲੇ ਸੰਤਾਂ ਕੋਲੋਂ ਪਿੰਗਲ ਪੜ੍ਹਿਆ ਅਤੇ ਹਿਕਮਿਤ ਦੀ ਜਾਣਕਾਰੀ ਸੰਤ ਰੈਣ ਦਾਸ ਕੋਲੋਂ ਪ੍ਰਾਪਤ ਕੀਤੀ। ਉਨ੍ਹਾਂ 17 ਸਾਲ ਦੀ ਉਮਰ ਵਿੱਚ ਕਵੀਸ਼ਰੀ ਜੱਥਾ ਤਿਆਰ ਕਰ ਲਿਆ। ਉਹ ਖੁੱਲ੍ਹੇ ਤੇ ਧਾਰਮਿਕ ਅਖਾੜੇ ਲਾਉਂਦੇ ਸਨ। ਕਵੀਸ਼ਰ ਮਾਨ ਸਿੰਘ ਨੂੰ ਸੁੱਚਾ ਸੂਰਮਾ ਖੁਦ ਆਕੇ ਮਿਲਿਆ

ਸੀ ਅਤੇ ਸਭ ਤੋਂ ਪਹਿਲਾਂ ਸੁੱਚੇ ਸੂਰਮੇ ਦਾ ਕਿੱਸਾ ਇਨ੍ਹਾਂ ਨੇ ਹੀ ਬਣਾਇਆ ਸੀ। ਇਸ ਤੋਂ ਇਲਾਵਾ ਹੋਰ ਕਈ ਕਿੱਸਿਆਂ ਦੀ ਰਚਨਾ ਕੀਤੀ ਜਿਨ੍ਹਾਂ ਵਿੱਚ ਬੌਧਿਕ ਪਿੰਗਲ, ਕੀਮਾ ਮਲਕੀ, ਵੱਡੇ ਸਾਹਿਬਜ਼ਾਦੇ ਤੇ ਗਊਆਂ ਦੀਆਂ ਕੂਕਾਂ। ਜ਼ਿਕਰ ਯੋਗ ਹੈ ਕਿ ਕਵੀਸ਼ਰ ਮਾਨ ਸਿੰਘ ਦੀ ਮਾਂ ਦਾ ਨਾਂ ਵੀ ਜਿਉਣੀ ਕੌਰ ਸੀ ਅਤੇ ਉਨ੍ਹਾਂ ਦੇ ਸ਼ਗਿਰਦ ਬਾਬੂ ਜੀ ਦੀ ਮਾਤਾ ਦਾ ਨਾਮ ਵੀ ਜਿਉਣੀ ਸੀ, ਜਿੱਥੇ ਮਾਨ ਸਿੰਘ ਕਵੀਸ਼ਰ ਮਾਲਵੇ ਦਾ ਸ਼ਰੋਮਣੀ ਕਵੀਸ਼ਰ ਸੀ, ਉਥੇ ਬਾਬੂ ਜੀ ਵੀ ਉਨ੍ਹਾਂ ਦੀ ਸ਼ਾਗਿਰਦੀ ਪ੍ਰਾਪਤ ਕਰ ਕੇ ਮਾਲਵੇ ਦੇ ਸਿਰਮੌਰ ਕਵੀਸ਼ਰ ਬਣੇ। ਬਾਬੂ ਜੀ ਨੇ ਆਪਣੇ ਉਸਤਾਦ ਦੀ ਉਸਤਤ ਸ਼ਾਨਦਾਰ ਸਤਰਾਂ ਵਿੱਚ ਇਸ ਤਰ੍ਹਾਂ ਕੀਤੀ ਹੈ।

ਮਾਨ ਸਿਉਂ ਕਵੀਸ਼ਰਾਂ ਦਾ ਸ਼੍ਰੋਮਣੀ
ਬੋਧਕ ਗਰਾਮਰ ਉਨ੍ਹਾਂ ਦੀ ਵਣੀ ਐ।
ਸੱਚ ਕਹਾਂ ਖਾਵਾਂ ਕੂੜ ਦੀ ਸੁਗੰਧ ਨਾ।
ਦੋਊ ਜੋੜ ਸ਼ਾਇਰ ਨੂੰ ਹਮਾਰੀ ਵੰਦਨਾ।

ਬਾਬੂ ਜੀ ਦੇ ਵਿਆਹ

ਬਾਬੂ ਜੀ ਨੇ ਇਸਲਾਮੀ ਪਰੰਪਰਾ ਅਨੁਸਾਰ ਚਾਰ ਵਿਆਹ ਕਰਵਾਏ। ਪਹਿਲਾ ਨਿਕਾਹ ਜ਼ਿਲ੍ਹਾ ਫਿਰੋਜ਼ਪੁਰ ਦੀ ਖੂਬਸੂਰਤ ਲੜਕੀ 'ਭਾਗੋ' ਨਾਲ ਹੋਇਆ, ਜਿਸ ਦੇ ਦੋ ਲੜਕੇ ਅਦਾਲਤ ਖ਼ਾਂ ਤੇ ਆਕਲ ਖਾਂ ਪੈਦਾ ਹੋਏ। ਦੂਜੀ ਸ਼ਾਦੀ ਦਾ ਸਬੱਬ ਇਹ ਬਣ ਗਿਆ ਕਿ ਜਦੋਂ ਉਵਰਸੀਅਰ ਲੱਗ ਕੇ ਮੁਕਤਸਰ ਦੇ ਨੇੜਲੇ ਪਿੰਡ 'ਗੰਦੜ' ਗਏ, ਉਥੋਂ ਦੀ ਇੱਕ ਸੁੰਦਰ ਲੜਕੀ, ਹੁਸਨ ਦੀ ਮੱਲਿਕਾ 'ਫਾਤਮਾਂ' ਤੇ ਬਾਬੂ ਜੀ ਦਾ ਦਿਲ ਫਿਦਾ ਹੋ ਗਿਆ। ਬਾਬੂ ਜੀ ਦੇ ਕਹਿਣ ਤੇ ਧਮਾਲੀ ਖ਼ਾਂ ਨੇ ਫਾਤਮਾ ਦੇ ਗਰੀਬ ਮਾਪਿਆਂ ਨਾਲ ਨਿਕਾਹ ਤੇ ਸਾਰਾ ਖਰਚਾ ਆਪਣੇ ਵੱਲੋਂ ਕਰਨ ਦਾ ਵਾਇਦਾ ਕਰ ਕੇ ਸਾਕ ਪੱਕਾ ਕਰ ਕੇ ਆਪਣੀ ਦੂਸਰੀ 'ਨੌਂਹ', ਨਿਕਾਹ ਕੇ ਲਿਆਂਦੀ। ਫਾਤਮਾ ਦੇ ਕੋਈ ਉਲਾਦ ਨਹੀਂ ਸੀ ਹੋਈ, ਕੁਦਰਤ ਰੱਬ ਦੀ ਐਸਾ ਭਾਣਾ ਵਰਤਿਆ, ਭੈਣਾਂ ਵਾਂਗ ਰਲਕੇ ਰੰਗੀਂ ਵੱਸਦੀਆਂ ਫਾਤਮਾਂ ਤੇ ਭਾਗੋ ਅੱਗੜ ਪਿੱਛੜ ਦੋਵੇਂ ਅੱਲ੍ਹਾ ਨੂੰ ਪਿਆਰੀਆਂ ਹੋ ਗਈਆਂ। ਦੋਹਾਂ ਦੀ ਬੇ-ਵਕਤੀ ਮੌਤ ਨੇ ਬਾਬੂ ਜੀ ਨੂੰ ਰੱਜ ਕੇ ਰੁਆਇਆ। ਉਹ ਜ਼ਿੰਦਗੀ ਦੇ ਦਰਿਆ ਦੀ ਬਿਲਕੁਲ ਵਿਚਕਾਰਲੀ ਘੁੰਮਣ ਘੇਰੀ ਵਿੱਚ ਘਿਰਿਆ ਬ੍ਰਿਹੋਂ ਦੀਆਂ ਛੱਲਾਂ ਦੀ ਮਾਰ ਵਿੱਚ ਮਧੋਲਿਆ ਜਾ ਰਿਹਾ ਸੀ। ਅੰਤ ਉਹ ਲੰਮੇ ਸਦਮੇ ਦੀ ਸਜ਼ਾ ਕੱਟ ਕੇ ਦੁਖਾਂ ਦੇ ਦਰਿਆ 'ਚੋਂ ਬਾਹਰ ਨਿਕਲਿਆ ਤੇ ਵੇਖਿਆ ਕਿ ਬੱਚੇ ਅਜੇ ਛੋਟੇ ਹਨ ਤੇ ਪਾਲਣ ਪੋਸ਼ਣ ਦੀ ਬੜੀ ਵੱਡੀ ਸਮੱਸਿਆ ਸੀ, ਇਹ ਸੋਚ ਕੇ ਖੁਦਾ ਕੋਲ ਸ਼ਿਕਵਾ ਕਰਨ ਦੀ ਥਾਂ ਉਸ ਦਾ ਸ਼ੁਕਰ ਕਰਕੇ ਬਾਬੂ ਜੀ ਨੇ ਤੀਜੀ ਵਾਰ 'ਕਾਲੇ ਟਿੱਬੇ' ਤੋਂ 'ਰਹਿਮਤ ਬੀਬੀ' ਨੂੰ ਵਿਆਹ ਕੇ ਲਿਆਂਦਾ। ਰਹਿਮਤ ਬੀਬੀ ਦੀ ਕੁੱਖੋਂ ਦੋ ਲੜਕੇ 'ਅਲੀ ਸਰਦਾਰ' ਤੇ 'ਸ਼ਮਸ਼ੇਰ ਖ਼ਾਂ' ਅਤੇ ਦੋ ਲੜਕੀਆਂ ਗੁਲਜ਼ਾਰ ਬੇਗਮ ਤੇ ਸ਼ਮਸ਼ਾਦ ਬੇਗਮ ਪੈਦਾ ਹੋਈਆਂ। ਚੌਥੀ ਸ਼ਾਦੀ ਦਾ ਮਸਲਾ ਇਹ ਸੀ ਕਿ ਬਾਬੂ ਜੀ ਦੀ ਸਭ ਤੋਂ ਪਹਿਲੀ ਪਤਨੀ 'ਬੀਬੀ ਭਾਗੋ' ਦਾ ਪਿਤਾ ਇੱਕ ਦਿਨ ਧਮਾਲੀ ਖਾਂ ਨੂੰ ਹੱਥ ਬੰਨ੍ਹ ਕੇ ਬੜੀ ਅਧੀਨਗੀ ਨਾਲ ਕਹਿਣ

ਲੱਗਾ 'ਕੁੜਮ ਸਾਹਿਬ ਜੀ, ਮੈਂ ਅੱਜ ਤੁਹਾਡੇ ਕੋਲੋਂ ਕੁਝ ਮੰਗਣ ਲਈ ਆਇਆ ਹਾਂ। ਵੇਖਿਉ ਕਿਤੇ ਮੈਨੂੰ ਖਾਲੀ ਨਾ ਮੋੜ ਦਿਉ।' ਤਾਂ ਧਮਾਲੀ ਖ਼ਾਂ ਨੇ ਅੱਖਾਂ ਭਰ ਕੇ ਆਖਿਆ, ਵੇਖ ਭਰਾਵਾ ਮੈਂ ਆਪਣੀ ਨੌਂਹ ਤੇ ਤੇਰੀ ਧੀ, ਭਾਗੋ ਨੂੰ ਤਾਂ ਮੋੜ ਕੇ ਨਹੀਂ ਲਿਆ ਸਕਦਾ, ਹੋਰ ਜੇ ਤੂੰ ਮੇਰੀ ਜਾਨ ਵੀ ਮੰਗ ਲਵੇਂ ਤਾਂ, ਐਸੇ ਵਕਤ ਤੇਰੇ ਕਦਮਾਂ ਵਿੱਚ ਹਾਜ਼ਰ ਹੈ। ਤਾਂ ਉਹ ਕਹਿਣ ਲੱਗਾ ਕਿ ਮੈਂ ਤੁਹਾਡੇ ਘਰ ਨਾਲੋਂ ਆਪਣੇ ਰਿਸ਼ਤੇ ਨੂੰ ਨਹੀਂ ਤੋੜਣਾ ਚਾਹੁੰਦਾ। ਤੁਸੀਂ ਬਾਬੂ ਜੀ ਨੂੰ ਪੁੱਛੋ ਮੇਰੀ ਛੋਟੀ ਧੀ ਦੌਲਤਾਂ ਦਾ ਰਿਸ਼ਤਾ ਲੈ ਲਵੋ। ਇਹ ਸੁਣ ਕੇ ਧਮਾਲੀ ਖਾਂ ਕਹਿੰਦਾ ਬਈ ਇਹ 'ਚ ਬਾਬੂ ਨੂੰ ਪੁੱਛਣ ਵਾਲੀ ਕਿਹੜੀ ਗੱਲ ਐ। ਮੈਨੂੰ ਮਾਣ ਐ ਮੇਰੇ ਮੁੰਡੇ ਉਤੇ। ਬੱਸ ਤੁਸੀਂ ਨਿਕਾਹ ਦਾ ਦਿਨ ਪੱਕਾ ਕਰੋ ਤੇ ਗੱਲ ਮੁਕਾਉ। ਇਸ ਤਰ੍ਹਾਂ ਬਾਬੂ ਜੀ ਨੇ ਚੌਥੀ ਸ਼ਾਦੀ ਆਪਣੇ ਬਾਪੂ ਤੇ ਸੌਹਰੇ ਦੇ ਹੁਕਮ ਨੂੰ ਮੰਨ ਕੇ ਆਪਣੀ ਛੋਟੀ ਸਾਲੀ 'ਦੌਲਤਾਂ' ਨਾਲ ਕੀਤੀ, ਜੋ ਬਹੁਤ ਹੀ ਸੁੰਦਰ ਤੇ ਸ਼ੁਸ਼ੀਲ ਲੜਕੀ ਸੀ। ਜਿਸ ਬਾਰੇ ਬਾਬੂ ਜੀ ਨੇ ਖੁਦ ਲਿਖਿਆ ਹੈ ਕਿ ਮੈਂ ਜਦ ਵੀ ਕਿਸੇ 'ਕਿੱਸੇ' ਵਿੱਚ ਕਿਸੇ ਨਾਇਕਾ ਦੀ ਸੁੰਦਰਤਾ ਦਾ ਵਰਨਣ ਕਰਨ ਲਈ ਕਵਿਤਾ ਵਿੱਚ ਸ਼ਿੰਗਾਰ ਰਸ ਭਰਨਾ ਹੁੰਦਾ ਸੀ ਤਾਂ ਮੈਂ ਆਪਣੀ ਬੇਗਮ ਦੌਲਤਾਂ ਬੀਬੀ ਦੇ ਹੁਸਨ ਦੀ ਵਿਆਖਿਆ ਕਰ ਦਿੰਦਾ ਸਾਂ।

ਧਮਾਲੀ ਖਾਂ ਦੇ ਹੰਗਾਮੇ ਦੀ ਧੁੰਮ

ਬਾਬੂ ਜੀ ਦੇ ਓਵਰਸੀਅਰ ਬਣਨ ਨਾਲ ਧਮਾਲੀ ਖਾਂ ਦੀ ਪਿੰਡ ਵਿੱਚ ਨਹੀਂ ਸਗੋਂ ਪੂਰੇ ਇਲਾਕੇ ਵਿੱਚ ਭੱਲ ਬਣ ਗਈ। ਮਾਤਾ ਸੁਰਸਤੀ ਤੇ ਲੱਛਮੀ ਦੇ ਇੱਕੋ ਜਿਹੇ ਲਾਡਲੇ ਸ਼ਾਇਰ ਅਫਸਰ ਦੇ ਅਣਗਿਣਤ ਸ਼ਾਗਿਰਦ ਤੇ ਬਾਬੂ ਜੀ ਦੇ ਲਵੇ ਲਹਿਜੇ ਦੇ ਕਾਇਲ ਇਲਾਕੇ ਦੇ ਲੋਕਾਂ ਦਾ ਤਾਂਤਾ ਧਮਾਲੀ ਖਾਂ ਦੇ ਦਰਵਾਜ਼ੇ ਤੇ ਹਮੇਸ਼ਾ ਲੱਗਿਆ ਰਹਿੰਦਾ ਸੀ। ਖਰਚਾ ਤੇ ਖਾਤਰਦਾਰੀ ਕਰਨ ਵਿੱਚ ਤਾਂ ਧਮਾਲੀ ਖਾਂ ਦਾ ਕੋਈ ਸਾਨੀ ਨਹੀਂ ਸੀ। ਪਿੰਡ ਵਿੱਚ ਆਇਆ ਗਵੰਤਰੀ, ਪਹਿਲਵਾਨ ਤੇ ਖਿਡਾਰੀ ਉਸ ਦਾ ਹੀ ਮਹਿਮਾਨ ਹੁੰਦਾ ਸੀ। ਮਹਿਮਾਨ ਨਿਵਾਜ਼ੀ ਦਾ ਤਾਂ ਉਹ ਪੁੱਜ ਕੇ ਸ਼ੁਦਾਈ ਸੀ, ਜਥੇਦਾਰ ਜਗਮੇਲ ਸਿੰਘ ਜੀ ਦੇ ਦੱਸਣ ਨਾਲ ਇਹ ਸਿੱਧ ਹੁੰਦਾ ਹੈ ਕਿ ਉਸ ਨੇ ਆਪਣੀ ਪਿੰਡ ਵਾਲੀ ਜ਼ਮੀਨ ਦਾ ਕੁਝ ਹਿੱਸਾ ਕਈ ਵਾਰ ਗਹਿਣੇ ਕਰਿਆ ਤੇ ਕਈ ਵਾਰ ਛੁਡਾਇਆ।

ਸੰਨ 1939 ਵਿੱਚ ਧਮਾਲੀ ਖਾਂ ਕਾਫੀ ਬਿਰਧ ਹੋ ਚੁੱਕਾ ਸੀ। ਬਾਬੂ ਜੀ ਉਸ ਵੇਲੇ 'ਢਿਪਾਵਾਲੀ' ਦੀ ਨਹਿਰੀ ਕੋਠੀ 'ਚ ਤੈਨਾਤ ਸਨ ਤਾਂ ਅਜੀਜ਼ ਸ਼ਾਗਿਰਦ ਭਾਈ ਠਾਣਾ ਸਿੰਘ ਬਾਬੂ ਜੀ ਕੋਲ ਆਉਣ ਵੇਲੇ ਘਰੋਂ ਬਾਬੂ ਜੀ ਲਈ ਕੋਈ ਸੁਨੇਹਾ ਪੁੱਛਣ ਗਿਆ ਤਾਂ ਧਮਾਲੀ ਖਾਂ ਨੇ ਕਿਹਾ 'ਮੁੰਡਿਓ, ਬਾਬੂ ਨੂੰ ਆਖੋ ਮੇਰੇ ਜਿਉਂਦੇ ਦਾ ਹੰਗਾਮਾਂ (ਜਿਉਣ ਮਰਨ) ਕਰੇ।'

ਉਸ ਦੀ ਖਾਹਿਸ਼ ਸੀ ਕਿ ਉਹ ਜਿਉਂਦੇ ਜੀ ਆਪਣੇ ਹੰਗਾਮੇ ਦਾ ਸ਼ਾਨਦਾਰ ਇਕੱਠ ਆਪਣੇ ਅੱਖੀਂ ਵੇਖ ਕੇ ਜਾਵੇ। ਉਹੀ ਪੁਰਾਣੀ ਸ਼ਾਨ ਦੰਗਲ, ਅਖਾੜੇ ਤੇ ਉਹ ਚਾਹੁੰਦਾ ਸੀ ਕਿ ਉਹ ਖੁਦ ਪਹਿਲਵਾਨਾਂ, ਗਵੰਤਰੀਆਂ ਤੇ ਖਿਡਾਰੀਆਂ ਨੂੰ ਇਨਾਮ ਵਿੱਚ ਰੁਪਈਏ ਵੰਡਦਾ ਫਿਰੇ। ਉਸ ਨੇ ਸਾਰੀ ਉਮਰ ਸ਼ਾਨ ਨਾਲ ਗੁਜ਼ਾਰੀ ਸੀ ਤੇ ਉਸੇ ਸ਼ਾਨ ਉਹ ਸੰਸਾਰ 'ਚੋਂ ਵਿਦਾ

ਹੋਣਾ ਚਾਹੁੰਦਾ ਸੀ।

ਠਾਣਾ ਸਿੰਘ ਦੀ ਗੱਲ ਸੁਣ ਕੇ ਬਾਬੂ ਜੀ ਪਿੰਡ ਆਏ ਤੇ ਆਪਣੇ ਬਾਪੂ ਨੂੰ ਕਹਿਣ ਲਗੇ 'ਅੱਬਾ, ਤੂੰ ਫਿਕਰ ਨਾ ਕਰ। ਮੈਂ ਤੇਰੇ ਦਿਲ ਦੀ ਹਰ ਖਾਹਿਸ਼ ਪੂਰੀ ਕਰੂੰ। ਤੇਰੀ ਰੂਹ ਦੀ ਸਾਰੀ ਭੁੱਖ ਲਾਹ ਦੂੰ। ਪਰ ਮਸਲਾ ਇਹ ਹੈ ? ਕਿ ਜੇ ਮੈਂ ਤੁਹਾਡੇ ਜਿਉਂਦੇ ਜੀਅ ਤੁਹਾਡਾ ਹੰਗਾਮਾਂ ਕਰ ਦਿੱਤਾ ਤਾਂ ਲੋਕ ਕੀ ਕਹਿਣਗੇ ਵਈ ਪਿਉ ਨੂੰ ਆਪਣੇ ਮੁੰਡੇ ਤੇ ਭਰੋਸਾ ਨਹੀਂ ਸੀ। ਤੁਸੀਂ ਯਕੀਨ ਰੱਖੋ ਮੈਂ ਹੰਗਮੇ ਉਤੇ ਐਨਾ ਦਾਨ-ਪੁੰਨ ਤੇ ਰਾਗ-ਰੰਗ ਕਰੂੰ ਕਿ ਵੇਖਣ ਤੇ ਸੁਣਨ ਵਾਲੇ ਜ਼ਿੰਦਗੀ ਭਰ ਯਾਦ ਰੱਖਣਗੇ।'

ਆਖਰ ਧਮਾਲੀ ਖਾਂ ਨੂੰ ਮਰਨ ਤੋਂ ਬਾਅਦ ਬੜੇ ਅਦਬ ਨਾਲ ਸਪੁਰਦ-ਏ- ਖ਼ਾਕ ਕੀਤਾ ਗਿਆ ਅਤੇ ਉਸ ਦੀ ਕਬਰ ਸਾਹੋ ਕੇ ਬਣਾਈ ਗਈ। ਹੰਗਾਮੇ ਤੇ ਮਾਲਵੇ ਭਰ ਦੇ ਮੱਲ, ਗਵੰਤਰੀ, ਬਾਬੂ ਜੀ ਦੇ ਸਮਕਾਲੀ ਸ਼ਾਇਰ ਤੇ ਸ਼ਾਗਿਰਦ, ਕਵੀਸ਼ਰ ਪਹੁੰਚੇ। ਛੇ ਗੱਡੇ ਭਰ ਕੇ ਰਾਸ਼ਨ ਦੇ ਲਿਆਂਦੇ ਤੇ ਪੂਰੇ ਸੱਤ ਦਿਨ ਧੁਮਾਲੀ ਖਾਂ ਦੇ ਹੰਗਾਮੇ ਦਾ ਮੇਲਾ ਲੱਗਿਆ ਰਿਹਾ। ਇਸ ਤੋਂ ਪਹਿਲਾਂ ਪਿੰਡ ਦੇ ਜ਼ੈਲਦਾਰਾਂ ਦੀ ਠੁੱਕ ਇਸ ਕਰਕੇ ਬੱਝੀ ਸੀ ਕਿ ਉਹ ਆਪਣੇ ਬਜ਼ੁਰਗਾਂ ਦੇ ਹੰਗਾਮੇ ਉਤੇ ਪ੍ਰਤੀ ਘਰ ਸੇਰ ਮਿਠਿਆਈ ਦਾ ਗਦੌੜਾ ਫੇਰਦੇ ਹੁੰਦੇ ਸਨ। ਪਰ ਬਾਬੂ ਜੀ ਨੇ ਆਪਣੇ ਪਿਤਾ ਦੇ ਹੰਗਾਮੇ ਤੇ ਹਫਤੇ ਭਰ ਦੇ ਵੱਡੇ ਮੇਲੇ ਤੋਂ ਇਲਾਵਾ ਹਰ ਘਰ ਪ੍ਰਤੀ ਇੱਕ 'ਜੀ', (ਪਰ ਹੈਡ) ਦੇ ਹਿਸਾਬ ਨਾਲ ਇੱਕ ਸੇਰ ਮਿਠਾਈ ਤੋਲ ਕੇ ਪਰੋਸਾ ਫੇਰਿਆ ਜਿਸ ਦਾ ਵੇਰਵਾ ਬਾਬੂ ਜੀ ਨੇ ਸੰਨ ਸਨਤਾਲੀ ਦੇ ਕੋਹਰਾਮ ਵਿੱਚ ਘਿਰੀ ਆਪਣੀ ਭਤੀਜੀ ਦੇ ਮੂੰਹੋਂ ਇਸ ਤਰ੍ਹਾਂ ਦੁਆਇਆ ਹੈ।

ਦੱਸ ਸਾਨੂੰ ਕਿਹੜਾ ਨਿੰਦੇ। ਅਜੇ ਥਾਪੀਆਂ ਪਏ ਦਿੰਦੇ।
ਲਾਏ ਬਾਬੂ ਜੀ ਨੇ ਜਿੰਦੇ। ਪੁੱਛ ਲੋ ਹਜ਼ਾਰਾਂ ਤੋਂ।
ਖੁੱਲ੍ਹੇ ਨੀ ਸਫੈਦਪੋਸ਼ ਜ਼ੈਲਦਾਰਾਂ ਤੋਂ।

ਬਾਬੂ ਜੀ ਇਕ ਅਫਸਰ ਹੁੰਦਿਆਂ ਉਚਕੋਟੀ ਦੇ ਸ਼ਾਇਰ ਤੇ ਸ਼ਾਇਰ ਹੁੰਦਿਆਂ ਮਾਂ-ਪਿਉ ਦਾ ਹੋਣਹਾਰ ਪੁੱਤਰ, ਸਫਲ ਪਤੀ, ਤੇ ਜ਼ਿੰਮੇਵਾਰ ਪਿਤਾ ਹੋਣ ਦੇ ਨਾਲ-ਨਾਲ ਉਹ ਯਾਰਾਂ ਦਾ ਯਾਰ ਅਤੇ ਆਪਣੇ ਸ਼ਾਗਿਰਦਾਂ ਦਾ ਅੱਬਲ ਨੰਬਰ ਦਾ ਉਸਤਾਦ ਤੇ 'ਨਹਿਰੀ ਮਹਿਕਮੇ' ਦਾ ਇਮਾਨਦਾਰ ਓਵਰਸੀਅਰ ਤੇ ਪਬਲਿਕ ਦਾ ਸੱਚਾ ਸੁੱਚਾ ਸੇਵਾਦਾਰ ਸੀ। ਉਸ ਵਰਗਾ ਜ਼ਿੰਦਾ ਦਿਲ, ਲੋਭ ਰਹਿਤ, ਵਿਵੇਕਸ਼ੀਲ ਤੇ ਸ਼ਾਇਰ ਅਫਸਰ ਨਹਿਰ ਮਹਿਕਮੇ ਦੀ ਲਿਸਟ ਵਿੱਚ ਸ਼ਾਇਦ ਹੀ ਆਇਆ ਹੋਵੇ। ਮਾਲਵੇ ਭਰ ਵਿੱਚ ਉਸ ਦੀ ਕਵਿਤਾ ਦੀ ਤਰ੍ਹਾਂ ਉਸ ਦੀ ਸ਼ਾਨਦਾਰ ਮੁਲਾਜ਼ਮਤ ਦੀ ਮਹਿਕ ਵੀ ਲੋਕਾਂ ਦੇ ਦਿਲੋਂ ਦਿਮਾਗ ਵਿੱਚ ਵੱਸ ਚੁੱਕੀ ਸੀ। ਜਿਸ ਦਾ ਵੇਰਵਾ ਉਨ੍ਹਾਂ ਦੀਆਂ ਸੈਂਕੜੇ ਕਵਿਤਾਵਾਂ ਵਿੱਚ ਮਿਲਦਾ ਹੈ।

1. ਦਿਲ ਸਾਫ ਲੋੜ ਕੈਮਰਾ ਕੀ ਲੈਣ ਦੀ,
ਸਹੀ ਤਸਵੀਰ ਖਿੱਚ ਦਿਆਂ ਰਮੈਣ ਦੀ।
ਕਰਦੇ ਦਲੀਲ ਪੂਰੀ 'ਬਾਬੂ' ਨਹਿਰੀ, ਦੀ।
ਮਿੱਠੀ ਨਹਿਰ ਚੱਲ ਪਏ ਦਿਮਾਗੋਂ ਸ਼ਾਇਰੀ ਦੀ।

(ਰਾਮਾਇਣ ਰਜਬ ਅਲੀ)

2. ਭੂਰਾ ਗੱਲਾਂ ਕਰਦਾ ਖੜੋ ਕੇ ਰੋਹ ਦੀਆਂ।
ਸਾਡੇ ਯਾਦ ਕਾਪੀਆਂ ਬਣਾਈਆਂ ਉਹਦੀਆਂ।
ਰਜਬਲੀ ਬਾਬੂ ਨਹਿਰ ਦਾ ਰਿਟੈਰ ਹੈ।
ਮੇਰੇ ਨਾਲ ਰਾਜੇ ਦਾ ਪਰਾਣਾ ਵੈਰ ਹੈ।
(ਕਿੱਸਾ ਰਾਜਾ ਰਤਨ ਸੈਣ)

3. ਕੋਈ ਲੈਂਦਾ ਨਾ ਦੁਖੀ ਦੀਆਂ ਸਾਰਾਂ, ਬੀਜੇ ਨੇ ਦਵਾਰਿਉਂ ਗਹਿਰ ਤੇ।
ਘੁੱਟਾਂ ਭਰੀਆਂ ਦੁਖੀ ਨੇ 'ਦਸ-ਬਾਰਾਂ' ਬਾਬੂ ਜੀ ਦੀ ਬਹਿਕੇ ਨਹਿਰ ਤੇ।
(ਕਿੱਸਾ ਸ਼ਾਹਣੀ ਕੌਲਾਂ)

4. ਮਾਰ-ਮਾਰ ਪਠਾਣਾ ਨੂੰ ਪਹੁੰਚਦਾ, ਅੰਮ੍ਰਿਤਸਰ ਵਿੱਚ ਕੁੱਦ ਦਾ।
ਜਗਮੇਲ, ਬਸੰਤ ਸਿਆਂ ਜਾਮਦਾ, ਟੈਇਮ ਗੁਜ਼ਰਦਾ ਜੁੱਧ ਦਾ।
ਬੜਾ ਜੋਸ਼ ਚੜ੍ਹਾਮਣ ਜੀ ਸ਼ੈਰੀਆਂ, 'ਓਵਰਸੀਅਰ' ਦੀਆਂ ਬਣੀਆਂ।
ਲਾਦੇ ਪੱਤਣ ਡੁੱਬਦਿਆਂ ਨੂੰ ਗੁਰੂ ਦਿਆ ਸ਼ੇਰਾ ਤੇਗ ਦਿਆ ਧਨੀਆਂ।
(ਪ੍ਰਸੰਗ ਬਾਬਾ ਦੀਪ ਸਿੰਘ ਜੀ)

5. ਬਾਬੂ ਸ਼ਾਇਰ ਬਣ ਗਿਆ ਜਹਾਨ ਹੱਸਿਆ, ਰਿਹਾ ਖਤਾਨ ਨਾਪਦਾ।
ਸਿੱਧਾ ਰਾਹ ਗ੍ਰੰਥ 'ਚ ਗੁਰਾਂ ਨੇ ਦੱਸਿਆ, ਪ੍ਰਭੂ ਦੇ ਮਿਲਾਪ ਦਾ।
(ਗੁਰਬਾਣੀ ਦੀ ਸਿਫਤ ਟੁਟਵੀਂ ਕਵਿਤਾ)

6. ਠੇਕੇਦਾਰ ਅਨੇਕਾਂ ਨੇ ਮੇਰੇ ਪਾਸ ਰਹਿ ਕੇ ਬੜੇ ਸੁਖ ਭੋਗੇ।
ਜੱਟ ਦਿੱਲੋਂ ਭੁਲਾਉਂਦੇ ਨਾ 'ਦਾਸ' ਨੇ ਲਾਤੇ ਜਿੰਨਾ ਦੇ ਮੋਘੇ,
ਪੈਦਾਵਾਰ ਵਧਾਤੀ ਸੀ ਬੋਹਲ ਤੇ ਬੋਹਲ ਲਾਤੀਆਂ ਧਾਂਗਾਂ।
ਮੈਨੂੰ ਉਠਦੇ-ਬੈਠਦੇ ਨੂੰ ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।
(ਬ੍ਰਿਹੋ ਦੇ ਵੈਣਾਂ ਦਾ ਵੇਰਵਾ ਇੱਕ ਖਤ 1965 ਪਾਕਿਸਤਾਨ ਤੋਂ)

7. ਬੰਦੇ ਜਾਣ ਬਹਿਸ਼ਤਾਂ ਨੂੰ, ਜਿਨ੍ਹਾਂ ਦੇ ਪਾਸ ਸ਼ਰਮ ਤੇ ਧਰਮੋਂ।
ਨਹਿਰੀ ਓਵਰਸੀਅਰ ਸੀ, ਲੈ ਲਿਆ ਸਾਹੋ ਨਗਰ ਵਿੱਚ ਜਰਮੋਂ।
'ਰੱਜਬਲੀ' ਕਵੀਸ਼ਰ ਦੀ, ਸਦਾ ਰਹੇ ਨਗਰੀ ਰੰਗਾਂ ਵਿੱਚ ਵੱਸਦੀ।
ਜੁਆਈ ਆ ਗਿਆ ਸੁਨਿਆਰਿਆਂ ਦੇ, ਕੁੜੀ ਅੱਖ ਮੀਚ ਮੀਚ ਕੇ ਹੱਸਦੀ।
(ਕਿੱਸਾ ਜਾਨੀ ਚੋਰ)

ਬਣ ਬਾਬੂ ਨਹਿਰਾਂ ਦਾ, ਲਈ ਲੁੱਟ ਲਹਿਰ ਨਹਿਰ ਦੇ ਬੰਗਲੇ।
ਉਠ ਕਾਲ ਬਲੌਂਦਾ ਹੈ, ਬਹੁਤ ਚਿਰ ਪਲੰਘ ਤੋੜ ਲੇ ਰੰਗਲੇ।

ਬਾਬੂ ਜੀ ਨੂੰ ਆਪਣੇ ਨਹਿਰੀ ਮੁਲਾਜ਼ਮ ਹੋਣ ਦਾ ਬੜਾ ਫਖਰ ਸੀ। ਸ਼ਾਇਦ ਇਸੇ ਲਈ ਉਨ੍ਹਾਂ ਨੇ ਇਸ ਗੱਲ ਦਾ ਜ਼ਿਕਰ ਆਪਣੇ ਸੈਂਕੜੇ ਛੰਦਾਂ ਵਿੰਚ ਬੜੇ ਚਾਅ ਨਾਲ ਕੀਤਾ ਹੈ। ਇਸੇ ਤਰ੍ਹਾਂ ਉਨ੍ਹਾਂ ਆਪਣੀ ਮੁਲਾਜ਼ਮਤ, ਡਿਊਟੀ ਤੇ ਇਮਾਨਦਾਰੀ, ਜ਼ਿੰਮੇਵਾਰੀ ਤੇ ਸਵੈਭਰੋਸੇ ਦਾ ਪ੍ਰਗਟਾਅ ਬੜਾ ਹੀ ਹੁੱਬ ਕੇ ਕੀਤਾ ਹੈ।

ਬਾਬੂ ਜੀ ਅੰਗਰੇਜ਼ ਸਰਕਾਰ ਦਾ ਇਮਾਨਦਾਰ ਅਫ਼ਸਰ ਹੁੰਦਿਆਂ ਹੋਇਆਂ ਵੀ ਵਤਨ ਦਾ ਵਫਾਦਾਰ ਸੀ, ਉਸ ਨੂੰ ਗੁਲਾਮੀ ਤੋਂ ਬਹੁਤ ਨਫ਼ਰਤ ਸੀ ਤੇ ਉਹ ਹਮੇਸ਼ਾਂ ਅਜ਼ਾਦੀ ਲਈ ਤੜਫਦਾ ਸੀ। 1920 ਤੋਂ ਬਾਅਦ ਸਾਮਰਾਜ, ਸਰਕਾਰ ਦੇ ਵਿਰੁੱਧ ਕਾਫੀ ਲਹਿਰਾਂ ਚੱਲੀਆਂ ਅਤੇ 1940 ਈ: ਵਿੱਚ ਅੰਗਰੇਜ਼ ਸਰਕਾਰ ਦੇ ਰਾਜ ਦੇ ਥੰਮ੍ਹ ਥਿੜਕਣੇ ਸ਼ੁਰੂ ਹੋ ਚੁੱਕੇ ਸਨ। ਉਸ ਸਮੇਂ ਬਾਬੂ ਜੀ ਨੇ ਅੰਗਰੇਜ਼ ਸਰਕਾਰ ਦਾ ਮੁਲਾਜ਼ਮ ਹੁੰਦਿਆਂ, ਜਿਸ ਵੇਲੇ ਉਨ੍ਹਾਂ ਦੀ ਪ੍ਰਮੋਸ਼ਨ ਹੋਣ ਵਾਲੀ ਸੀ ਤੇ ਉਹ ਉਵਰਸੀਅਰ ਤੋਂ ਐਸ. ਡੀ. ਓ. ਬਣਨ ਹੀ ਵਾਲਾ ਸੀ, ਉਦੋਂ ਉਨ੍ਹਾਂ ਨੇ ਕੌਮੀ ਪਰਵਾਨਿਆਂ ਨੂੰ ਉਤਸ਼ਾਹਤ ਕਰਨ ਲਈ ਸਰਕਾਰ ਵਿਰੁੱਧ ਕਈ ਬਗਾਵਤੀ ਕਵਿਤਾਵਾਂ ਲਿਖੀਆਂ ਜੋ ਕਿ ਸ਼ਹੀਦੇ-ਆਜ਼ਮ ਸ: ਭਗਤ ਸਿੰਘ ਦੇ ਪ੍ਰਸੰਗ ਵਿੱਚ ਦਰਜ ਹਨ।

ਢਾਈਆਂ ਛੰਦ

ਥੋਡਾ ਧੰਨ ਲੁੱਟ ਕੇ ਬਣਾ ਲੇ ਬੰਗਲੇ, ਬਲੈਤ ਵਾਲੇ ਗੋਰਿਆਂ ਨੇ।
ਹਿੰਦ ਦੇ ਧਨਾਡ ਸਾਰੇ ਕੀਤੇ ਕੰਗਲੇ, ਸੁਕਾਤੇ ਚੰਮ ਝੋਰਿਆਂ ਨੇ।
ਐਹੋ ਜੀ ਖਰੀ ਸਾਮੀ ਦੇ, ਲਾਹ ਦਿਓ ਗਲਾਂ 'ਚੋਂ ਤਵਕ ਗੁਲਾਮੀ ਦੇ।

ਕਹਿਣਾ ਸਿੱਖਾਂ ਹਿੰਦੂਆਂ ਮੁਸਲਮਾਨਾਂ ਨੂੰ, ਪੁੱਤਰ ਇੱਕ ਮਾਂ ਦਿਊ,
ਬੁਰਜ ਉਸਾਰੇ ਜਿਹੜੇ ਦੇ ਕੇ ਜਾਨਾਂ ਨੂੰ, ਗਿਰਨ ਹੇਠਾ ਬਾਂਹ ਦਿਊ।
ਲੰਮੀ ਫਰਿਆਦ ਗੱਭਰੂਓ, ਕਰਲੋ ਵਤਨ ਨੂੰ ਅਜ਼ਾਦ ਗੱਭਰੂਓ।

ਕਿਸੇ ਨੇ ਮਹਿਕਮੇ ਦੇ ਹੈਡਆਫਸ ਵਿੱਚ ਚੁਗਲੀ ਕਰ ਦਿੱਤੀ ਕਿ ਰਜਬ ਅਲੀ ਅੰਗਰੇਜ਼ ਸਰਕਾਰ ਵਿਰੁੱਧ ਬਗਾਵਤੀ ਕਵਿਤਾ ਲਿਖ-ਲਿਖ ਕੇ ਵੰਡ ਰਿਹਾ ਹੈ। ਇੱਕ ਅੰਗਰੇਜ਼ ਗੋਰਾ ਅਫਸਰ ਤੇ ਇਕ ਮੁਸਲਮਾਨ ਅਫ਼ਸਰ ਤਫਤੀਸ਼ ਕਰਨ ਲਈ ਆਏ, ਕੁਦਰਤੀਂ ਇਹੀ ਕਵਿਤਾ, ਉਰਦੂ ਵਿੱਚ ਲਿਖੀ ਹੋਈ ਰੋਜ਼ਨਾਮਚੇ ਰਜਿਸਟਰ ਵਿੱਚੋਂ ਫੜੀ ਗਈ ਤੇ ਅੰਗਰੇਜ਼ ਅਫਸਰ ਬੜਾ ਨਰਾਜ਼ ਹੋਇਆ ਅਤੇ ਬਾਬੂ ਜੀ ਦੀ ਹੋਣ ਵਾਲੀ ਪ੍ਰਮੋਸ਼ਨ ਫਾਈਲ ਸੀਲ ਕਰ ਕੇ ਚਲੇ ਗਏ। ਇਸ ਘਟਨਾਂ ਦਾ ਵਰਨਣ ਬਾਬੂ ਜੀ ਨੇ ਆਪਣੇ ਪਾਕਿਸਤਾਨ ਤੋਂ ਭੇਜੇ ਇੱਕ ਖ਼ਤ ਵਿੱਚ ਇਸ ਤਰ੍ਹਾਂ ਕੀਤਾ ਹੈ।

ਕਰ ਦੂਰ ਦਵੈਤਾਂ ਨੂੰ, ਕਲਮ ਨੂੰ ਫੜ ਕੇ ਲਿਖ ਗਿਆ ਸ਼ਾਇਰੀ।
ਲਿਖੇ ਕਵਿਤਾ ਅਜ਼ਾਦੀ ਦੀ, ਕਿਸੇ ਨੇ ਦੇਤੀ ਖੁਫੀਆ ਡੈਰੀ।
ਹੋਈਆਂ ਬੰਦ ਤਰੱਕੀਆਂ ਜੀ, ਚੱਕੇ ਗਏ ਨੇਰ੍ਹੇ ਗੈਸ ਜੇ ਜੱਗੇ।
ਮੇਰੀ ਸਾਹੋ ਨਗਰੀ ਨੂੰ, ਕਿਸੇ ਦੀ ਚੰਦਰੀ ਨਜ਼ਰ ਨਾ ਲੱਗੇ।

ਦੇਸ਼ ਭਗਤੀ ਦੀਆਂ ਕਵਿਤਾਵਾਂ ਰਜਿਸਟਰ ਵਿੱਚੋਂ ਫੜੀਆਂ ਜਾਣ ਕਰਕੇ, ਅੰਗਰੇਜ਼ ਸਰਕਾਰ ਨੇ ਆਪਣੇ ਪ੍ਰਤੀ ਬਗਵਤੀ ਸੁਰ ਦੇ ਮੱਦੇਨਜ਼ਰ ਬਾਬੂ ਜੀ ਦੀ ਐਸ. ਡੀ. ਓ. ਵਾਲੀ ਪ੍ਰਮੋਸ਼ਨ ਫਾਈਲ ਖਾਰਜ ਕਰਕੇ ਤਰੱਕੀ ਕੈਂਸਲ ਕਰ ਦਿੱਤੀ ਅਤੇ ਉਸ ਉਤੇ ਤਿੱਖੀ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ ਤੇ ਉਹ ਸਰਕਾਰ ਦੀ ਅੱਖ ਵਿੱਚ ਰੋੜ ਵਾਂਗ ਰੜਕਣ ਲੱਗ ਪਿਆ। ਸ਼ਾਇਦ ਏਸੇ ਲਈ ਬਾਬੂ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਦਿਆਂ ਤੇ ਆਪਣੇ ਪ੍ਰਤੀ ਮਹਿਕਮੇ ਦੇ ਰਵੱਈਏ ਨੂੰ ਵੇਖਦਿਆਂ ਸਮੇਂ ਤੋਂ ਪਹਿਲਾਂ ਪੈਨਸ਼ਨ ਲੈ ਲਈ ਸੀ।

ਆਜ਼ਾਦੀ ਤੇ ਬਰਬਾਦੀ

ਸ਼ਾਇਦ ਉੱਨੀਆਂ ਜਾਨਾਂ ਅਜ਼ਾਦੀ ਲਿਆਉਣ ਲਈ ਨਹੀਂ ਦੇਣੀਆਂ ਪਈਆਂ, ਜਿੰਨੀਆਂ ਜਾਨਾਂ ਆਜ਼ਾਦੀ ਤੋਂ ਬਾਅਦ ਲੀਡਰਾਂ ਦੀ ਲੁੱਚੀ ਤੇ ਲਾਲਚੀ ਸੋਚ ਨਾਲ ਮੱਚੇ ਕੋਹਰਾਮ ਦੀ ਭੇਟ ਚੜ੍ਹੀਆਂ। ਲੱਖਾਂ ਲੋਕਾਂ ਦਾ ਕਤਲੇਆਮ ਹੋਇਆ, ਪੁੱਤ ਦੇ ਸਾਹਮਣੇ ਮਾਂ ਦੀ ਇੱਜ਼ਤ ਲੁੱਟੀ, ਤੇ ਮਾਂ ਦੇ ਸਾਹਮਣੇ ਪੁੱਤ ਦਾ ਕਤਲ ਕੀਤਾ ਤੇ ਅਜ਼ਾਦੀ ਬਰਬਾਦੀ ਵਿੱਚ ਬਦਲ ਗਈ।

ਭਾਈ ਭਾਈਆਂ ਦੀ ਜਾਨ ਦੇ ਬਣੇ ਵੈਰੀ।
ਕਾਲੇ ਮੂੰਹ ਹੋਗੇ ਤੇ ਚਿੱਟੇ ਖ਼ੂਨ ਹੋਗੇ।
ਰਿਸ਼ਤੇ ਨਾਤੇ ਤੇ ਸ਼ਰਮ ਹਿਯਾਅ ਭੁੱਲੇ।
ਖਾਰੇ ਸ਼ਹਿਦ ਹੋਗੇ ਤੇ ਕੌੜੇ ਲੂਣ ਹੋਗੇ।

ਆਜ਼ਾਦੀ ਲੈਂਦਿਆਂ ਸਾਰ ਭਾਰਤ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਇਧਰਲੀ ਮੁਸਲਮਾਨ ਵਸੋਂ ਨੂੰ ਦਰਿਆਉਂ ਪਾਰ ਨਵੇਂ ਬਣੇ ਦੇਸ਼ ਪਾਕਿਸਤਾਨ ਵਿੱਚ ਜਾਣਾ ਪੈਣਾ ਸੀ ਤੇ ਓਧਰਲੇ ਹਿੰਦੂ ਤੇ ਸਿੱਖਾਂ ਨੂੰ ਇੱਧਰ ਆਉਣਾ ਪੈਣਾ ਸੀ। ਜਦ ਬਾਬੂ ਜੀ ਨੂੰ ਇਸ ਗੱਲ ਦਾ ਪਤਾ ਲੱਗਿਆ ਕਿ ਮੈਨੂੰ ਆਪਣੀ ਜਨਮ ਭੂਮੀ, ਮਿੱਤਰ ਪਿਆਰੇ, ਸਕੇ ਸਬੰਧੀ, ਪੁੱਤਰਾਂ ਨਾਲੋਂ ਵੀ ਪਿਆਰੇ ਸ਼ਾਗਿਰਦ ਛੱਡ ਕੇ ਕਿਸੇ ਅਣਡਿੱਠੀ ਥਾਂ ਤੇ ਜਾਣਾ ਪੈਣਾ ਹੈ, ਤਾਂ ਉਨ੍ਹਾਂ ਨੂੰ ਇਉਂ ਪ੍ਰਤੀਤ ਹੋਇਆ ਜਿਵੇਂ ਕਿਸੇ ਨੇ 'ਮੱਛੀ' ਪਾਣੀ 'ਚੋਂ ਬਾਹਰ ਕੱਢ ਕੇ ਸਿੱਟ ਦਿੱਤੀ ਹੋਵੇ। ਉਹ ਜਿਸ ਅਜ਼ਾਦੀ ਲਈ ਤੜਫਦਾ ਸੀ, ਉਸ ਲਈ ਉਹ ਬਰਬਾਦੀ ਦਾ ਰੂਪ ਧਾਰਨ ਕਰ ਗਈ।

ਆਖਰ ਉਹ ਸਮਾਂ ਆ ਗਿਆ ਕਿ 'ਸਾਹੋ' ਪਿੰਡ ਦੇ ਸਾਰੇ ਲੋਕ ਤੇ ਉਸ ਦੇ ਪਿਆਰੇ ਸ਼ਾਗਿਰਦ ਬਾਬੂ ਜੀ ਨੂੰ ਪ੍ਰਵਾਰ ਸਮੇਤ, ਮਜਬੂਰੀ ਵਸ, ਨਾ ਚਾਹੁੰਦਿਆਂ ਹੋਇਆਂ ਵੀ, ਦੁਖੀ ਦਿਲ ਦੇ ਨਾਲ 'ਕਵਿਤਾ ਦੇ ਦੇਵਤੇ' ਨੂੰ ਦੇਸ਼ ਨਿਕਾਲਾ ਦੇਣ ਲਈ ਬਾਡਰ ਤੇ ਪਹੁੰਚ ਗਏ। ਬਾਬੂ ਜੀ ਨੇ ਆਪਣੀ ਜ਼ਿੰਦਗੀ ਜੇਡਾ ਹੌਕਾ ਲੈ ਕੇ ਸੱਜਣਾਂ, ਸਨੇਹੀਆਂ ਤੇ ਸ਼ਾਗਿਰਦਾਂ ਤੋਂ ਵਿਦਾਇਗੀ ਲਈ ਤੇ ਤੋਪ ਵਿੱਚੋਂ ਨਿਕਲੀ ਲੰਬ ਵਰਗੀ ਲੰਮੀ ਡੂੰਬ ਮਾਰ ਕੇ ਬਾਡਰ ਲਾਇਨ ਤੋਂ ਪ੍ਰੀਵਾਰ ਸਮੇਤ ਪਾਰ ਹੋ ਗਿਆ। ਤੇ ਪਹਿਲੀ ਪੁਲਾਂਘ ਪੁੱਟਦਿਆਂ ਸਾਰ ਉਸ ਲਈ ਆਪਣਾ ਦੇਸ ਹੀ ਪਰਦੇਸ ਬਣ ਗਿਆ ਸੀ। ਉਹ ਪਿੱਛੇ ਮੁੜ-ਮੁੜ ਕੇ ਵੇਖਦਾ-ਵੇਖਦਾ 'ਉਜਾੜੇ ਤੇ ਵਿਛੋੜੇ' ਦੀ ਪੰਡ ਚੁੱਕ ਕੇ ਨਵੇਂ ਟਿਕਾਣੇ ਦੀ ਭਾਲ ਵਿੱਚ ਤੁਰ ਪਿਆ।

ਨਵੇਂ ਵਤਨ ਵਸੇਬਾ

ਅੰਤ ਬਾਬੂ ਜੀ ਦਾ ਪ੍ਰਵਾਰ ਫਿਰਦਾ-ਫਿਰਾਉਂਦਾ, ਲੱਭਦਾ-ਲਭਾਉਂਦਾ, ਖੱਜਲ-ਖੁਆਰ ਹੁੰਦਾ ਤੇ ਮੁਸ਼ਕਲਾਂ-ਮੁਸੀਬਤਾਂ ਦਾ ਮੁਕਾਬਲਾ ਕਰਦਾ 'ਉਕਾੜਾ ਤਹਿਸੀਲ ਦੇ ਪਿੰਡ (32/2 ਚੱਕ) ਵਿੱਚ ਪਹੁੰਚ ਗਿਆ। ਬਹੁਤ ਹੀ ਭੱਜ ਨੱਸ ਕਰਕੇ ਇੱਧਰਲੇ ਰਿਕਾਰਡ ਮੁਤਾਬਕ 40 ਏਕੜ ਜ਼ਮੀਨ ਤੇ ਰਹਿਣ ਲਈ ਘਰ ਅਲਾਟ ਕਰਵਾਇਆ। ਇਸ ਤੋਂ ਇਲਾਵਾ ਦੋ ਮੁਰੱਬੇ 'ਦਿਆਲਪੁਰ' ਤੇ ਦੋ ਮੁਰੱਬੇ 'ਉਕਾੜੇ' ਵਿੱਚ ਅਲਾਟ ਹੋਏ। ਇੱਧਰ ਬਾਬੂ ਜੀ ਦੇ

ਰਿਸ਼ਤੇਦਾਰਾਂ ਵਿੱਚੋਂ 13 ਜੀਅ ਉਦੋਂ ਭਾਰਤ ਵਿੱਚ ਰਹਿ ਗਏ ਸਨ। ਬਠਿੰਡੇ ਵਾਲੀ ਭੈਣ 'ਲਾਲ ਬੀਬੀ' ਤੇ ਉਸ ਦਾ ਲੜਕਾ ਕਵੀਸ਼ਰ ਅਜੀਜ਼ ਖਾਨ ਤੇ ਭਤੀਜੀ 'ਨਿਆਂਮਤ' ਮਸੀਤਾਂ ਵਾਲੀ 'ਸਾਹੋਕੇ' ਆ ਕੇ ਨੌਂ ਮਹੀਨੇ ਪਿੰਡ ਦੀ ਦੇਖ-ਰੇਖ ਵਿੱਚ ਰਹੇ। ਮਗਰੋਂ ਬਾਬੂ ਜੀ ਦਾ ਲੜਕਾ 'ਆਕਲ ਖਾਂ' ਪਰਮਿਟ ਲੈ ਕੇ ਏਧਰ ਆਇਆ ਤੇ ਸਾਰੇ ਬਾਕੀ ਜੀਅ ਤੇ ਬਚਦਾ ਸਮਾਨ ਇੱਕ ਘੋੜਾ, 4 ਮੱਝਾਂ, ਹੋਰ ਕੀਮਤੀ ਸਮਾਨ, ਟੂੰਮਾਂ ਤੇ ਨਗਦੀ ਲੈ ਕੇ ਗਿਆ। ਸਭ ਕੁਝ ਮਿਲ ਜਾਣ ਤੇ ਬਾਬੂ ਜੀ ਨੇ ਖਤ ਰਾਹੀਂ ਬੜੇ ਕੀਮਤੀ ਲਫ਼ਜ਼ਾਂ ਵਿੱਚ ਪਿੰਡ ਦਾ ਸ਼ੁਕਰਾਨਾ ਕੀਤਾ।

ਕੁੱਲ ਮਿਲਾਕੇ ਜ਼ਿੰਦਗੀ ਦਾ ਯੱਕਾ ਦੁਬਾਰਾ ਰਿੜ੍ਹ ਪਿਆ, ਪਰ ਏਧਰ ਵਰਗੀ ਅਪਣੱਤ, ਸ਼ਾਂਤੀ, ਖੁਸ਼ੀ ਤੇ ਖੁਸ਼ਹਾਲੀ ਆਉਣੀ ਅਜੇ ਬਾਕੀ ਸੀ। ਪਰ ਬਾਬੂ ਜੀ ਆਪਣੀ 'ਬੀ-ਭਾਗ' ਜ਼ਿੰਦਗੀ ਦਾ ਜ਼ਿਕਰ ਤੇ ਉਤਰਾਅ-ਚੜ੍ਹਾਅ ਆਪਣੀਆਂ ਕਵਿਤਾਵਾਂ ਤੇ ਖਤੋ-ਖਿਤਾਬਤ ਵਿੱਚ ਸਮੇਂ-ਸਮੇਂ ਸਿਰ ਬਾਕਾਇਦਾ ਕਰਦੇ ਸਨ।

1. ਕਬਿੱਤ

1. ਸੱਚੇ ਦਾ ਹੁਕਮ ਆਗੇ ਉਜੜ ਨਗਰ ਵਿੱਚੋਂ,
ਆਗੇ ਜਿੱਥੇ ਨੱਗਰੋਂ ਨਗਰ ਕਈ ਕੋਸ ਤਾਂ।

2. 32 ਚੱਕ ਗਾਮ ਹੈ ਉਕਾੜੇ ਦੀ ਤਹਿਸੀਲ ਵਿੱਚ,
ਜਿੱਥੇ ਜੇ 'ਜਿਨਾਹ' ਨੇ ਬਹਾ ਦਿੱਤੇ ਪਲੋਸ ਤਾਂ।

3. ਪੰਜ ਚਾਰ ਸਾਲ ਤਾਂ ਗੁਜ਼ਰ ਗੇ ਫਿਕਰ ਵਿੱਚ,
ਆਈ ਨਾ ਖੁਸ਼ਹਾਲੀ ਰਿਹਾ ਬਹੁਤ ਅਫਸੋਸ ਤਾਂ।

4. ਜੈਮਲ ਫੱਤੇ ਦੀ ਕਿਤਾਬ ਨੂੰ ਤਿਆਰ ਕਰ,
'ਰਜਬਲੀ ਖਾਂਨ' ਮਜਬੂਰ ਕੀਤਾ ਦੋਸਤਾਂ।

2. ਦੋ ਭਾਗ

1. ਸੰਨ ਸਨਤਾਲੀ ਦੇਸ਼ 'ਚੋਂ ਉਜਾੜੇ ਸੀ,
ਅੰਨ, ਜਲ ਲੈ ਗਿਆ ਖਿੱਚ ਕੇ ਉਕਾੜੇ ਜੀ।

2. 32 ਚੱਕ ਮਿਲ ਗਿਆ ਟਿਕਾਣਾ ਛੇਕੜ ਐ,
ਮਿਲਗੀ ਜ਼ਮੀਨ ਉਥੇ ਚਾਲੀ ਏਕੜ ਐ।

3. ਦਰਿਆ ਦੇ ਸਾਹਮਣੇ ਜਲਾਲਾਬਾਦ ਦੇ,
ਜਿੱਥੇ ਬਾਹਲੇ ਖੇਤ ਧਾਨ ਤੇ ਕਮਾਦ ਦੇ।

4. ਲੱਗੇ ਨਾ ਕਿਸੇ ਦਾ ਦਿਲ ਪਰਦੇਸ ਜਾ,
ਹੋਗੀ ਸੱਠ ਏਕੜ ਅਲਾਟ ਏਸ ਜਾ।

5. ਉਂ ਤਾਂ ਸਾਡੀ ਪਿੰਡ ਮਾਲਕੀ ਦੀ ਪੈਲੀ ਸੀ,
ਕੁਝ 'ਮੋਹਕਮ ਵਾਲੇ' 'ਚ ਜ਼ਮੀਨ ਲੈਲੀ ਸੀ।

6. ਹੋਰ ਕਾਲੇ ਟਿੱਬੇ 'ਚ ਖਰੀਦੀ ਧਰਤੀ,
ਪਾਕੇ ਪੱਕਾ ਬੰਗਲਾ ਰਹੈਸ਼ ਕਰਤੀ।

(3)

1. ਪੁੱਤ 'ਖਾਂ ਅਦਾਲਤ' ਵੰਡਾਈ ਕਰਦਾ,
ਵਾਹੀ ਨੂੰ ਘੁਕਾਵੇ 'ਆਕਲ ਖਾਂ' ਪਰਦਾ।

2. ਤੀਜਾ ਕਾਕਾ 'ਸ਼ੇਰ ਖਾਂ' ਲਹੌਰ ਪੜ੍ਹਦਾ,
ਨਰਮ ਸੁਭਾ ਦਾ ਨਾ ਕਿਸੇ ਸੇ ਲੜਦਾ।

(4)

ਭਾਰੀਆਂ ਜਾਗੀਰਾਂ ਤੇ ਉੱਤਮ ਜਾਤੀਆਂ,
ਦੋਵੇਂ ਧੀਆਂ ਝੋਲੀ ਭੈਣ ਦੀ 'ਚ ਪਾਤੀਆਂ।

(5)

ਕਾਕਿਆਂ ਦੀ 'ਮਾਂ' ਤੇ 'ਮੈਂ' ਬੱਤੀ 'ਚ ਰਹਿਨੇ ਆਂ,
ਪੈਨਸ਼ਨ ਮਿਲਦੀ ਬਹਾਰਾਂ ਲੈਨੇ ਆਂ।

ਇਸ ਤਰ੍ਹਾਂ ਬਾਬੂ ਜੀ ਨੇ ਜ਼ਮੀਨ ਜਾਇਦਾਦ ਤੇ ਪ੍ਰੀਵਾਰ ਤੇ ਖੁਸ਼ਹਾਲੀ ਦਾ ਜ਼ਿਕਰ ਤਾਂ ਬੜਾ ਹੀ ਹੁੱਬ ਕੇ ਕੀਤਾ ਹੈ ਪਰ ਫਿਰ ਵੀ ਉਹ ਆਪਣੀ ਜਨਮ ਭੂਮੀ 'ਸਾਹੋ' ਦੀਆਂ ਗਲੀਆਂ ਦੀ ਮਿਸ਼ਰੀ ਵਰਗੀ ਮਿੱਟੀ ਚੁੰਮਣ ਲਈ ਤਰਸਦਾ ਸੀ ਅਤੇ ਪਿੰਡ ਵਿੱਚ ਵਗਦੀ ਫੁੱਲਾਂ ਦੀ ਖੁਸ਼ਬੋ ਵਰਗੀ ਪੌਣ ਵਿੱਚ ਸੁਆਸ ਲੈਣਾ ਲੋਚਦਾ ਸੀ।

ਵਤਨ ਵਿਛੋੜੇ ਦੀ ਵੇਦਨਾ

ਦੇਸ਼ ਦੀ ਵੰਡ ਸਮੇਂ ਲੋਕਾਂ ਦਾ ਲੱਖਾਂ ਰੁਪਿਆਂ ਦਾ ਸਮਾਨ ਘਰ ਘਾਟ ਸਭ ਕੁਝ ਬਰਬਾਦ ਹੋ ਗਿਆ ਸੀ। ਪਿਆਰੇ ਪੁੱਤਰਾਂ ਧੀਆਂ ਨੂੰ ਲੋਕਾਂ ਨੇ ਆਪਣੀਆਂ ਅੱਖਾਂ ਸਾਹਮਣੇ ਕਤਲ ਹੁੰਦੇ ਵੇਖਿਆ ਸੀ। ਉਹ ਸੀਨ ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚੋਂ ਹਮੇਸ਼ਾਂ ਚੀਸ ਬਣ ਕੇ ਉਠਦਾ ਰਹਿੰਦਾ ਸੀ ਪਰ ਬਾਬੂ ਜੀ ਪੂਰੇ ਪ੍ਰੀਵਾਰ ਸਮੇਤ ਸਹੀ ਸਲਾਮਤ 32/2 ਚੱਕ ਪਹੁੰਚ

ਗਏ। ਚੰਗੀ ਜ਼ਮੀਨ ਅਲਾਟ ਹੋ ਗਈ ਸੀ। ਸਪਸ਼ਟ ਹੈ-ਸਾਰਾ ਪ੍ਰੀਵਾਰ ਰਿਸ਼ਤੇਦਾਰ ਸੰਸਾਰਕ ਜੀਵਨ ਪੱਖੋਂ ਖੁਸ਼ ਤੇ ਖੁਸ਼ਹਾਲ ਸੀ। ਰਾਜਾ ਸ਼ਮਸ਼ੇਰ ਖਾਂ, ਅਦਾਲਤ ਖਾਂ ਤੇ ਆਕਲ ਖਾਂ ਹੁਰਾਂ ਨੇ ਵਾਹੀ ਪੂਰੀ ਜੀਅ ਜਾਨ ਤੇ ਪੂਰੇ ਸ਼ੌਕ ਨਾਲ ਕਰਨੀ ਸ਼ੁਰੂ ਕਰ ਦਿੱਤੀ ਸੀ। 12-12-1966 ਦੇ ਖਤ ਵਿੱਚ ਬਾਬੂ ਜੀ ਨੇ ਲਿਖਿਆ ਸੀ, ਕਿ ਅਸੀਂ ਦੋ ਟਿਊਬਵੈਲ ਬੋਰ ਕਰਵਾ ਲਏ ਹਨ ਅਤੇ ਉਨ੍ਹਾਂ ਨੇ ਸਾਹੋ ਪਿੰਡ ਦੇ ਉਨ੍ਹਾਂ ਘਰਾਂ ਦੀ ਲਿਸਟ ਮੰਗੀ ਜਿਨ੍ਹਾਂ ਨੇ ਬੋਰ ਕਰਵਾ ਲਏ ਜਾਂ ਜਿਨ੍ਹਾਂ ਨੇ ਟਰੈਕਟਰ ਖਰੀਦ ਲਏ ਸਨ। ਏਨੀ ਸੌਖ-ਸਰਦਾਰੀ ਦੇ ਬਾਵਜੂਦ ਵੀ ਉਹ ਆਪਣੇ ਪਹਿਲੇ ਵਤਨ ਤੇ ਜਨਮ ਨਗਰੀ ਸਾਹੋ ਨੂੰ ਨਹੀਂ ਸਨ ਭੁੱਲੇ। 1957 ਵਿੱਚ ਲਿਖੇ ਪ੍ਰਸੰਗ 'ਰਾਮਾਇਣ ਰਜਬਲੀ' ਵਿੱਚ ਲਿਖੇ ਅਸ਼ੋਕ ਬਾਗ ਦੇ ਸੀਨ ਦੀ ਕਵਿਤਾ 'ਚ ਆਪਣੇ ਪੂਰੇ ਇਲਾਕੇ ਦੇ ਪਿੰਡਾਂ ਦਾ ਜ਼ਿਕਰ ਦਰਜ ਕੀਤਾ ਹੈ।

1. ਭਾਗਾਂ ਵਾਲਿਆਂ ਬੰਦਿਆਂ ਨੇ ਵੇਖੇ 'ਸਾਹੋ ਕੇ' ਹਮਾਰੇ ਘਰ ਜੀ।
ਮਾੜੀ, ਮੱਲਕੇ, ਬੰਬੀਹੇ, ਸੇਖੇ ਤੇ ਸਿਵੀਆਂ, ਸਮਾਲਸਰ ਜੀ।
ਚੀਦਾ, ਵਾਂਦਰ, ਬੁਰਜ, ਠੱਠੀ, ਨਾਲੇ ਬਾਬੂ ਕੋਲੇ ਬਰਗਾੜੀ ਦੇ।
ਮੇਵੇ ਤੋੜ ਕੇ ਮਰੋੜ ਤੋੜ ਡਾਲੇ, ਖਿੰਡਾਤੇ ਫੁੱਲ ਫੁਲਵਾੜੀ ਦੇ।

ਗੱਲ ਕੀ ਬਾਬੂ ਜੀ ਦਾ 'ਬੁੱਤ' ਪਾਕਿਸਤਾਨ ਦੇ ਪੰਜਾਬ 'ਚੱਕ ਬੱਤੀ' ਵਿੱਚ ਕੈਦ ਸੀ ਤੇ 'ਰੂਹ' ਉਨ੍ਹਾਂ ਦੀ ਹਿੰਦੁਸਤਾਨ ਦੇ ਚੜ੍ਹਦੇ ਪੰਜਾਬ ਦੇ ਪਿੰਡ 'ਸਾਹੋਕੇ' ਵਿਖੇ ਵਸ ਰਹੀ ਸੀ। ਉਹ ਜਨਮ ਭੂਮੀ ਤੇ ਪੁੱਤਰਾਂ ਤੋਂ ਵੀ ਪਿਆਰੇ ਸ਼ਾਗਿਰਦਾਂ ਤੋਂ ਵਿਛੜ ਕੇ ਇਸ ਤਰ੍ਹਾਂ ਤੜਫ ਰਿਹਾ ਸੀ ਜਿਵੇਂ ਮੱਛੀ ਪਾਣੀ 'ਚੋਂ ਬਾਹਰ ਕੱਢ ਕੇ ਸੁੱਟ ਦਿੱਤੀ ਹੋਵੇ। ਉਹ ਆਪਣੇ ਰਚੇ ਛੰਦਾਂ ਵਿੱਚ ਕੀਮਤੀ ਸ਼ਬਦਾਂ ਦੀ ਟੁਣਕਾਰ ਤੇ ਛੰਦਾਂ ਦੇ ਗਰਨਾਟੇ ਆਪਣੇ ਕੰਨਾਂ ਨਾਲ ਸੁਣਨੇ ਚਾਹੁੰਦਾ ਸੀ। ਪਰ ਜ਼ਮਾਨੇ ਵੱਲੋਂ ਉਸ ਨੂੰ ਇਸ ਦੀ ਇਜਾਜ਼ਤ ਨਹੀਂ ਸੀ। ਉਸ ਕੋਲ ਹੌਕੇ ਤੇ ਹਾਵਿਆਂ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ। ਬ੍ਰਿਹਾ ਦੀ ਅਗਨੀ ਨਾਲ ਉਸ ਦਾ ਅੰਦਰ ਮੱਚ ਰਿਹਾ ਸੀ। ਲੰਮੀ ਉਦਾਸੀ, ਗਹਿਰੀ ਚੁੱਪ ਤੇ ਡੂੰਘੀ ਦੀਵਾਨਗੀ ਦੇ ਦਰਿਆ ਵਿੱਚ ਉਹ ਅਣ ਤਾਰੂਆਂ ਵਾਂਗ ਡੁਬਕੀਆਂ ਲੈ ਰਿਹਾ ਸੀ ਤੇ ਉਚੀਆਂ ਬਾਹਾਂ ਕਰ ਕੇ ਕੂਕਾਂ ਮਾਰ ਰਿਹਾ ਸੀ।

1. ਦੇਵਾਂ ਤਿਫਲ-ਤਸੱਲੀਆਂ ਮੈਂ, ਨਹੀਂ ਦਿਲ ਵਿਰਦਾ, ਨਹੀਂ ਦਿਲ ਵਿਰਦਾ।
ਮੂੰਹੋਂ ਆਹਾਂ ਨਿਕਲਦੀਆਂ ਜੀ, ਲੋਕ ਕਹਿਣ, 'ਕਮਲ' ਮਾਰਦਾ ਫਿਰਦਾ।
ਰਹੇ ਦਰਦ ਮੱਠਾ ਜਿਹਾ ਜੀ, ਫਰਕ ਨਾ ਵਾਲ ਬਰਾਬਰ ਪੈਂਦਾ।
ਰਿਹਾ ਭੇਜ ਸਲਾਮਾਂ ਨੂੰ, ਐਸ ਪਿੰਡ ਜੰਮਿਆਂ, ਹੋਰ ਪਿੰਡ ਰਹਿੰਦਾ।
(ਖਤ ਬਾਬੂ ਰਜਬ ਅਲੀ)

2. ਮੰਨ ਲੀ ਜੋ ਕਰਦਾ ਰੱਬ ਪਾਕ ਐ, ਔਂਦੀ ਯਾਦ ਵਤਨ ਦੀ ਖਾਕ ਐ।
ਟੁੱਟ ਫੁੱਟ ਟੁਕੜੇ ਬਣ ਗੇ ਦਿਲ ਦੇ, ਹਾਇ ਮੈਂ ਭੁੱਜ ਗਿਆ ਵਾਂਗੂੰ ਖਿੱਲ ਦੇ।
ਭੁੱਜਥਾ ਬਣ ਗੀ ਦੇਹੀ ਐ। ਵਿਛੜੇ ਯਾਰ ਪਿਆਰੇ, ਬਣੀ ਮੁਸੀਬਤ ਕੇਹੀ ਐ।
(ਬੈਂਤ)

3. ਰਾਸਾਂ ਪੈਦੀਆਂ ਵਾਂਗ ਕ੍ਰਿਸਨ ਦੇ ਜੀ, ਕਰਦੇ ਨਾਚ ਹਮੇਸ਼ਾ ਨਚਾਰ ਰਹਿੰਦੇ।
ਸ਼ਬਦ ਪੜ੍ਹਨ ਖੜ੍ਹੇ ਜੱਥੇ ਢਾਡੀਆਂ ਦੇ, ਵੱਜਦੇ ਛੈਣਿਆਂ ਨਾਲ ਸਿਤਾਰ ਰਹਿੰਦੇ।

ਤਿੰਨੇ ਰੁਲਦੂ, ਦਲੀਪ, ਬਸੰਤ ਗਿਆਨੀ, ਕਰਦੇ ਪਿੰਡ ਦੇ ਵਿੱਚ ਪ੍ਰਚਾਰ ਰਹਿੰਦੇ।
ਚੰਗੇ ਕੱਠ ਤੇ ਸ਼ਾਦੀਆਂ ਕਰਨ ਵਾਲੇ, 'ਬਾਬੂ ਰਜਬਲੀ' ਦੇਸ਼ ਤੋਂ ਬਾਹਰ ਰਹਿੰਦੇ।

4. ਲਾਵੇ ਤਾਰੀਆਂ ਢਾਬ ਝਨਾਂ ਵਾਂਗੂੰ, ਪਵੇ ਬੋਹੜ ਦੇ ਥੜ੍ਹੇ ਤੇ ਛੱਟ ਓਵੇਂ,
'ਰਜਬਲੀ ਖਾਂ' ਵਾਂਗ ਪ੍ਰਦੇਸੀਆਂ ਦੇ, ਰਿਹਾ ਅੱਖੀਉਂ ਨੀਰ ਪਲੱਟ ਓਵੇਂ।

5. ਮੈਨੂੰ ਰੱਖਲੋ ਨਗਰ ਮੇਂ ਜੀ, ਨਗਰ ਦੇ ਲੋਕੋ ਹੱਥਾਂ ਦੀਆਂ ਵਾਹੋ।
ਬਾਬੂ ਜਾਣ ਦੇਵਣਾ ਨਾ, ਦਾਸ ਦੀ ਕਬਰ ਬਣਾ ਲੋ ਸਾਹੋ।
ਲਾਸ਼ ਦੱਬ ਦਿਓ ਗਾਮ ਮੇਂ ਜੀ, ਸੱਚੇ ਕੋਲ ਭੈਰ ਪਹੁੰਚ ਜੂ ਗ੍ਰਾਂ ਗ੍ਰਾਂ।
ਮੈਨੂੰ ਉਠਦੇ ਬੈਠਦੇ ਨੂੰ, ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ।

ਬਾਬੂ ਜੀ ਦਾ ਲੂੰ-ਲੂੰ ਆਪਣੇ ਪਿੰਡ ਦੀ ਮਿੱਟੀ ਦੀ ਛੋਹ ਲਈ ਅਤੇ ਆਪਣੇ ਪਿਆਰੇ ਤੇ ਪੁਰਾਣੇ ਯਾਰਾਂ ਬੇਲੀਆਂ ਵਿੱਚ ਬੈਠ ਕੇ ਆਪਣੇ ਹੋਣਹਾਰ ਸ਼ਾਗਿਰਦਾਂ ਤੋਂ ਕਵੀਸ਼ਰੀ ਦੇ ਅਖਾੜੇ ਸੁਣਨ ਲਈ ਤੜਫ ਰਿਹਾ ਸੀ। ਸ਼ਾਇਦ ਏਸੇ ਲਈ ਉਹ ਪਾਕਿਸਤਾਨ ਤੋਂ ਆਪਣੇ ਯਾਰਾਂ ਬੇਲੀਆਂ ਤੇ ਸ਼ਾਗਿਰਦਾਂ ਨੂੰ ਲੰਮੇ-ਲੰਮੇ ਖਤ ਲਿਖ ਕੇ ਭੇਜਦੇ ਅਤੇ ਉਨ੍ਹਾਂ ਦੀ ਫ਼ਰਮਾਇਸ਼ ਉਤੇ ਨਵੇਂ ਨਵੇਂ ਪ੍ਰਸੰਗ ਲਿਖ ਕੇ ਭੇਜਦੇ ਰਹਿੰਦੇ ਸਨ। ਬਾਬੂ ਜੀ ਨੇ ਆਪਣੀ ਬਹੁਤ ਸਾਰੀ ਬੇਹਤਰੀਨ ਕਵਿਤਾ ਪਾਕਿਸਤਾਨ ਵਿੱਚ ਲਿਖੀ ਤੇ ਦੇਸ਼ ਦੀ ਵੰਡ ਨੇ ਉਨ੍ਹਾਂ ਦੀ ਸ਼ਾਇਰੀ ਵਿੱਚ ਦਰਦ ਤੇ ਸੋਜ ਭਰ ਦਿੱਤੇ ਸੀ।

ਪਾਕਿਸਤਾਨ ਦੇ ਸ਼ਾਹਿਰੀ ਮੁਸਲਮਾਨ ਹੁੰਦਿਆਂ ਹੋਇਆਂ ਵੀ ਉਨ੍ਹਾਂ ਨੇ ਹਿੰਦੂ ਤੇ ਸਿੱਖ ਧਰਮ ਬਾਰੇ ਬਹੁਤ ਹੀ ਸ਼ਰਧਾ ਭਰਪੂਰ ਤੇ ਖੂਬਸੂਰਤ ਪ੍ਰਸੰਗ ਲਿਖੇ। ਤਜਰਬੇ ਦੇ ਤੌਰ ਤੇ ਵੇਖਿਆ ਜਾਵੇ ਉਨ੍ਹਾਂ ਵੱਲੋਂ ਲਿਖੇ ਗਏ 'ਦਸ਼ਮੇਸ਼ ਮਹਿਮਾ' ਦੇ ਕਬਿੱਤਾਂ ਵਿੱਚ ਉਨ੍ਹਾਂ ਦੀ ਦਿਲੀ ਸ਼ਰਧਾ ਡੁੱਲ੍ਹ ਡੁੱਲ੍ਹ ਕੇ ਪੈਂਦੀ ਹੈ.

1. ਦਸ਼ਮੇਸ਼ ਮਹਿਮਾਂ (ਕਬਿੱਤ)

ਰੱਬ ਤੋਂ ਡਰਨ ਵਾਲੇ, ਕੋਮਲ ਚਰਨ ਵਾਲੇ,
ਗੱਲ ਤੇ ਮਰਨ ਵਾਲੇ, ਦੇਸ਼ ਦੇ ਨਰੇਸ਼ ਗੁਰ।

ਛਾਟਮੇ ਸਰੀਰ ਵਾਲੇ, ਤੇ ਧਨੁਸ਼ ਤੀਰ ਵਾਲੇ,
ਸੋਹਣੀ ਤਸਵੀਰ ਵਾਲੇ, ਚੰਦ ਜੈਸੇ ਫੇਸ ਗੁਰ।
ਗੁਰੂ ਪੰਜਾਂ ਕੱਕਿਆਂ ਵਾਲੇ, ਤੇ ਕਰਾਰਾਂ ਪੱਕਿਆਂ ਵਾਲੇ
ਕੰਮ ਅਣਥੱਕਿਆਂ ਵਾਲੇ, ਕਰਨ ਹਮੇਸ਼ ਗੁਰ।
'ਬਾਬੂ ਜੀ' ਸ਼ਰਮ ਵਾਲੇ, ਦੁਆਰੇ ਤੇ ਧਰਮ ਵਾਲੇ,
ਪਟਨੇ ਜਰਮ ਵਾਲੇ, 'ਮੇਰੇ ਦਸ਼ਮੇਸ਼ ਗੁਰ।'

2. ਸੁਰਸਤੀ ਮੰਗਲ

ਕਦੇ ਦੇ ਸੁਆਲੀ ਬਾਰ ਵੱਲ ਤੱਕਦੇ, ਮੇਹਰ ਕਰ ਭਰਮ ਦਿਲਾਂ ਦੇ ਚੱਕ ਦੇ।
ਬਖਸ਼ ਕੁਝ ਜ਼ੋਰ ਸੁਰੱਸਤੀ ਦਾ, ਮੁੰਹਾਂ 'ਚੋਂ ਫਿਕਰੇ ਪੁਸ਼ਪ ਬਣ ਬਰਸਣ।
ਹਨ ਸੱਚੀਆਂ ਤਾਂਘਾਂ ਜੀ। ਦੇਰ ਦੇ ਰਹੇ ਤਰਸ, ਦੇਹ ਦਰਸ਼ਨ।

3. ਅਮੋਲਕ ਤਰਜ

ਜਦ ਰਿਹਾ ਨਾਮ ਜਪਾ ਹਰਨਾਕਸ਼, ਪੁੱਤ ਨਾ ਮੰਨਦਾ ਵਰਜੇ ਰਾਕਸ਼।
ਉਠ ਪ੍ਰਹਿਲਾਦ ਗਰਮ ਥ੍ਰੰਮ ਬਲਦਾ, ਪ੍ਰਭੂ ਕੀੜੀ ਬਣ ਕੇ ਚਲਦਾ।
ਜੱਫੀ ਪਾ ਥ੍ਰੰਮ ਠਾਰ ਲਿਆ। ਫਿਰ ਨਰ ਸਿੰਘ ਦਾ ਰੂਪ ਸੱਚੇ ਸਤਿਗੁਰ ਨੇ ਧਾਰ ਲਿਆ।

ਜੇ ਵੇਖਿਆ ਜਾਵੇ ਬਾਬੂ ਜੀ ਪੱਕੇ ਪੰਜ ਵਕਤ ਦੇ ਨਿਵਾਜ਼ੀ, ਸ਼ਰ੍ਹਾ ਦੇ ਪਾਬੰਦ ਮੁਸਲਮਾਨ ਸਨ ਪਰ ਬਲਹਿਾਰ ਜਾਈਏ ਉਸ ਮਰਦ ਦੇ, ਉਸ ਨੇ ਕਦੇ ਵੀ ਆਪਣੀ ਕਲਮ ਦੇ ਉਤੇ ਕਿਸੇ ਇੱਕ ਧਰਮ, ਮਜ਼ਹਬ ਤੇ ਫਿਰਕੂਪੁਣੇ ਦਾ ਲੇਬਲ ਨਹੀਂ ਲੱਗਣ ਦਿੱਤਾ। ਜਿੱਥੇ ਉਹ ਨੌ ਨਵੀਆਂ ਦਾ ਜੱਸ ਕਰਦਾ ਇਹ ਕਹਿੰਦਾ ਹੈ।

ਮੈਂ ਦਾਊਦ ਦਾ ਵੀ ਦਾਸ, ਉਤਰੀ 'ਜਬੂਰ' ਪਾਸ, ਐਨੀ ਬੋਲ 'ਚ ਮਿਠਾਸ
ਜਾਂ ਖੁਸ਼ੀ ਸੇ ਪੜ੍ਹਦੇ, ਉਡੇ ਜਾਂਦੇ ਪੰਛੀ ਉਦਾਲੇ ਖੜ੍ਹਦੇ।

ਤੇ ਇਸ ਦੇ ਨਾਲ ਹੀ ਜਿੱਥੇ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ 'ਪਟਣੇ ਜਰਮ ਵਾਲੇ ਮੇਰੇ ਦਸ਼ਮੇਸ਼ ਗੁਰ,' ਲਿਖ ਕੇ ਸਨਮਾਨ ਭੇਟ ਕੀਤਾ ਹੈ, ਉਥੇ ਉਨ੍ਹਾਂ ਮਾਤਾ ਸੁਰੱਸਤੀ ਦਾ ਮੰਗਲ ਕਰਕੇ ਆਪਣੀ ਕਲਮ ਲਈ ਤਾਕਤ ਮੰਗੀ ਹੈ, ਤੇ ਸੱਚ ਦੀ ਲੜਾਈ ਲੜ ਰਹੇ ਮਸੂਮ ਭਗਤ 'ਪ੍ਰਹਿਲਾਦ' ਦੇ ਹੱਕ ਵਿੱਚ ਨਿਤਰੇ ਕ੍ਰਿਸ਼ਨ ਭਗਵਾਨ ਜੀ ਨੂੰ ਸੱਚਾ ਸਤਿਗੁਰੂ ਲਿਖਦੇ ਹੋਏ, ਸ਼ਾਇਰਾਂ, ਕਲਾਕਾਰਾਂ ਨੂੰ ਇੱਕ ਸ਼ਾਨਦਾਰ ਸੰਦੇਸ਼ ਆਪਣੇ ਨਾਮ ਉਤੇ ਈਜ਼ਾਦ ਕੀਤੇ ਛੰਦ 'ਬਾਬੂ ਚਾਲ, ਵਿੱਚ ਇਸ ਤਰ੍ਹਾਂ ਦਿੱਤਾ ਹੈ।

ਬਾਬੂ ਚਾਲ ਛੰਦ

1. ਨਾਮ ਰੱਬ ਦਾ ਜਪ ਕੇ ਤੇ, 'ਰਜਬਲੀ' ਰੱਖਦਾ ਦਿਲਾਂ ਨੂੰ ਮਾਂਜੀ, ਧਰਮ ਦਾ ਸੋਮਾਂ।
ਸਿਆਣੇ ਮੰਨਦੇ ਉਸੇ ਨੂੰ ਜੀ, ਸ਼ਾਇਰ ਜਿਹੜਾ ਨਜ਼ਮ ਬਣਾਵੇ ਸਾਂਝੀ, ਸੁਣਨ ਤਿੰਨ ਕੌਮਾਂ।
ਮੋਹਦੇ ਜਾਣ ਕਚਹਿਰੀ ਨੂੰ, ਠਾਣਾ, ਜਗਮੇਲ, ਸੰਤ ਨੂੰ ਪੋਹ ਗੇ, ਦੁਐਤ ਨੂੰ ਢਾਵੀਂ।
ਸੁੱਖ ਉਰੇ ਫ਼ੀਰੋਜ਼ਪੁਰੋਂ ਮੁਕਤਸਰ, ਬੰਗਲੇ ਬਠਿੰਡੇ, ਮੋਗੇ, ਫੂਲ ਜਗਰਾਵੀਂ।

ਮਨੋਹਰ ਛੰਦ

ਰਾਮ, ਕ੍ਰਿਸਨ, ਔਤਾਰ, ਲਾਹ ਗੇ ਪਾਪੀਆਂ ਦੇ ਭਾਰ, ਦਾਸ ਦੀ ਨਮਸ਼ਕਾਰ,
ਉਨ੍ਹਾਂ ਦੀ ਜਨਾਬ ਨੂੰ, ਦਸਾਂ ਗੁਰੂਆਂ ਨੇ ਤਾਰਤਾ ਪੰਜਾਬ ਨੂੰ।

ਬਾਬੂ ਮੌਜ ਲੈਣ ਮੌਜੀ, ਪੀ ਕੇ ਅੰਮ੍ਰਿਤ ਸੌਹਜੀ, ਬਣੀ ਸਿੱਖ ਕੌਮ ਫੌਜੀ,
ਸ੍ਰੀ ਗੁਰੂ ਗੋਬਿੰਦ ਤੋਂ। ਰੱਬ ਕੋਈ ਚੀਜ਼ ਨਾ ਲਕੋਈ ਹਿੰਦ ਤੋਂ।

ਬਾਬੂ ਜੀ ਤਿੰਨ ਕੌਮਾਂ ਦੇ ਸਾਂਝੇ ਸ਼ਾਇਰ ਸਨ ਅਤੇ ਉਨ੍ਹਾਂ ਦੀ ਕਲਮ ਸਰਬਸਾਂਝੀਵਾਲਤਾ ਦਾ ਪ੍ਰਤੀਕ ਸੀ। ਉਹ ਆਪਣੇ ਨਾਮ 'ਰਜਬ' ਦੇ ਅੱਖਰੀ ਅਰਥਾਂ ਤੇ ਸੌ ਪ੍ਰਸੈਂਟ ਪੂਰੇ ਉਤਰਦੇ ਸਨ। ਉਨ੍ਹਾਂ ਨੇ ਆਪਣੇ ਵਿੱਚ 'ਰਜਬ ਦਰਿਆ' ਵਰਗੀ ਰਵਾਨਗੀ ਵਿਸ਼ਾਲਤਾ, ਸੀਤਲਤਾ ਤੇ ਗਹਿਰਾਈ ਬਰਾਬਰ ਬਰਾਬਰ ਹਮੇਸ਼ਾ ਬਰਕਰਾਰ ਰੱਖੀ। ਫਿਰਕੂ ਪੁਣੇ ਦੇ ਝੱਖੜਾਂ ਤੇ ਮਜ਼ਹਬੀ ਹਨੇਰੀਆਂ ਸਾਹਮਣੇ 'ਸਾਂਝੀਵਾਲਤਾ' ਦਾ ਦੀਵਾ ਬਾਲ ਕੇ ਰੱਖਣਾ ਤੇ ਆਪਣੀ ਵਿਚਾਰਧਾਰਾ ਨੂੰ ਬਚਾਉਣਾ ਕੋਈ ਸੌਖਾ ਕੰਮ ਨਹੀਂ। ਪਰ ਫਿਰ ਵੀ ਬਾਬੂ ਜੀ ਨੇ ਆਪਣੇ ਜਿਗਰ ਦਾ ਖ਼ੂਨ ਪਾਕੇ ਇਸ ਦੀਵੇ ਨੂੰ ਜ਼ਿੰਦਗੀ ਭਰ ਜਗਾਈ ਰੱਖਿਆ।

ਵਤਨਾ ਵੱਲ ਵਾਪਸੀ ਫੇਰੀ

ਬਾਬੂ ਜੀ ਪੁੱਤਰਾਂ ਸਮੇਤ ਭਾਰਤ ਦੀ ਯਾਤਰਾ ਲਈ ਤੜਫ ਰਹੇ ਸੀ। 1960 ਨੂੰ ਕੁਝ ਕੁ ਉਮੀਦ ਬੱਝੀ। ਉਨ੍ਹਾਂ, ਵਿਸਾਖੀ ਦੇ ਮੇਲੇ ਆਉਣਾ ਸੀ, ਪਰ ਐਨ ਅਖੀਰਲੇ ਮੌਕੇ ਤੇ 'ਪਾਕਿ ਸਰਕਾਰ' ਨੇ ਆਗਿਆ ਨਾ ਦਿੱਤੀ। ਉਨ੍ਹਾਂ ਨੂੰ ਲਹੌਰੋਂ ਹੀ ਵਾਪਸ ਮੁੜਨਾ ਪਿਆ। ਫਿਰ ਅਗਸਤ 1964 ਵਿੱਚ ਉਨ੍ਹਾਂ ਨੇ ਬੜਾ ਹੀ ਜ਼ੋਰ ਲਾਇਆ ਪਰ ਪਾਕਿ ਪ੍ਰਸ਼ਾਸਨ ਨੇ ਦਸਤਖ਼ਤ ਹੀ ਨਾ ਕੀਤੇ। 8 ਅਗਸਤ 1964 ਨੂੰ ਆਪਣੇ ਮਨ ਦੀ ਬਿਹਬਲਤਾ ਨੂੰ ਬ੍ਰਿਹੋਂ ਦੀ ਬੈਂਤ ਵਿੱਚ ਬਿਆਨ ਕੀਤਾ ਹੈ।

ਬੈਂਤ ਛੰਦ

ਸਾਈਨ ਕਰਦਿਆਂ ਦੱਸ ਤਕਲੀਫ਼ ਕੀ ਸੀ, ਬੜਾ ਕਰੇ ਅਫਸੋਸ ਪਚੈਤ ਮੇਰੀ।
ਮੈਨੂੰ ਵਤਨ ਦੀ ਪੌਣ ਨਾਂ ਲੈਣ ਦਿੰਦੇ, ਕਿੱਥੋਂ ਲੈਣ ਸ਼ਾਗਿਰਦ ਹਦੈਤ ਮੇਰੀ।
ਸਾਰੇ ਦੇਸ਼ ਦੇ ਪੀਰ ਵੰਗਾਰ ਛੱਡੇ, ਕੱਢੇ ਇੱਕ ਨਾ ਪੀਰ ਹਰਜੈਤ ਮੇਰੀ।
ਬਾਬੂ ਕਹੇ ਜਗਮੇਲ, ਬਸੰਤ, ਠਾਣਾ, ਪਿਆਰੇ ਸ਼ਿਸ਼ ਕੁਰਾਨ ਦੀ ਆਇਤ ਮੇਰੀ।

ਬਾਬੂ ਜੀ ਨੇ ਬੜੇ ਹੀ ਪੀਰਾਂ, ਪੈਗੰਬਰਾਂ ਤੇ ਰਹਿਬਰਾਂ ਅੱਗੇ ਤਰਲੇ ਲਏ, ਨੱਕ ਰਗੜੇ ਤੇ ਸੁੱਖਣਾਂ ਸੁੱਖੀਆਂ, ਪਰ ਕਿਤੋਂ ਵੀ ਖੈਰ ਪੱਲੇ ਨਾ ਪਈ। ਅੰਤ 11 ਫਰਵਰੀ 1965 ਨੂੰ ਖ਼ਬਰੇ ਕਿਹੜਾ ਪੀਰ ਉਸ ਤੇ ਤਰੁੱਠਿਆ ਅਤੇ ਉਸ ਦਾ ਚਿਰਾਂ ਦਾ ਸੁਪਨਾ ਸਾਕਾਰ ਹੋ ਗਿਆ। ਉਨ੍ਹਾਂ ਨੂੰ ਪੁੱਤਰ ਸ਼ਮਸ਼ੇਰ ਖਾਂ ਸਮੇਤ ਇੱਕ ਮਹੀਨੇ ਦਾ ਵੀਜ਼ਾ ਮਿਲ ਗਿਆ। ਉਹ ਖੁਸ਼ੀਆਂ ਵਿੱਚ ਖੀਵਾ ਹੋ ਕੇ ਝੂਮ ਉਠਿਆ। ਉਨ੍ਹਾਂ ਨੇ ਜਥੇਦਾਰ ਜਗਮੇਲ ਸਿੰਘ ਤੇ ਗਿਆਨੀ ਬਸੰਤ ਸਿੰਘ ਆਦਿ ਸ਼ਾਗਿਰਦਾਂ ਨੂੰ ਦਰਜਨਾਂ ਖਤ ਲਿਖੇ। ਵੀਜ਼ਾ ਮਿਲਣ ਦੀ ਖੁਸ਼ੀ ਉਸ ਤੋਂ ਸਾਂਭੀ ਨਹੀਂ ਸੀ ਜਾ ਰਹੀ। ਉਸ ਨੂੰ ਇਉਂ ਮਹਿਸੂਸ ਹੋ ਰਿਹਾ ਸੀ ਜਿਵੇਂ ਕਿਸੇ ਨੂੰ ਤ੍ਰਿਲੋਕੀ ਦਾ ਰਾਜ ਮਿਲ ਗਿਆ ਹੋਵੇ। ਉਸ ਲਈ ਸ਼ਾਗਿਰਦਾਂ ਦੇ ਮੁੱਖ ਵੇਖਣ ਲਈ ਤਰਸਦਿਆਂ ਨੂੰ ਮੁੱਦਤਾਂ ਬਾਅਦ ਇਹ ਸੁਲੱਖਣੀ ਘੜੀ ਆਈ ਸੀ।

ਦਿਲਦਾਰ ਜਗਮੇਲ ਸਿਉਂ ਲੁਹਾਰੇ ਦਾ,
ਕਦੋਂ ਮੁੱਖ ਵੇਖਾਂ ਜਾਨ ਤੋਂ ਪਿਆਰੇ ਦਾ।
ਲੱਗਦੇ ਨਾਂ ਚਿੱਤ ਦੇਸ਼ 'ਚੋਂ ਧਕੇਲਿਆਂ ਦੇ,
ਮੈਥੋਂ ਝੱਲੇ ਜਾਂਦੇ ਨਾ ਵਿਛੋੜੇ ਚੇਲਿਆਂ ਦੇ।

ਬਾਬੂ ਜੀ ਲਈ ਅੱਜ ਦਾ ਦਿਨ ਜ਼ਿੰਦਗੀ ਦਾ ਸਭ ਤੋਂ ਕੀਮਤੀ ਦਿਨ ਸੀ। ਉਨ੍ਹਾਂ ਦਾ ਓਦਰਿਆ ਚਿੱਤ ਉਡਾਰੀ ਮਾਰਨ ਲਈ ਤਿਆਰ ਹੋ ਗਿਆ ਤੇ ਖੁਸ਼ੀ ਨਾਲ ਚਿਹਰੇ ਤੇ ਅਨੋਖੀ ਚਮਕ ਆ ਗਈ। ਉਹ ਬੜੇ ਹੀ ਚਾਅ ਨਾਲ ਤਿਆਰ ਹੋਇਆਂ। ਉਸ ਦੀ ਅੱਡੀ ਧਰਤੀ ਉਤੇ ਨਹੀਂ ਸੀ ਲੱਗਦੀ। ਉਹ ਹਵਾ ਵਿੱਚ ਉਡਣ ਲਈ ਉਤਾਵਲਾ ਸੀ। ਉਹ ਜ਼ਿੰਦਗੀ ਦੀ ਸਭ ਤੋਂ ਵੱਡੀ ਖੁਸ਼ੀ ਪ੍ਰਾਪਤ ਕਰਕੇ ਆਪਣੇ ਛੋਟੇ ਪੁੱਤਰ ਸ਼ਮਸ਼ੇਰ ਖਾਂ ਸਮੇਤ 15 ਮਾਰਚ 1965 ਨੂੰ ਵਾਹਗਾ ਬਾਡਰ ਤੇ ਪਹੁੰਚ ਗਏ।

ਅੱਗੇ ਸਾਹੋ ਇਲਾਕੇ ਦੇ ਪਤਵੰਤੇ ਸੱਜਣ, ਬਾਬੂ ਜੀ ਦੇ ਹੋਣਹਾਰ ਸ਼ਾਗਿਰਦ ਤੇ ਬਲਿਹਾਰ ਉਪਾਸ਼ਿਕ ਆਪਣੇ ਮਹਿਬੂਬ ਦੇ ਸੁਆਗਤ ਲਈ ਦੀਦੇ ਵਿਛਾਕੇ ਈਦ ਦੇ ਚੰਦ ਵਾਂਗ ਉਡੀਕ ਰਹੇ ਸੀ। ਚਿਰਾਂ ਦੀਆਂ ਪਿਆਸੀਆਂ ਰੂਹਾਂ ਨੂੰ ਮਿਲਦੀਆਂ ਵੇਖਕੇ ਕਾਦਰ ਦੀ ਕੁਦਰਤ ਵੀ ਨਸ਼ਿਆ ਗਈ ਤੇ ਇਸ ਅਨੋਖੀ ਮਿਲਣੀ ਦੀ ਮਹਿਕ ਵਿੱਚ ਮਸਤ ਹੋ ਕੇ ਪੂਰਾ ਵਾਤਾਵਰਣ ਤਾੜੀਆਂ ਮਾਰਕੇ ਖੁਸ਼ੀਆਂ ਵਿੱਚ ਨੱਚ ਉਠਿਆ। ਲੋਕਾਂ ਨੇ ਆਪਣੇ ਮਹਿਬੂਬ ਸ਼ਾਇਰ ਦੇ ਗਲੇ ਵਿੱਚ ਫੁੱਲਾਂ ਦੇ ਹਾਰ ਪਾਏ ਤੇ ਦਿਲ ਦੀਆਂ ਗਹਿਰਾਈਆਂ ਵਿੱਚੋਂ ਕੱਢ ਕੇ ਹੀਰਿਆਂ ਵਰਗੇ ਕੀਮਤੀ ਹੰਝੂ ਨਜ਼ਰਾਨੇ ਦੇ ਰੂਪ ਵਿੱਚ ਚਰਨਾਂ ਤੇ ਭੇਂਟ ਕੀਤੇ।

ਕੱਢ ਕਲੇਜਾ ਕਰਨੀ ਆਂ ਜੇਰੇ, ਇਹ ਵੀ ਨਹੀਂ ਤੌਫੀਕ ਤੇਰੇ,
ਇੱਕ ਕਟੋਰਾ ਪਾਣੀ ਦਾ। ਸੱਜਣਾ ਦੀ ਮਹਿਮਾਨੀ ਖਾਤਰ,
ਲਹੂ ਜਿਗਰ ਦਾ ਛਾਣੀ ਦਾ।

ਬਾਰਡਰ ਤੋਂ ਚੱਲ ਬਾਬੂ ਜੀ ਇਸ ਕਾਫਲੇ ਸਮੇਤ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾ ਲਈ ਆਏ। ਨਤ ਮਸਤਕ ਹੋਏ ਤੇ ਸ਼ੁਕਰਾਨਾ ਕੀਤਾ। ਫਿਰ ਪ੍ਰਕਰਮਾ ਵਿੱਚ ਬੈਠ ਕੇ ਸ੍ਰੀ ਹਰਿਮੰਦਰ ਸਹਿਬ ਦੀ ਸਿਫਤ ਲਿਖੀ।

ਦੋਤਾਰਾ ਛੰਦ

1. ਖੜ੍ਹੇ ਸੇਵਕ ਕਰਦੇ ਜੀ, ਜਿੰਨੀਂ ਕਰ ਸਕਣ ਤਰੀਫ਼ ਜ਼ੁਬਾਨੋਂ।
ਏਥੇ ਬਾਰਿਸ਼ ਰਹਿਮਤ ਦੀ, ਸੱਚਾ ਰੱਬ ਆਪ ਕਰੇ ਅਸਮਾਨੋਂ।
ਨੌਂਵਾਂ ਅੰਮ੍ਰਿਤਸਰ ਦਾ ਜੀ, ਬੜਾ ਉਚ ਦਰਜਾ ਪਵਿੱਤਰ ਸਰ ਦਾ।
ਹਰਿਮੰਦਰ ਸਨ੍ਹੈਰੀ ਜੀ, ਦੂਰ ਤੋਂ ਜਗਮਗ ਜਗਮਗ ਕਰਦਾ।

2. ਇਸ ਮੰਦਰ, ਸੁਨਿਹਰੀ ਤੇ, ਗਿਰਦੀਆਂ ਚੰਦ ਸੂਰਜ ਤੋਂ ਕਿਰਨਾਂ।
ਬਣੇ ਅਜਬ ਸੀਨਰੀ ਜੀ, ਸਿਉਨੇ ਨਾਲ ਟੱਕਰ ਜਲਾਂ ਪਰ ਗਿਰਨਾਂ।

ਫੜ ਪਟਕੇ ਰੇਸ਼ਮ ਦੇ, ਏਸ ਦਾ ਲੌਹਣ ਫ਼ਰਿਸ਼ਤੇ ਗਰਦਾ।
ਹਰਿਮੰਦਰ ਸੁਨਿਹਰੀ ਜੀ, ਦੂਰ ਤੋਂ ਜਗਮਗ ਜਗਮਗ ਕਰਦਾ।

ਅੰਮ੍ਰਿਤਸਰ ਤੋਂ ਚੱਲੇ ਬਾਘੇ ਪੁਰਾਣੇ ਰਸੀਵਿੰਗ ਰਿਪੋਰਟ ਕਰਕੇ ਭਗਵਾਨ ਰਾਮ ਚੰਦਰ ਤੋਂ ਵੀ ਚਾਰ ਸਾਲ ਵੱਧ ਬਣਵਾਸ ਕੱਟਕੇ ਪੂਰੇ ਅਠਾਰਾਂ ਸਾਲਾਂ ਮਗਰੋਂ 'ਸਾਹੋ' ਪਹੁੰਚੇ ਤਾਂ ਸਾਹੋ ਵਾਸੀਆਂ ਦੇ ਦਿਲ ਕਮਲ ਫੁੱਲ ਦੇ ਵਾਂਗੂੰ ਖਿੜ ਗਏ। ਲੋਕਾਂ ਦਾ ਚਾਅ ਤੇ ਉਤਸ਼ਾਹ ਵੇਖਣ ਵਾਲਾ ਸੀ। ਸਾਹੋ ਵਾਲਿਆਂ ਨੇ ਸਭ ਤੋਂ ਪਹਿਲਾਂ ਕਾਵਿ ਦੇਵ, ਸਾਹਿਤ ਸਮਰਾਟ, ਬਾਬੂ ਜੀ ਦੀ ਆਰਤੀ ਉਤਾਰੀ ਤੇ ਫੁੱਲਾਂ ਦੀ ਵਰਖਾ ਕੀਤੀ। ਫਿਰ ਤਿੰਨ ਦਿਨਾਂ ਦਾ ਸੁਆਗਤੀ ਸਮਾਗਮ ਰੱਖਿਆ ਤੇ ਤਿੰਨ ਦਿਨ ਸਾਹੋ ਨਿਵਾਸੀਆਂ ਨੇ 'ਕਵੀਸ਼ਰੀ ਕਲਾ ਦੀ ਕੌਮ ਦੇ ਸ਼ਹਿਜ਼ਾਦੇ' ਬਾਬੂ ਜੀ ਦੇ ਆਉਣ ਦੀ ਖੁਸ਼ੀ ਵਿੱਚ ਰਾਤ ਨੂੰ ਬਨੇਰਿਆਂ ਤੇ ਦੀਵੇ ਬਾਲ ਕੇ ਦੀਵਾਲੀ ਮਨਾਈ ਅਤੇ ਤਿੰਨੇ ਦਿਨ ਕਵੀਸ਼ਰੀ ਦਰਬਾਰ ਹੁੰਦਾ ਰਿਹਾ। ਲੱਗਭੱਗ ਚਾਲੀ ਕਵੀਸ਼ਰੀ ਜੱਥਿਆਂ ਨੇ ਕਵੀਸ਼ਰੀ ਦਰਬਾਰ ਵਿੱਚ ਭਾਗ ਲਿਆ ਤੇ ਬਾਬੂ ਜੀ ਦੇ ਸੁਆਗਤ ਵਿੱਚ ਰਚੀਆਂ ਕਵਿਤਾਵਾਂ ਸੁਣਾਈਆਂ। ਬਾਬੂ ਜੀ ਦੇ ਸ਼ਾਗਿਰਦਾਂ ਤੋਂ ਇਲਾਵਾ ਉਨ੍ਹਾਂ ਦੇ ਮਿੱਤਰ ਕਵੀਸ਼ਰ ਵੀ ਆਏ ਸਨ, ਜਿਨ੍ਹਾਂ ਵਿੱਚ ਚੰਦ ਸਿੰਘ ਮਹਿਰਾਜ, ਸ਼ੇਰ ਸਿੰਘ ਸੰਦਲ, ਰਾਮ ਸਿੰਘ ਜੰਘੀਰਾਣਾ, ਪੂਰਨ ਚੰਦ, ਮੋਹਣ ਸਿੰਘ ਰੋਡੇ, ਭਗਤੂ ਰਾਮ, ਬ੍ਰਹਮਾਨੰਦ ਡਿੱਖਾਂ ਤੇ ਸ਼ਿਵਦਿੱਤਾ ਦਾਸ ਸੇਖੂ ਆਦਿ ਕਈ ਕਵੀਸ਼ਰਾਂ ਬਾਬੂ ਜੀ ਦੀ ਸਿਫ਼ਤ ਵਿੱਚ ਛੰਦ ਬੋਲੇ ਸਨ।

1. ਅੱਜ ਦੀ ਸੁਲੱਖਣੀ ਘੜੀ, ਮੇਰੇ ਵਿਛੜੇ ਦਿਲਾਂ ਦੇ ਜਾਨੀ ਮੇਲੇ
(ਰਾਮ ਸਿੰਘ ਜੰਘੀਰਾਣਾ)

2. ਜਨਮ ਦਿਹਾੜਾ ਬਾਬੂ ਜੀ ਦਾ, ਸਾਹੋ ਖਿੜੀਆਂ ਫੁੱਲ ਗੁਲਜ਼ਾਰਾਂ
(ਗਿੰਦਰ ਸਿੰਘ ਸ਼ੇਰਪੁਰੀ)

3. ਬਾਬੂ ਦੀ ਬ੍ਰਿਹੋਂ ਨੇ ਦਿੱਤਾ, ਸਾੜ ਦਾਸ ਦਾ ਪਿੱਤਾ,
ਅੱਜ ਦਰਸ਼ਨ ਕਰਕੇ ਤੇ, ਖਿੜਿਆ ਖੁਸ਼ੀ ਵਿੱਚ ਸ਼ਿਵਦਿੱਤਾ।
ਪੈਰੀਂ ਹੱਥ ਲਾਕੇ ਤੇ ਉਪਰੋਂ ਫੁੱਲ ਬਰਸਾਉਂਦੇ ਚੇਲੇ,
ਮੁੱਦਤਾਂ ਦੇ ਵਿਛੜਿਆਂ ਦੇ ਹੋਗੇ ਅੱਜ ਸਬੱਬੀਂ ਮੇਲੇ।
(ਸ਼ਿਵਦਿੱਤਾ ਦਾਸ ਸੇਖੂ)

4. ਖੁਸ਼ ਬਾਬੂ ਰਜਬ ਅਲੀ ਤੇ, ਇੱਕ ਲੱਖ ਚੌਵੀ ਹਜ਼ਾਰ ਹੈ ਪੈਗੰਬਰ
(ਦਿਆਲ ਸਿੰਘ ਭਲਾਈਆਣਾ)

ਸਮਾਪਤੀ ਵਾਲੇ ਦਿਨ ਬਾਬੂ ਜੀ ਨੇ ਪ੍ਰਧਾਨਗੀ ਭਾਸ਼ਣ ਦੇਣਾ ਸੀ, ਬਾਬੂ ਜੀ ਦੇ ਅਜੀਜ਼ ਸ਼ਾਗਿਰਦ ਜਥੇਦਾਰ ਜਗਮੇਲ ਸਿੰਘ ਜੀ ਨੇ ਦੱਸਿਆ ਹੈ ਕਿ ਮੋਗੇ ਦੇ ਰਾਜਸੀ ਨੇਤਾ ਸਾਥੀ ਰੂਪ ਲਾਲ ਨੇ ਬਾਬੂ ਜੀ ਨੂੰ ਸੁਆਲ ਕਰ ਦਿੱਤਾ–"ਬਾਬੂ ਜੀ ਕਿਸ ਤਰ੍ਹਾਂ ਲੱਗਿਆ

ਤੁਹਾਨੂੰ ਭਾਰਤ ਆਕੇ ?" ਬਾਬੂ ਜੀ ਮੁਸਕਰਾਕੇ ਕਹਿਣ ਲੱਗੇ–ਜਨਾਬ ਇਹ ਤਾਂ ਦਿਲ ਕੀ ਬਾਤ ਹੈ। ਸਿਰਫ਼ ਮਹਿਸੂਸ ਹੀ ਕੀਤੀ ਜਾ ਸਕਦੀ ਹੈ। ਲੇਕਿਨ ਕਹੀ ਨਹੀਂ ਜਾ ਸਕਦੀ।

ਪ੍ਰਧਾਨਗੀ ਭਾਸ਼ਣ ਵਿੱਚ ਬਾਬੂ ਜੀ ਨੇ ਕਿਹਾ ਕਿ ਅੱਜ ਮੈਨੂੰ ਮੇਰੀ ਜਨਮ ਭੂਮੀ ਦੀ ਮਿੱਟੀ ਚੁੰਮ ਕੇ ਜੋ ਸ਼ਾਂਤੀ ਤੇ ਖੁਸ਼ੀ ਮਹਿਸੂਸ ਹੋਈ ਤੇ ਜੋ ਮੇਰਾ ਸ਼ਾਨਦਾਰ ਸੁਆਗਤ ਕੀਤਾ ਹੈ, ਉਸ ਨੂੰ ਭੁੱਲ ਕੇ ਵੀ ਭੁੱਲਿਆ ਨਹੀਂ ਜਾ ਸਕਦਾ ਅਤੇ ਨਾ ਹੀ ਇਸ ਨੂੰ ਸ਼ਬਦਾਂ ਤੇ ਵਿਸ਼ਲੇਸ਼ਣਾਂ ਦੇ ਵਲਗਣਾਂ ਵਿੱਚ ਵਲਿਆ ਜਾ ਸਕਦਾ ਹੈ। ਮੈਂ ਜਾਣ ਵੇਲੇ ਆਪਣੀਆਂ ਦੋ ਮਾਵਾਂ ਤੁਹਾਡੇ ਕੋਲ ਛੱਡ ਕੇ ਗਿਆ ਸਾਂ। ਇੱਕ ਆਪਣੀ ਜਨਮ ਭੂਮੀ ਤੇ ਇੱਕ ਮੇਰੀ ਜਨਮਦਾਤੀ ਮੇਰੀ ਪਿਆਰੀ ਮਾਂ 'ਜਿਉਣੀ' ਜਿਸ ਦੀਆਂ ਦੁਆਵਾਂ ਸਦਕਾ ਅੱਜ ਮੈਂ ਆਪ ਸਭ ਦੀਆਂ ਖੁਸ਼ੀਆਂ ਕਬੂਲਣ ਦੇ ਲਾਇਕ ਹੋਇਆ ਹਾਂ। ਬਾਬੂ ਜੀ ਨੇ ਆਪ ਨੂੰ ਮਿਲਿਆ ਸਨਮਾਨ ਇਹ ਕਹਿਕੇ ਆਪ ਆਪਣੀ ਮਾਂ ਜਿਉਣੀ ਦੇ ਚਰਨਾਂ ਵਿੱਚ ਢੇਰੀ ਕਰ ਦਿੱਤਾ।

1. ਐਸਾ ਤਾਂ ਮੈਂ ਕੁਝ ਨਹੀਂ ਕੀਤਾ, ਮਿਲੀਆਂ ਜੋ ਵਡਿਆਈਆਂ।
ਇਹ ਤਾਂ ਕੀਤੀਆਂ ਮੇਰੀ ਮਾਂ ਦੀਆਂ, ਮੇਰੇ ਕੰਮ ਦੁਆਵਾਂ ਆਈਆਂ।

ਬਾਬੂ ਜੀ ਦੇ ਸ਼ਾਗਿਰਦਾਂ ਨੇ ਪੱਗਾਂ ਤੇ ਮਾਇਆ ਭੇਟ ਕੀਤੀ। ਪੱਗਾਂ ਦਾ ਢੇਰ ਉਨ੍ਹਾਂ ਦੇ ਸਿਰ ਤੋਂ ਉਚਾ ਹੋ ਗਿਆ। ਲੱਗ ਭੱਗ ਸੱਠ ਪੱਗਾਂ ਭੇਟ ਹੋਈਆਂ। ਭੇਟ ਹੋਈ ਮਾਇਆ ਬਾਬੂ ਜੀ ਨੇ ਲੰਗਰ ਲਈ ਦਾਨ ਕਰ ਦਿੱਤੀ। ਇਸ ਪਿਆਸੀ ਆਤਮਾਂ ਵਾਲੇ ਸ਼ਾਇਰ ਨੂੰ ਇੱਕ ਮਹੀਨੇ ਦਾ ਵੀਜ਼ਾ ਮਿਲਿਆ ਸੀ। ਉਸਨੇ ਆਪਣੇ ਕਈ ਯਾਦਗਾਰੀ ਟਿਕਾਣਿਆਂ ਦੀ ਸੈਰ ਕਰਨੀ ਸੀ। ਪਰ ਕੁਦਰਤ ਨੂੰ ਕੁਝ ਹੋਰ ਮਨਜ਼ੂਰ ਸੀ। ਬਾਬੂ ਜੀ ਨੂੰ ਆਇਆਂ ਅਜੇ ਹਫਤਾ ਕੁ ਹੀ ਹੋਇਆ ਸੀ ਕਿ ਪਾਕਿਸਤਾਨ ਤੇ ਹਿੰਦੁਸਤਾਨ ਦੀ ਰਣਕੱਛ ਖੇਤਰ ਵਿੱਚ ਲੜਾਈ ਛਿੜ ਪਈ ਤੇ ਰਾਜਸੀ ਹਲਾਤ ਇੱਕ ਦਮ ਬਦਲ ਗਏ। ਬਾਬੂ ਜੀ ਨੂੰ ਮਜਬੂਰੀ ਵੱਸ ਵਿਲਕਦੇ ਦਿਲ ਨਾਲ ਵਾਪਿਸ ਜਾਣ ਦਾ ਫੈਸਲਾ ਕਰਨਾ ਪਿਆ। ਅੰਤ 26 ਮਾਰਚ 1965 ਨੂੰ (ਸਿਰਫ਼ 11 ਦਿਨਾਂ ਪਿੱਛੋਂ ਹੀ) ਆਪਣੇ 11 ਸ਼ਾਗਿਰਦਾਂ ਤੋਂ ਸ਼ਾਮ ਪੰਜ ਵਜੇ ਵਿਦਿਆ ਹੋਕੇ ਉਹ ਰਾਤੀ ਸਾਢੇ ਨੌਂ ਵਜੇ ਵਾਪਿਸ ਬੱਤੀ ਚੱਕ ਪਹੁੰਚ ਗਏ। ਪਾਰਟੀਸ਼ਨ ਤੋਂ ਬਾਅਦ ਬਾਬੂ ਜੀ ਦੇ ਜੀਵਨ ਦੀ ਇਹ ਪਹਿਲੀ ਤੇ ਆਖਰੀ ਫੇਰੀ ਸੀ ਅਤੇ ਇਸ ਵਿੱਚ ਗੁਜ਼ਾਰੇ ਗਿਆਰਾਂ ਦਿਨ ਸ਼ਾਇਦ ਉਨ੍ਹਾਂ ਨੂੰ ਸੁਰਗਾਂ ਵਿੱਚ ਵੀ ਨਹੀਂ ਭੁੱਲੇ ਹੋਣੇ।

ਵਡ਼ਾਤ (ਅਕਾਲ ਚਲਾਣਾ)

ਬਾਬੂ ਜੀ ਦਾ ਸਮੁੱਚਾ ਜੀਵਨ ਉੱਚਾ, ਸੁੱਚਾ ਤੇ ਸ਼ਾਨਦਾਰ ਸੀ। ਬਾਬੂ ਜੀ 1979 ਵਿੱਚ ਪੂਰੇ ਪੱਚਾਸੀ ਵਰ੍ਹਿਆਂ ਦੇ ਹੋ ਚੁੱਕੇ ਸਨ। ਬੁਢਾਪੇ ਵਿੱਚ ਵੀ ਉਨ੍ਹਾਂ ਦਾ ਸਰੀਰ ਸਾਫ-ਸੁਥਰਾ, ਸੇਹਤਮੰਦ ਤੇ ਤੰਦਰੁਸਤ ਸੀ, ਸਮਝ ਤੇ ਸੁਰਤ ਪੂਰੀ ਸੀ। ਪਰ ਸੁਆਸਾਂ ਦਾ ਖਜ਼ਾਨਾ ਸਮਾਪਤੀ ਵੱਲ ਨੂੰ ਵਧ ਰਿਹਾ ਸੀ। ਉਨ੍ਹਾਂ ਦੀ ਸੁਰਤ ਸੰਸਾਰ ਨਾਲੋਂ ਟੁੱਟ ਕੇ ਨਿਰੰਕਾਰ ਨਾਲ ਜੁੜਦੀ ਜਾ ਰਹੀ ਸੀ। ਸ਼ਾਇਦ ਏਸੇ ਲਈ ਉਨ੍ਹਾਂ ਨੇ ਇਲਾਹੀ ਸੱਦੇ ਦਾ ਸੰਕੇਤ ਮਿਲਦਿਆਂ ਸਾਰ 14 ਸਤਰਾਂ ਦੀ ਆਖਰੀ ਬੈਂਤ 1 ਜੂਨ 1979 ਨੂੰ ਆਪਣੇ ਹੱਥੀਂ ਲਿਖੀ।

ਰਜਬ ਅਲੀ ਤੋਂ ਰੋਜ਼ ਉਡੀਕ ਰੱਖੀ, ਤੈਨੂੰ ਆਪਣੀ ਮੌਤ ਦੀ ਤਾਰ ਬੀਬਾ। 6 ਜੂਨ 1979 ਨੂੰ ਬਾਬੂ ਜੀ ਤੇ ਮਾਸਟਰ ਅਲੀ ਨਿਵਾਜ਼ ਉਕਾੜੇ ਤੋਂ ਪੈਨਸ਼ਨ ਲੈਣ ਲਈ ਗਏ ਤੇ ਸਾਢੇ ਬਾਰਾਂ ਵਜੇ ਵਾਪਸ ਆ ਗਏ। ਬਾਬੂ ਜੀ ਜੌਹਰ ਦੀ ਨਿਮਾਜ਼ ਮਗਰੋਂ ਕੁਝ ਅਰਾਮ ਕਰਨ ਲਈ ਲੇਟ ਗਏ। ਜਦੋਂ ਉਠੇ ਤੇ ਸਾਰੇ ਪ੍ਰਵਾਰ ਨੂੰ ਆਪਣੇ ਕੋਲ ਬੁਲਾਇਆ ਤੇ ਸਾਰਿਆਂ ਦੀ ਹਾਜ਼ਰੀ 'ਚ ਕੁਰਾਨ ਸ਼ਰੀਫ਼ ਦਾ ਪਾਠ ਕੀਤਾ। ਦਿਨ ਛਿਪਣ ਤੋਂ ਇੱਕ ਘੜੀ ਪਹਿਲਾਂ ਸਰੀਰ ਨੇ ਬਾਕੀ ਬਚਦਾ ਆਖਰੀ ਸੁਆਸ ਲਿਆ ਅਤੇ ਚਾਦਰ ਝਾੜ ਕੇ ਰੱਖ ਦਿੱਤੀ ਤੇ ਆਤਮਾਂ ਉਸੇ ਚਾਦਰ ਵਿੱਚ ਅਮਲਾਂ ਦੀ ਗੱਠ ਬੰਨ੍ਹੀ ਅਜ਼ਰਾਈਲ ਫਰਿਸ਼ਤੇ ਦੇ ਨਾਲ ਜਾਣ ਲਈ ਤਿਆਰ ਹੋ ਗਈ। ਪਰ ਜਾਣ ਤੋਂ ਪਹਿਲਾਂ ਤਰਲਾ ਲੈ ਕਿ ਆਖਿਆ-ਯਾਰਾ ਜਿੱਥੇ ਜੀ ਚਾਹੁੰਦਾ ਈ ਲੈ ਚੱਲ ਪਰ ਇੱਕ ਵਾਰੀ ਮੈਨੂੰ 'ਸਾਹੋ' ਦੀ ਸੈਰ ਕਰਾ ਦੇ। ਬਾਬੂ ਜੀ ਦੇ ਬੱਸਤਾ ਬਰਦਾਰ ਮਾਸਟਰ ਅਲੀ ਨਿਵਾਜ਼ ਨੇ ਆਤਮਾ ਦੀ ਅੰਤਿਮ ਖਾਹਿਸ਼ ਨੂੰ ਹੇਠ ਲਿਖੀਆਂ ਸਤਰਾਂ 'ਚ ਇਉਂ ਅੰਕਿਤ ਕੀਤਾ ਹੈ।

1. ਕਹਿਣ ਲੱਗੇ ਫਰਿਸ਼ਤੇ ਨੂੰ, ਮੇਰੀ ਰੂਹ ਲੈਜਾ ਜਿਧਰ ਜੀ ਤੇਰਾ।
ਪਰ ਸੱਜਣ ਮਿਲਾ ਦੇਵੀਂ, ਮੰਨ ਲੈ ਰੱਬ ਦਾ ਵਾਸਤਾ ਮੇਰਾ।
ਫੇਰ ਲੈ ਜਾਈਂ ਅਰਸ਼ਾਂ ਤੇ, ਕੇਰਾਂ ਤੂੰ ਸਾਹੋ ਸੈਰ ਕਰਾ ਕੇ।
ਵੀਰ ਬਾਡਰ ਲੰਘ ਕੇ ਤੇ, ਵੇਖ ਲੋ ਕਬਰ ਗੁਰੂ ਦੀ ਆਕੇ।

2. ਭੌਰ ਉਡਿਆ ਜਾਂਦਾ ਵੀ, ਕਰਦਾ ਜਾਂਦਾ ਸਾਹੋ-ਸਾਹੋ।
ਕਹੇ ਜਨਮ ਭੂਮਕਾ ਮੋਂ, ਮੇਰੀ ਅਰਥੀ ਮੋੜ ਲਿਆਓ।
ਬਾਝੋਂ ਸੱਜਣ ਪਿਆਰਿਆਂ ਦੇ, ਕਰੂੰ ਕੀ ਮੈਂ ਸੁਰਗਾਂ ਵਿੱਚ ਜਾਕੇ।
ਵੀਰ ਬਾਡਰ ਲੰਘ ਕੇ ਤੇ, ਵੇਖ ਲੋ ਕਬਰ ਗੁਰੂ ਦੀ ਆਕੇ।

(ਅਲੀ ਨਿਵਾਜ਼)

ਪਰ ਵਕਤ ਦੀ ਮਜਬੂਰੀ ਕਾਰਨ ਇਸ ਅਲਬੇਲੇ ਸ਼ਾਇਰ ਨੂੰ ਪ੍ਰਵਾਰ ਨੇ 7 ਜੂਨ 1979 ਈ: ਨੂੰ ਸਤਿਕਾਰ ਸਾਹਿਤ (ਬੱਤੀ ਚੱਕ) ਵਿਖੇ ਹੀ ਸਪੁਰਦ-ਏ-ਖ਼ਾਕ ਕਰ ਦਿੱਤਾ।

ਸਖ਼ਸ਼ੀਅਤ

ਕਾਵਿ ਮੰਡਲਾਂ ਦੇ ਚਮਕਦੇ ਸਿਤਾਰੇ ਸ਼ਾਇਰ-ਏ-ਆਜ਼ਮ, ਸਾਹਿਤ ਸਮਰਾਟ, ਬਾਬੂ ਰਜਬ ਅਲੀ ਸਾਹਿਬ ਪੰਜਾਬੀ ਸੱਭਿਆਚਾਰ ਦੀ ਡੀਲ-ਡੌਲ ਸਨ। ਉਨ੍ਹਾਂ ਦਾ ਕੱਦ ਸਮੱਧਰ, ਦਿਲ ਪੱਧਰ ਤੇ ਹਿਰਦਾ ਬਹੁਤ ਹੀ ਵਿਸ਼ਾਲ ਸੀ। ਉਨ੍ਹਾਂ ਦਾ ਫੁਰਤੀਲਾ ਸਰੀਰ ਸ਼ਰਮੀਲੀ ਤੇ ਨਿਰਮਲ ਅੱਖ, ਸਰਸਬਜ਼ ਦਿਮਾਗ ਤੇ ਬਲੌਰ ਵਰਗਾ ਚਿਲਕਦਾ ਚਿਹਰਾ ਉਨ੍ਹਾਂ ਦੇ ਮਝੈਂਗੇ ਦੀ ਮਹਾਨਤਾ ਸੀ। ਉਨ੍ਹਾਂ ਦੇ ਅਫ਼ਸਰ ਹੋਣ ਨਾਤੇ ਵੀ ਸਿਰ ਤੇ ਬੱਧੀ ਚਿੱਟੀ ਪੱਗ ਤੇ ਬੁਲੰਦ ਸਦਾਚਾਰ ਵਰਗਾ ਉਚਾ ਟੌਰ੍ਹਾ, ਚਿੱਟਾ ਕੁੜ੍ਹਤਾ-ਚਾਦਰਾ, ਪੈਰੀਂ ਪਾਈ ਚੀਕੂ-ਚੀਕੂ ਕਰਦੀ ਜਰਕਮੀਂ ਦੇਸੀ ਜੁੱਤੀ, ਪਿਉਰ ਪੇਂਡੂ ਪਹਿਰਾਵੇ ਦਾ ਨਮੂਨਾ ਸੀ।

ਗੱਲ ਕੀ ਉਨ੍ਹਾਂ ਦੀ ਖੁਰਾਕ ਵੀ ਪੰਜਾਬੀ ਸੀ। ਉਨ੍ਹਾਂ ਦੀ ਪੁਸ਼ਾਕ ਵੀ ਪੰਜਾਬੀ ਸੀ।

ਉਨ੍ਹਾਂ ਬਹੁਤ ਸਾਰਾ ਮਾਣ ਪੰਜਾਬੀ ਮਾਂ-ਬੋਲੀ ਦੀ ਝੋਲੀ ਵਿੱਚ ਪਾਇਆ ਹੈ। ਇੱਥੇ ਇਸ ਗੱਲ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ ਕਿ ਭਾਵੇਂ ਉਨ੍ਹਾਂ ਦੀ ਮਜ਼ਹਬੀ ਬੋਲੀ ਉਰਦੂ ਅਤੇ ਫਾਰਸੀ ਬਣਦੀ ਹੈ। ਇਸ ਤੋਂ ਇਲਾਵਾ ਉਹ ਲਗਭਗ ਸੱਤ ਹੋਰ ਵੀ ਭਾਸ਼ਾਵਾਂ ਦਾ ਸੰਪੂਰਨ ਗਿਆਨ ਰੱਖਦੇ ਸਨ। ਪਰ ਜਿੰਨਾ ਸਤਿਕਾਰ ਉਨ੍ਹਾਂ ਨੇ ਪੰਜਾਬੀ ਭਾਸ਼ਾ ਨੂੰ ਦਿੱਤਾ ਹੈ, ਹੋਰ ਕਿਸੇ ਭਾਸ਼ਾ ਨੂੰ ਨਹੀਂ ਦਿੱਤਾ।

ਉਨ੍ਹਾਂ ਨੇ ਪੰਜਾਬੀ ਮਾਂ-ਬੋਲੀ ਦੇ ਹੇਜ ਵਿੱਚ ਉਚੀਆਂ-ਉਚੀਆਂ ਆਵਾਜ਼ਾਂ ਮਾਰੀਆਂ ਤੇ ਲੋਕਾਂ ਦੇ ਵਾਸਤੇ ਪਾਏ ਅਤੇ ਆਖਿਆ:—

1. ਆਜੋ ਜੇ ਗੁਰਮੁਖੀ ਕਿਸੇ ਨੇ ਸਿੱਖਣੀ,
ਪੜ੍ਹਨੀ ਅਸਾਨ ਤੇ ਸੁਖਾਲੀ ਲਿਖਣੀ,
ਅੱਖਰ ਜੇ ਫਾਗ ਜਿਉਂ ਜਲੇਬੀ ਪੋਲੀ ਦੇ,
ਮਿੱਠੇ ਬੋਲ ਬੋਲੀਦੇ ਪੰਜਾਬੀ ਬੋਲੀ ਦੇ।

2. ਖੰਡ ਤੋਂ ਮਿੱਠੀ ਬੋਲੀ ਪਿਆਰੇ ਵਤਨ ਪੰਜਾਬ ਦੀ,
ਮੁੱਖ 'ਚੋਂ ਲਪਟਾਂ ਮਾਰਨ, ਜੈਸੇ ਅਤਰ ਗੁਲਾਬ ਦੀ।
ਹੋਰ ਸਤਾਉਣ ਜ਼ਬਾਨਾਂ, ਅੱਖ 'ਚ ਜਲ ਭਰ ਡੋਲ੍ਹੀ ਦਾ,
ਕਰਦੇ ਨਾ ਹਮਦਰਦੋਂ, ਦਰਦ ਪੰਜਾਬੀ ਬੋਲੀ ਦਾ।

3. ਆਪਣੀ ਜ਼ਬਾਨ ਛੱਡ ਗੈਰਾਂ ਦੇ ਮਗਰ ਲੱਗਾ,
ਏਦੂੰ ਵੱਧ ਬੇਵਕੂਫਾ ਕਿਹੜੀ ਗੱਲ ਪਾਪ ਦੀ।
ਬਾਬੂ ਜੀ ਪੰਜਾਬੀ ਫਿਰੇ ਸਿੱਖਦਾ ਜ਼ੁਬਾਨਾਂ ਹੋਰ,
ਵੀਰ ਜੀ ਪੰਜਾਬੀ ਬੋਲੀ ਤੇਰੇ ਮਾਂ ਤੇ ਬਾਪ ਦੀ।

4. ਜੁਆਨ ਸੋਹਣੇ ਸ਼ਾਮ ਫਰਾਂਸੋਂ, ਗੋਲ ਗਰਦਨ ਕੰਚ ਗਲਾਸੋ,
ਸ਼ੇਰਾਂ ਵਰਗੇ ਉਭਰੇ ਸੀਨ੍ਹੇ, ਚਿਹਰੇ ਝਗਰੇ ਤੇ ਲੈਣ ਨਗੀਨੇ,
ਐਸਾ ਗੱਭਰੂ ਜੱਗ ਵਿੱਚ ਹੋਣਾ ਨਾ,
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਉਹਨਾਂ ਨੇ ਸਾਰੀ ਜ਼ਿੰਦਗੀ ਸਮੁੱਚੇ ਪੰਜਾਬੀ ਸੱਭਿਆਚਾਰ ਦੀ ਸਹੀ ਪੈਹਰਵੀ ਤੇ ਪ੍ਰਤੀਨਿੱਧਤਾ ਕੀਤੀ। ਉਹ ਇੱਕੋ ਸਮੇਂ ਨਾਮਵਰ ਪਹਿਲਵਾਨ, ਪਲੇਅਰ, ਆਗਿਆਕਾਰ ਪੁੱਤਰ, ਜ਼ਿੰਮੇਵਾਰ ਪਿਤਾ, ਇਮਾਨਦਾਰ ਅਫ਼ਸਰ, ਉਚ ਕੋਟੀ ਦੇ ਉਸਤਾਦ ਸ਼ਾਇਰ ਅਤੇ ਮਹਾਨ ਸਖਸ਼ੀਅਤ ਦੇ ਮਾਲਕ ਸਨ। ਅਗਰ ਮੇਰੇ ਵਰਗਾ ਅਕਲੋਂ ਇਲਮੋਂ ਕੋਰਾ ਸਾਧਾਰਣ ਜਿਹਾ ਕਵੀਸ਼ਰ ਉਨ੍ਹਾਂ ਦੀ ਮਹਾਨਤਾ ਨੂੰ ਆਪਣੇ ਵਿਸ਼ਲੇਸ਼ਣਾ ਵਿੱਚ ਵਿਉਂਤਣ ਦੀ ਕੋਸ਼ਿਸ਼

ਕਰੇ ਤਾਂ ਕੁੱਲ ਮਿਲਾਕੇ ਮੁੱਠੀਆਂ ਵਿੱਚ ਅੰਗਾਰੇ ਛੁਪਾਉਣ ਵਾਲੀ ਗੱਲ ਹੋਵੇਗੀ।

ਉਨ੍ਹਾਂ ਦੀ ਇਸ 'ਮਹਾਨ ਰਚਨਾ' ਨੂੰ ਆਪ ਜੀ ਦੇ ਹੱਥਾਂ ਤੱਕ ਪਹੁੰਚਾਉਣ ਦੇ ਮੇਰੇ ਇਸ ਉਪਰਾਲੇ ਨੂੰ ਕਵੀਸ਼ਰੀ ਕਲਾ ਦੇ ਉਪਾਸ਼ਕ ਸਰੋਤੇ ਅਤੇ ਪਾਠਕ ਇਸਨੂੰ ਕਿਹੜੇ ਖਾਤੇ ਵਿੱਚ ਜਮ੍ਹਾ ਕਰਨਗੇ ਅਤੇ ਮੈਨੂੰ ਇਸ ਦੀ ਕਹੜੀ ਰਸੀਦ ਦੇਣਗੇ ? ਇਹ ਤਾਂ ਸਮਾਂ ਹੀ ਦੱਸੇਗਾ।

ਆਪ ਜੀ ਦੀ ਰਾਇ ਅਤੇ ਰਾਬਤੇ ਦੀ ਉਡੀਕ ਵਿੱਚ।

ਸੰਪਾਦਕ: ਕਵੀਸ਼ਰ ਸੁਖਵਿੰਦਰ ਸਿੰਘ 'ਸੁਤੰਤਰ'
ਪੱਕਾ ਕਲਾਂ, ਬਠਿੰਡਾ-151401
ਫੋਨ ਨੰ: 9876816866
www.sultanter.com
e.mail:info@sultanter.com

ਮੰਗਲਾ ਚਰਨ
ਦਸ ਅਵਤਾਰਾਂ ਦੀ ਸਿਫ਼ਤ

॥ ਦੋਹਿਰਾ ॥

ਦਸ ਅਵਤਾਰਾਂ ਦੀ ਕਰਾਂ, ਸਿਫ਼ਤ ਲਗਾ ਕਰ ਰੀਝ।
ਵਿਦਿਆ ਹੋ ਗਏ ਜਗਤ 'ਚੋਂ, ਬੀਜ ਧਰਮ ਦਾ ਬੀਜ।

ਤਰਜ਼ —1

ਸੋਹਣੀ ਲਗਦੀ ਮਜਲਸ ਸਿਆਣੀ, ਸੁਣ ਲਉ ਗੁਰ ਨਾਨਕ ਦੀ ਬਾਣੀ,
ਦਿਲ ਨੂੰ ਖਿੱਚਦੀ ਜਾਂਦੀ ਜਾਣੀਂ, ਪੜ੍ਹ-ਪੜ੍ਹ ਅੰਦਰ ਠਰਗੇ ਐ।
ਸੁਣ ਬਾਬੇ ਦੀ ਬਾਣੀ, ਲੱਖ ਗੁਨਾਹੀ ਤਰਗੇ ਐ।
ਆਦਿ ਗ੍ਰੰਥ ਬਣਾਇਆ ਜਿਸ ਨੇ, ਅਉਗਣ ਪਾਪ ਪੜ੍ਹੇ ਤੋਂ ਮਿਸਣੇ,
ਲੱਗ ਜੇ ਸੁਰਗ ਘੜੀ ਵਿਚ ਦਿਸਣੇਂ, ਪਰ ਕੁਝ ਲੋੜ ਵਿਚਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਦੂਜੇ ਸ੍ਰੀ ਗੁਰੂ ਅੰਗਦ ਪਿਆਰੇ, ਕਰਦੇ ਭਜਨ ਹਰੀ ਦੇ ਤਾਰੇ,
ਜਿਸਨੇ ਗੁਰਮੁਖੀ ਅੱਖਰ ਉਚਾਰੇ, ਸੌਖਾ ਪੜ੍ਹਨ ਪੰਜਾਬੀ ਨੂੰ।
ਇੱਕ ਹਫ਼ਤੇ ਵਿਚ ਆ ਜੇ, ਸਾਰੀ ਸਮਝ ਹਿਸਾਬੀ ਨੂੰ।
ਪੈ ਗਿਆ ਕਾਲ ਖੁਸ਼ਕ ਪਈ ਧਰਨੀ, ਲੋਕੀਂ ਆ ਕਰ ਲਗ ਗਏ ਚਰਨੀਂ,
ਵਰਖਾ ਤੁਰਤ 'ਸਮਾਨੋਂ ਵਰ੍ਹਨੀਂ, ਲੱਗ ਗਈ ਮੌਜ ਫੁਹਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਤੀਜੇ ਅਮਰ ਦਾਸ ਦੇ ਚੇਰ੍ਹੇ, ਕਰ 'ਤੇ ਚਾਨਣ ਚੱਕ 'ਤੇ ਨੇਰ੍ਹੇ,
ਪਿਛਲੀ ਰੀਤ ਹਟਾ 'ਤੇ ਫੇਰੇ, ਲੱਗ ਪਏ ਪੜ੍ਹਨ ਅਨੰਦਾਂ ਨੂੰ।
ਧਰਮੀ ਬੁਰਜ ਉਸਾਰੇ, ਢਾਹ ਕਰ ਜ਼ੁਲਮੀ ਕੰਧਾਂ ਨੂੰ।
ਜਿਹੜੀ ਗੋਇੰਦਵਾਲ ਵਿਚ ਬਉਲ਼ੀ, ਹੱਥੀਂ ਤੀਜੇ ਗੁਰ ਨੇ ਡਾਉਲ਼ੀ,
ਬੈਠ ਬਣਾ 'ਤੀ ਹੌਲੀ-ਹੌਲੀ, ਮੇਹਰ ਸੀ ਸਰਕਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਚੌਥੇ ਰਾਮਦਾਸ ਗੁਰ ਜਿਹੜੇ, ਉੱਤਰੇ ਛੱਪੜ ਸੁਧਾਸਰ ਨੇੜੇ,
ਤੇ ਕੰਮ ਤਾਲ ਪੱਟਣ ਦੇ ਛੇੜੇ, ਤੀਰਥ ਅੰਮ੍ਰਿਤਸਰ ਦਾ ਹੈ।
ਵਿੱਚ ਸੁਨਹਿਰੀ ਮੰਦਰ ਜਗਮਗ ਜਗਮਗ ਕਰਦਾ ਹੈ।
ਜਿਹੜੇ ਨ੍ਹਾਉਣ ਤਾਲ਼ ਵਿਚ ਵੜਦੇ, ਸਾਰੇ ਪਾਪ ਸਰੀਰੋਂ ਝੜਦੇ,
ਸਤਿਗੁਰ ਕੱਢ ਦੇ ਨਰਕੋਂ ਸੜਦੇ, ਬੀਣੀ ਪਕੜ ਹਜ਼ਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਜਿਹੜੇ ਸਤਿਗੁਰ ਅਰਜਨ ਪੰਜਮੇਂ, ਢੁੱਕਣਾ ਚੰਦੂ ਦੇ ਘਰ ਜੰਜ ਮੇਂ,
ਪੁੱਤ ਦੀ ਵੰਨੀ ਛੱਡ 'ਤੀ ਰੰਜ ਮੇਂ, ਤੇ ਦਿਨ ਆ ਗਏ ਭੀੜ ਕੇ।
ਉੱਪਰ ਬਹਾ 'ਤੇ ਸਤਿਗੁਰ, ਤੱਤੀਆਂ ਤਵੀਆਂ ਬੀੜ ਕੇ।
ਅੱਗ ਦੇ ਭਾਂਬੜ ਬਲਨ ਉਦਾਲ਼ੇ, ਰੇਤੇ ਗਰਮ ਸੀਸ ਵਿੱਚ ਡਾਲੇ,
ਪੈ ਗਏ ਸੋਹਲ ਬਦਨ 'ਤੇ ਛਾਲ਼ੇ, ਰੋਵੇ ਖ਼ਲਕ ਬਜ਼ਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਛੀਵਾਂ ਨਾਂ ਹਰਿ ਗੋਬਿੰਦ ਉਹਦਾ, ਪਾਰੀ ਸ਼ਸਤਰ-ਧਰੀ ਯੋਧਾ,
ਖੰਡਾ ਪੈਂਦੇ ਖ਼ਾਂ ਤੇ ਰੋਹ ਦਾ, ਵੱਜਿਆ ਬਦਲੇ ਨਕਸ਼ੇ ਸੀ।
ਮਾਤ ਸੁਲੱਖਣੀ ਨੂੰ ਭੀ ਉਹਨਾਂ ਸੱਤ ਪੁੱਤ ਬਖ਼ਸ਼ੇ ਸੀ।
ਝੰਡੇ ਆਪਣੇ ਧਰਮ ਦੇ ਗੱਡ 'ਤੇ, ਫੜ ਕੇ ਜੂੜ ਜ਼ੁਲਮ ਦੇ ਵੱਢ 'ਤੇ,
ਕੈਦੀ ਗੁਆਲੀਅਰ 'ਚੋਂ ਕੱਢ 'ਤੇ, ਆ ਗਈ ਡੇਟ 'ਕਰਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਸਤਵੇਂ ਹਰਿ ਰਾਏ ਜੀ ਭੋਲ਼ੇ, ਧਰਮੀ ਮੂਰਤ, ਭਗਵੇਂ ਚੋਲ਼ੇ,
ਢਾਂਡੇ ਚਾਰਨ ਭੁੱਖੇ, ਢਿੱਡ ਵਜਾਉਂਦੇ ਲੜਕੇ ਸੀ।
ਮੇਹਰਬਾਨੀ ਕਰੀ ਹਜ਼ੂਰ ਐ, ਬਖ਼ਸ਼ੇ ਰਾਜ, ਕਰੇ ਭਰਪੂਰ ਐ,
ਨਾਭਾ, ਪਟਿਆਲਾ, ਸੰਗਰੂਰ ਐ, ਰਿਆਸਤ ਸਿੰਘ ਸਰਦਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਅੱਠਵੇਂ ਸਤਿਗੁਰ ਹਰੀ ਕ੍ਰਿਸ਼ਨ, ਸੋਲ਼ਾਂ ਕਲਾਂ ਸੰਪੂਰਨ ਦਿੱਸਣ,
ਬੱਗੇ ਛਾਲੇ ਭਰ-ਭਰ ਫਿੱਸਣ, ਮਾਤਾ ਨਿਕਲੀ ਮੋਟੀ ਸੀ।
ਜਲਦੀ ਸੁਰਗ ਸਿਧਾਰੇ, ਉਮਰ ਲਿਖਾ ਲਈ ਛੋਟੀ ਸੀ।
ਗੂੰਗੇ ਮਹਿਰੇ ਦਾ ਮੂੰਹ ਸੀਤਾ, ਛਮਕੀ ਨਾਲ ਇਸ਼ਾਰਾ ਕੀਤਾ,
ਕਰਕੇ ਅਰਥ ਸੁਨਾ'ਤੀ ਗੀਤਾ, ਖਿੜ ਗਈ ਅਕਲ ਗੰਵਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਪਰਦੇ ਨੌਂਵੇਂ ਗੁਰ ਨੇ ਫੋਲੇ, ਸਿੱਖ ਨੂੰ ਪੁੱਛਣਾ ਚਾਹੁੰਦੇ ਗੋਲੇ,
ਮੁੱਖ ਸੇ ਤੇਗ਼ ਬਹਾਦਰ ਬੋਲੇ, ਏਧਰ ਆਉਂਦੇ ਗੋਰੇ ਐ।
ਦਿੱਲੀ ਵਿੱਚ ਨਾ ਅਪੜੇ, ਇੰਗਲਿਸਤਾਨੋਂ ਤੋਰੇ ਐ।
ਮਾਲ਼ਾ ਨੌਂਵੇ. ਗੁਰ ਜੀ ਜਪਦੇ, ਪਾਪੀ ਲੀਕ ਜ਼ੁਲਮ ਦੀ ਟਪਦੇ,
ਖੰਡਾ ਮਾਰ ਸੀਸ ਨੂੰ ਕੱਪਦੇ, ਤਿੱਖੀ ਧਾਰ ਕਟਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

'ਬਾਬੂ' ਦਸਮੇਂ ਗੁਰ ਜੀ ਮੌਜੀ, ਜਾਂਦੇ ਸ਼ਹਿਨਸ਼ਾਹਾਂ ਨਾਲ਼ ਖੌਹਜੀ,
ਸਾਰੀ ਕੌਮ ਬਣਾ 'ਤੀ ਫ਼ੌਜੀ, ਚਿੱਟਿਆਂ ਬਾਜ਼ਾਂ ਵਾਲੇ ਜੀ।
ਬੜੇ ਸ਼ਹੀਦੀ ਪਾ ਗਏ, ਕਉਰ ਬਹਾਬਰ ਨਾਲ਼ੇ ਜੀ।
ਜੱਗ ਤੇ ਸਹੀ ਮੁਸੀਬਤ ਕੇਹੀ, ਛਾਤੀ ਨਾਲ ਸ਼ਸਤਰਾਂ ਫੇਹੀ।
ਕੰਧਾਂ ਬੀਚ ਚਿਣਾ 'ਤੀ ਦੇਹੀ, ਛੋਟੇ ਰਾਜ ਕੁਮਾਰਾਂ ਦੀ।
ਸਿਫ਼ਤ ਖੜੋਤੇ ਕਰਦੇ, ਸੇਵਕ ਦਸ ਅਵਤਾਰਾਂ ਦੀ।

ਪ੍ਰਸੰਗ
ਬਾਬਾ ਬੰਦਾ ਸਿੰਘ ਬਹਾਦਰ
(ਭੀਮ-ਚੰਦੀ)

॥ ਦੋਹਿਰਾ ॥

ਲੜਨੋਂ ਕਦੇ ਨਾ ਡਰਨਗੇ, ਲਏ ਦੁਸ਼ਮਣ ਨੇ ਘੇਰ।
ਦਲੌਰ ਪਿਤਾ ਦੀ ਬਿੰਦ ਜੀ, ਜਰਮੇਂ ਬੱਬਰ ਸ਼ੇਰ।

ਦੋ ਭਾਗ ਛੰਦ—1

ਜਦੋਂ ਰਾਜ ਹਿੰਦ ਤੇ ਫਰਖ਼ਸੀਰ ਦੇ,
ਸੁਣ ਖੜੇ ਹੋਗੇ ਰੌਂਗਟੇ ਸਰੀਰ ਦੇ,
ਜਾਲਮ ਸਹਿਜ਼ਾਦਾ ਮੁਗਲਾਂ ਦੀ ਨਸਲੋਂ,
ਉਦੋਂ ਪੈਗਿਆ ਰਾਜ ਮੇਂ ਅੰਧੇਰ ਅਸਲੋਂ।

ਮਿਲਦਾ ਨਾ ਪਲ ਰੱਜਤ ਨੂੰ ਚੈਨ ਦਾ,
ਉਹਨੂੰ ਸੁਆਦ ਪੈ ਗਿਆ ਸੀ ਡੋਲ਼ੇ ਲੈਣ ਦਾ,
ਹੁੰਦੀ ਪੂਰੀ ਸੌ-ਸੌ ਬੇਗਮ ਨਵਾਬਾਂ ਦੇ,
ਸੁੱਤੇ ਰਹਿੰਦੇ ਨਾਲ ਡੱਕ ਕੇ ਸ਼ਰਾਬਾਂ ਦੇ।

ਹੋਇਆ ਕੱਠ ਅੰਮ੍ਰਿਤਸਰ ਆਖੀ ਦਾ,
ਆਏ ਲੋਕ ਮੇਲਾ ਵੇਖਣ ਵਿਸਾਖੀ ਦਾ,
ਇੱਕ ਭੀਮ ਪੰਡਤ ਹੁਸ਼ਿਆਰ ਮੱਤ ਕਾ,
ਛੋਟਾ ਹੁੰਦਾ ਸਿੱਖਦਾ ਰਿਹਾ ਸੀ ਗੱਤਕਾ।

ਕਹਿੰਦੇ ਜਿਹੜੇ ਦੇਸ਼ ਦੀ ਰੱਖਣ ਲੱਜਿਆ,
ਚੱਲੋ ਵੇਖੋ ਖਾਲਸਾ ਪੰਥ ਸੱਜਿਆ।
ਸੁਣ ਪ੍ਰਚਾਰ ਅੰਮ੍ਰਿਤ ਛੱਕਲੇ,
ਪੰਜ ਕੱਕੇ ਪਹਿਨ ਕ੍ਰਿਪਾਨ ਚੱਕਲੇ।

ਕਰਦੀ ਉਡੀਕ ਮਾਤਾ ਸੀ ਸਰੁਸਤੀ,
ਮੇਲੇ ਉਤੇ ਹੋਈ ਸੀ ਮੱਲਾਂ ਦੀ ਕੁਸ਼ਤੀ।
ਸਾਥੀ ਕਹਿੰਦੇ ਭੀਮ ਤੂੰ ਰਲ਼ਾ ਲਿਆ ਜੱਥੇ ਮੇਂ,
ਦੋਵੇਂ ਹੱਥ ਮਾਰੇ ਮਾਂ ਦੁਖੀ ਨੇ ਮੱਥੇ ਮੇਂ।

ਥਾਂ ਤੋਂ ਗਈਆਂ ਗੱਲਾਂ ਸੁਣਕੇ ਬੁੜ੍ਹੀ ਦੀਆਂ,
ਠਣ-ਠਣ ਇੰਝਾਂ ਡਿੱਗਣ ਥੁੜੀ ਦੀਆਂ।
ਪੁੱਠਾ ਹੋ ਮੰਜੀ ਤੋਂ ਜੈ ਦਿਆਲ ਵੱਜਿਆ,
ਸੁਣ ਕੁਰਲਾਹਟ ਪਿੰਡ ਆਇਆ ਭੱਜਿਆ।

ਹੋ ਗਏ ਬੇਹੋਸ਼ ਪਾਣੀ ਲਾਉਂਦੇ ਮੂੰਹਾਂ ਨੂੰ,
ਆਂਵਦੀ ਨਾ ਚੈਨ ਘਬਰਾਈਆਂ ਰੂਹਾਂ ਨੂੰ।
ਭੀਮ ਨੇ ਤਾ ਛੱਡਣਾ ਸਿੰਘਾਂ ਦਾ ਮਗਰਾ,
ਪੁੱਤਰ ਬਗੈਰ ਕੀ ਕਰੂੰਗਾ ਨੱਗਰਾ।

'ਰਜਬਲੀ' ਪਿੰਡ ਜੈ ਦਿਆਲ ਰੋ ਰਿਹਾ,
ਸਾਲ ਦਾ ਬਿਮਾਰ ਬੁਰਾ ਹਾਲ ਹੋ ਰਿਹਾ।

॥ ਦੋਹਿਰਾ ॥

ਦੌਰਾ ਮਾਝੇ ਦੇਸ਼ ਦਾ, ਖ਼ਾਨ ਹਮੇਸ਼ਾ ਕਰਨ।
ਇੱਕ ਪਿੰਡ ਆਈਆਂ ਕਾਕੀਆਂ, ਖੂਹ ਤੇ ਪਾਣੀ ਭਰਨ।

ਝੋਕ—2

ਖਾਨਾਂ ਨੇ ਫੜਲੀ ਬਾਹੋਂ ਪੰਡਤਾਂ ਦੀ ਚੰਦੀ ਐ,
ਲੜਕੀ ਦੀ ਕਿਸਮਤ ਉੱਘੜੀ ਸਭਨਾਂ ਤੋਂ ਮੰਦੀ ਐ,
ਕਹਿਰ ਕੀ ਵਰਤਿਆ ਸੁਣਕੇ ਝੁਰਦੇ ਸਰਬੰਦੀ ਐ,
ਚਿੱਟੀ ਜੀ ਚਾਦਰ 'ਚੌਹ' ਜੇ ਲੱਗਦੇ ਐ ਕਾਲਕ ਦੇ,
ਹੁਕਮ ਨਾ ਮੋੜੇ ਜਾਂਦੇ ਜੌਰਾਵਰ ਮਾਲਕ ਦੇ।
ਬਾਕੀ ਦੀਆਂ ਥਰ-ਥਰ ਕੰਬੀਆਂ ਕੁੜੀਆਂ ਡਰ ਡਰ ਕੇ ਜੀ,
ਨੀਵੀਂ ਪਾ ਡੋਲ੍ਹੀ ਜਾਵਣ ਅੱਖੀਆਂ ਭਰ-ਭਰ ਕੇ ਜੀ,
ਘਰਾਂ ਨੂੰ ਭੱਜਣ ਸਾਰੀਆਂ ਮਟਕੇ ਧਰ-ਧਰ ਕੇ ਜੀ,
ਹੋ ਗਿਆ ਮੂੰਹ ਹਲਦੀ ਵਰਗਾ ਸਭਨਾਂ ਭਠਿਆਰਾਂ ਦਾ,
ਸਾਹ ਦੇ ਨਾਲ ਸਾਹ ਨੀ ਰਲਦਾ, ਕੁੜੀਆਂ ਮੁਟਿਆਰਾਂ ਦਾ।

ਉਨ੍ਹਾਂ ਦੀ ਕਾਕੀ ਚੱਕਲੀ ਜਿਹੜੇ ਬਿੱਪ ਪੂਜੀ ਦੇ,
ਸਿਰਾਂ ਤੋਂ ਤੌੜੇ ਫੁੱਟਗੇ ਵੱਜਕੇ ਇੱਕ ਦੂਜੀ ਦੇ,
ਨੈਣਾਂ 'ਚੋਂ ਜਲ ਪਏ ਵਗਦੇ ਪੰਡਤਾਂ ਦੀ ਬ੍ਰਹਜੀ ਦੇ,
ਕਰਦੀ ਵਿਰਲਾਪ ਕੰਨਿਆਂ ਮੂੰਹ ਤੇ ਲੈ ਪੱਲੇ ਜੀ,
ਹੋ ਗਿਆ ਨਰੈਣ ਕਰੋਪ ਕਿੱਧਰ ਨੂੰ ਘੱਲੇ ਜੀ।
ਦਬੜ-ਦਬੜ ਹੁੰਦੀ ਜਾਂਦੀ ਵਿਚ ਦੀ ਤਾਂ ਸੱਥਾ ਦੇ ਜੀ,
ਮਣਕੇ ਗਿਰੇ ਪੱਤਰ ਟੁੱਟਗੇ, ਮੱਛਲੀਆਂ ਨੱਥ ਦੇ ਜੀ,
ਮਾਰਦੀਆਂ ਜਾਣ ਚੰਗਿਆੜਾ 'ਇੰਨੂੰ' ਵਿੱਚ ਹੱਥ ਦੇ ਜੀ,
ਹੁੰਦਾ ਸੀ ਥਵਕਲ-ਥਵਕਲ ਖੜਕਾ ਸਲਵਾਰਾਂ ਦਾ,
ਸਾਹ ਦੇ ਨਾਲ ਸਾਹ ਨੀ ਰਲਦਾ ਕੁੜੀਆਂ ਮੁਟਿਆਰਾਂ ਦਾ।

ਘੁਰਕੀਆਂ ਦਿੰਦੇ ਫਿਰਦੇ ਕਾਬਲ ਦੇ ਰਾਂਦੀ ਸੀ,
ਜਾਣੀ ਦਿਉਂ ਪੈ ਗਿਆ ਲੰਘਦਾ ਰਾਹੀ ਨਾ ਪਾਂਧੀ ਸੀ।
ਜਿੱਧਰ ਨਿੱਤ ਕੁੜੀਆਂ ਵਾਲੀ ਛਹਿਬਰ ਲੱਗ ਜਾਂਦੀ ਸੀ,
ਬਾਹਲੀ ਸੀ ਰੌਣਕ ਦੁਨੀਆਂ ਮਰਦੀ ਸੀ ਦਰੜੀ ਦੀ,
ਭੱਜਦੇ ਇੱਕ ਕੰਨਿਆ ਵੇਖੀ ਰੱਸਿਆਂ ਨਾਲ ਨਰੜੀ ਦੀ,
ਗਰੜ ਤੇ ਘੁੱਗੀਆਂ ਤੋਂਤੇ ਇੱਥੇ ਨਿੱਤ ਬਹਿੰਦੇ ਸੀ,
ਚੋਗਾ ਚੁਗ ਘੁੱਮਰਾਂ ਪੌਂਦੇ ਗੁੜਕਦੇ ਰਹਿੰਦੇ ਸੀ,
'ਲਗੜਾਂ ਨੇ ਹੋਸ਼ ਭੁਲਾਤੀ ਅੰਬਰੋਂ ਟੁੱਟ ਪੈਂਦੇ ਸੀ,
ਲੱਗਦਾ ਨਾ ਪਤਾ ਕਬੂਤਰ ਚੀਨਿਆਂ ਦੀਆਂ ਡਾਰਾਂ ਦਾ।
ਸਾਹ ਦੇ ਨਾਲ ਸਾਹ ਨੀ ਰਲਦਾ ਕੁੜੀਆਂ ਮੁਟਿਆਰਾਂ ਦਾ।

ਹਰਨਾਂ ਦੇ ਵਾਂਗੂੰ ਚੁੰਘੀਆਂ ਖੁਰੇ ਤੋਂ ਚੁੱਕੀਆਂ ਜੀ,
ਕੁਆਰੀਆਂ ਕੁੜੀਆਂ ਸਾਰੀਆਂ, ਖੂੰਜਿਆਂ ਵਿਚ ਲੁਕੀਆਂ ਜੀ।
ਬਹਿਗੀਆਂ ਮਾਵਾਂ ਲੈ ਕੇ ਢਿੱਡ ਦੇ ਵਿੱਚ ਮੁੱਕੀਆਂ ਜੀ,
ਪੇਸ਼ ਨਾ ਚੱਲਦੀ ਕੋਈ ਸਾਹਮਣੇ ਸ਼ੱਖ਼ਤਿਆਂ ਦੇ,
ਲੋਕਾਂ ਨੇ ਕੁੰਡੇ ਲਾਲੇ ਅੰਦਰ ਵੜ ਤਖ਼ਤਿਆਂ ਦੇ।
ਕੋਈ ਸਰਕਾਰੀ ਬੰਦਾਂ ਅੰਦਰ ਨਾ ਆਜੇ ਜੀ,
ਛੱਡਕੇ ਕੰਮ ਲੱਸੀ ਵੇਲੇ ਭੇੜੇ ਦਰਵਾਜ਼ੇ ਜੀ,
ਜੁੱਲੜਾਂ ਵਿੱਚ ਲੰਮੇ ਪੈ ਗਏ ਬਾਜ਼ੇ ਤਾਂ ਬਾਜ਼ੇ ਜੀ,
ਸਭਨਾਂ ਨੇ ਫਾਟਕੇ ਲਾ ਲਿਆ ਬਾਹਰਲਿਆਂ ਬਾਰਾਂ ਦਾ,
ਸਾਹ ਦੇ ਨਾਲ ਸਾਹ ਨੀ ਰਲਦਾ ਕੁੜੀਆਂ ਮੁਟਿਆਰਾਂ ਦਾ।

ਸ਼ੋਰ ਪਾ ਸਿਰ ਤੇ ਚੱਕਲੀ ਧਰਤੀ ਰਕਾਨਾਂ ਨੇ,
ਪਾਤਾ ਤਰਥੱਲ ਨੱਗਰ ਵਿੱਚ ਸੂਬੇ ਦਿਆਂ ਖਾਨਾਂ ਨੇ,
ਸਾਰਾ ਦਿਨ ਹਲ਼ ਨਾ ਜੋੜੇ ਮੁੰਡਿਆਂ ਜਵਾਨਾਂ ਨੇ,
ਪੰਡਤਾਂ ਦੀ ਕਾਕੀ ਰੋਂਦੀ ਮਾਰਦੀ ਧਾਹਾਂ ਨੂੰ,
ਚਾਂਗਾਂ ਸੁਣ-ਸੁਣਕੇ ਜਾਂਦੇ ਨਿੱਘਰਦੇ ਅਠਾਹਾਂ ਨੂੰ।
ਭੁੱਖੇ ਤ੍ਰਿਹਾਏ ਰਿੰਗ ਦੇ ਕਿੱਲਿਆ ਤੇ ਢਾਂਡੇ ਪਏ,
ਚੌਕੇ ਵਿੱਚ ਰੁਲਕੇ ਫਿਰਦੇ ਬੁੜ੍ਹੀਆਂ ਦੇ ਭਾਂਡੇ ਪਏ,
ਮੱਕੀ ਤੇ ਬਾਜਰੇ ਦੇ ਕੁਤਰੇ ਤਾਂ ਟਾਂਡੇ ਪਏ।
ਖਾਗੇ ਕੁਤੀੜ ਬਾਹਰਲੇ ਆਟਾ ਕਈ ਨਾਰਾਂ ਦਾ।
ਸਾਹ ਦੇ ਨਾਲ ਸਾਹ ਨੀ ਰਲਦਾ ਕੁੜੀਆਂ ਮੁਟਿਆਰਾਂ ਦਾ।

ਹੋਗਈ ਸੁੰਨਸਾਨ ਕਾਂ ਤਾਂ ਪੈਂਦੇ ਵਿੱਚ ਵੇਹੜਿਆਂ ਦੇ,
ਜਿੰਦੇ ਲਾ ਚਗੀਏ ਵੜ੍ਹੇਗੇ ਨੇੜੇ ਘਰ ਜੇਹੜਿਆਂ ਦੇ,
ਸਹਿਤੀ ਲਿਜਾਵਣ ਵਾਲੇ ਆਗੇ ਪਿੰਡ ਖੇੜਿਆਂ ਦੇ,
ਸੱਦਲੇ ਕੁਹਾਰ ਪਿੰਡੋਂ ਕਰਦੇ ਸਨ ਕਾਹਲੀਆਂ।
ਖੂਹੇ ਤੇ ਲੱਗੀਆਂ ਖਾਲੀ ਮਟਕਿਆਂ ਦੀਆਂ ਪਾਲੀਆਂ।
ਕੁੱਲ ਦੀ ਦੇਹ ਮਿੱਟੀ ਹੋ ਗਈ ਬੁੱਕਲਾਂ ਨਾ ਖੋਲ੍ਹਣ ਜੀ,
ਅੱਖੀਆਂ 'ਚੋਂ ਦਰਲ-ਦਰਲ ਪਾਣੀ ਜਿਹਾ ਡੋਲਣ ਜੀ,
ਮੁਗਲਾਂ ਤੋਂ ਸੇਕ ਲੱਗਦਾ ਮੂੰਹੋਂ ਲਾ ਬੋਲਣ ਜੀ,
'ਬਾਬੂ ਜੀ' ਡਰ ਜਿਹਾ ਲੱਗਦਾ ਜੁਲਮੀ ਸਰਕਾਰਾਂ ਦਾ,
ਸਾਹ ਦੇ ਨਾਲ ਸਾਹ ਨੀ ਰਲਦਾ ਕੁੜੀਆਂ ਮੁਟਿਆਰਾਂ ਦਾ।

ਬੈਂਤ ਭੀਹਗੀ—3

(1)

ਕਰੇ ਮਾਂ ਗਰੀਬਣੀ ਝੱਰਿਆਂ ਨੂੰ।
ਲਵੇ ਡੂੰਘਿਆਂ ਜਿਆਂ ਹਟਕੋਰਿਆਂ ਨੂੰ।
ਛੱਡੇ ਦੇਸ਼ ਤੇ ਕੌਣ ਕਮਜੋਰਿਆਂ ਨੂੰ।
ਟਿਕੇ ਗਮਾਂ ਦੇ ਸੀਸ ਤੇ ਬੋਝ ਚੰਦੀ।

(2)

ਕਿਸੇ ਲਾੜੇ ਦੇ ਨਾਲ ਪਰਣਾਮਦੀ ਮੈਂ।
ਖੁਸ਼ੀ ਲੱਖ ਕਰੋੜ, ਮਨਾਂਵਦੀ ਮੈਂ।
ਮੁਕਲਾਵੇ ਦੇ ਦਾਜ ਬਣਾਵਦੀ ਮੈਂ।
ਤੇਰੇ ਕਰਾਂ ਅਨੇਕ ਮੈਂ ਚੋਜ਼ ਚੰਦੀ।

ਲੱਜ ਖ਼ਾਕ ਮੇਂ ਪਿਤਾ ਦੀ ਰੁੱਲਨੀ ਸੀ।
ਗੱਲ ਵਿੱਚ ਜਹਾਨ ਦੇ ਹੁੱਲਨੀ ਸੀ।
ਲਾਇਕ ਪੁੱਤਰੀ ਮਾਂ ਨੂੰ ਨਾ ਭੁੱਲਨੀ ਸੀ।
ਪਿੱਟ-ਪਿੱਟ ਸਜਾ ਲਿਆ ਓਜ਼ ਚੰਦੀ।

(4)

ਅੱਜ ਕਰ ਲਿਆ ਮੇਲ ਅਖੀਰ ਦਾ ਨੀ,
ਨੈਣੋਂ ਵਗੇ ਦਰਿਆ ਜਾ ਨੀਰ ਦਾ ਨੀ।
ਨਹੀਂ ਲੱਗਦਾ ਦਿਲ ਦਿਲਗੀਰ ਦਾ ਨੀ।
ਤੇਰਾ ਲੱਭਦੀ ਫਿਰੂੰਗੀ ਖੋਜ ਚੰਦੀ।

(5)

ਨੀਰ ਨੇਤਰਾਂ ਦੇ ਵਿੱਚੋਂ ਗੇਰਦੀ ਮੈਂ।
ਪੱਲੂ ਜਾ ਲਹੌਰ ਮੇਂ ਫੇਰਦੀ ਮੈਂ,
ਬੂੱਘੀ ਵਿੱਚ ਬਜ਼ਾਰ ਦੇ ਘੇਰ ਦੀ ਮੈਂ।
ਕਿਹੜਾ ਕਰੇ ਅਦਾਲਤਾਂ ਭੋਜ ਚੰਦੀ।

(6)

ਚੱਲੀ ਛੱਡਕੇ ਬੱਚੀਆਂ ਹਾਨਣਾਂ ਨੀ,
ਤੈਨੂੰ ਵੇਖਕੇ ਰੋਣ, ਦਵਾਨਣਾ ਨੀ।
ਮੇਰੇ ਘਰ ਅੰਧੇਰੇ ਦਿਆ ਚਾਨਣਾ ਨੀ।
ਮੇਰੇ ਮਾਝੇ ਦੇਸ਼ ਦਾ ਸੋਹਜ ਚੰਦੀ।

(7)

'ਰਜਬਲੀ ਖਾਂ' ਮੰਨ ਪ੍ਰਣਾਮ ਮੇਰਾ।
ਰਹੂ ਔਸੀਆਂ ਪੌਣ ਤੇ ਕਾਮ ਮੇਰਾ।
ਤੈਨੂੰ ਮੁੜ ਮਿਲਾਵੇ ਜੇ ਰਾਮ ਮੇਰਾ।
ਚਾੜ੍ਹਾਂ ਪੀਰ-ਫ਼ਕੀਰ ਦੇ ਦਰੋਜ਼ ਚੰਦੀ।

॥ ਦੋਹਿਰਾ ॥

ਉੱਚੀਆਂ ਕੂਕਾਂ ਮਾਰਦੀ, ਹੋਗੀ ਘਾਇਲ ਮੁਟਿਆਰ।
ਕਹਿੰਦੀ ਮਾਤਾ ਕਮਲੀਏ, ਦਿੰਦੀ ਫੀਮ ਦੇ ਮਾਰ।

ਔੜਾ ਛੰਦ—4

ਖੜੇ ਸੀ ਮੁਗਲ ਨੱਚਦੇ, ਕਾਕੀ ਦੇ ਭਾਂਬੜ, ਮੱਚਦੇ,
ਲੈ ਨੀ ਮਾਂ ਹੁਣ ਨੀ ਬੱਚਦੇ, ਮਾਰੇ ਖੜੋਤੀ ਧਾਹਾਂ, ਗ਼ਮਾਂ ਨੇ ਫਾਹਲੀ,
ਫਾਹ ਲੀ, ਕੋਈ ਲਾ ਲੈ ਅੰਮੜੀਏ ਵਾਹਾਂ, ਗਮਾਂ ਨੇ ਫਾਹਲੀ।
ਦੋਵੇਂ ਹੱਥ ਬੰਨ੍ਹਕੇ ਕਹਿੰਦੀ, ਹੁਣ ਨਾ ਮੈਂ ਜਿਉਂਦੀ ਰਹਿੰਦੀ,
ਨੈਣੋਂ ਇੰਝ ਸਿੱਟਕੇ ਲੈਂਦੀ, ਡੂੰਘਾ ਜਿਆ ਹਟਕੋਰਾ, ਧੀਆਂ
ਨਾ ਰੱਖਣ, ਸਾਰੀ ਨਗਰੀ 'ਚ ਫੇਰ ਦਿਓ ਢੰਡੋਰਾ, ਧੀਆਂ ਨਾ ਰੱਖਣ।

ਰੋਂਦੀ ਕਰਲੋਂਦੀ ਰੁਲਗੀ, ਪਾਲ਼ੀ ਵੀ ਖੇਤੀ ਹੁਲਗੀ,
ਉਦੋਂ ਮਾਂ ਕਮਲ਼ੀ ਭੁੱਲਗੀ, ਨਾ ਗੁੜਤੀ ਜ਼ਹਿਰ ਦੀ ਦੇਤੀ,
ਜੰਮਣ ਵੇਲੇ, ਗਲ ਘੁੱਟਕੇ ਦਿੱਤੀ ਨਾ ਮਾਰ ਛੇਤੀ, ਜੰਮਣ ਵੇਲੇ।
ਚਾਹੀਏ ਨਾ ਸੀਰ ਚਗੌਣਾ, ਦੇਹੀ ਤੂੰ ਰੋਗ ਲਗੌਣਾ,
ਸੈਂਖੀਆਂ ਮੂੰਹ ਵਿੱਚ ਪੌਣਾ, ਜਾਂ ਖਵੌਂਦੀ ਫ਼ੀਮ ਦਾ ਭੌਰਾ
ਧੀਆਂ ਨਾ ਰੱਖਣ, ਸਾਰੀ ਨਗਰੀ 'ਚ ਫੇਰ ਦਿਓ ਢੰਡੋਰਾ, ਧੀਆਂ ਨਾ ਰੱਖਣ।

ਪੈਜੂਗੀ ਬਿਪਤਾ ਭਾਰੀ, ਸਰਪਾਂ ਦੀ ਚੱਕੀ ਖਾਰੀ,
ਮਾਰਕੇ ਤੇਜ਼ ਕਟਾਰੀ, ਵੱਢਦੀ ਘੜੀ ਦੇ ਵਿਚ ਫਸਤਾ, ਨਿੱਜ ਨੂੰ ਰੱਖੀ ,
ਮੰਡੀ ਲੱਭਦਾ ਸਿੰਬਲਖਾਰ ਸਸਤਾ, ਨਿੱਜ ਨੂੰ ਰੱਖੀ।
ਮੈਨੂੰ ਜੇ ਮੁਗ਼ਲ ਲੈ ਗਿਆ, ਪਿਊ ਦਾ ਦੱਸ ਹੱਜ ਕੀ ਰਹਿ ਗਿਆ,
ਤੈਨੂੰ ਮਾਂ ਕਰਨਾ ਪੈ ਗਿਆ, ਦਿਨ ਤੇ ਰਾਤ ਹੁਣ ਝੋਰਾ
ਧੀਆਂ ਨਾ ਰੱਖਣ, ਸਾਰੀ ਨੱਗਰੀ 'ਚ ਫੇਰ ਦਿਓ ਢੰਡੋਰਾ, ਧੀਆਂ ਨਾ ਰੱਖਣ।

ਹੁਣ ਨੀ ਮੈਂ ਥਿਔਣੀ ਲੱਭੀ, ਟੋਆ ਨਾ ਪੁੱਟਕੇ ਦੱਬੀ,
ਏਹ ਨਾ ਤਾਂ ਧੀਆਂ ਖੱਬੀ, ਖਾਨਾਂ ਦੇ ਨਿਵਾ 'ਤੇ ਟੋਰੇ,
ਜੰਮਣ ਕਾਹਨੂੰ, ਨੰਗ ਜੁਆਈਆਂ ਤੋਂ ਕਹਾਉਂਦੀਆਂ ਚੋਰੇ, ਜੰਮਣ ਕਾਹਨੂੰ।
ਡੁੱਬਣੀ ਨੂੰ ਪੈ ਗਿਆ ਘੇਰਾ, ਦਿਸਦਾ ਚੌਂਹ ਤਰਫ਼ੀ ਨ੍ਹੇਰਾ,
ਡੂੰਘਾ ਜਿਹਾ ਬਣ ਗਿਆ ਮੇਰਾ, ਕਾਲਜੇ ਵਰਮ ਸੱਲ ਮੋਰਾ,
ਧੀਆਂ ਨਾ ਰੱਖਣ, ਸਾਰੀ ਨੱਗਰੀ 'ਚ ਫੇਰ ਦਿਉ ਢੰਡੋਰਾ, ਧੀਆਂ ਨਾ ਰੱਖਣ।

ਬਾਹਲੀ ਸੀ ਲੱਗੀ ਭਟਕੀ, ਕਾਲਜਾ ਜਾਂਦਾ ਫਟਕੀ,
ਥਰ-ਥਰ ਪਈ ਕੰਬਦੀ ਲਟਕੀ, ਵਿਰੇ ਨਾ ਵਰੌਂਦੇ, ਵੀਰ ਪਿਆਰੇ।
ਵਿਛੋੜਾ ਪੈਂਦਾ, ਲੋਕ ਰੋ ਪਏ ਨੱਗਰ ਦੇ ਸਾਰੇ, ਵਿਛੋੜਾ ਪੈਂਦਾ।
'ਬਾਬੂ ਜੀ' ਪੜ੍ਹਦਾ ਕਲਮੇ, ਖੁੱਲ੍ਹੀਆਂ ਜੀਆਂ ਜੁਲਫ਼ਾਂ ਗਲ਼ ਮੇਂ
ਚੰਦੀ ਦਾ ਹੋ ਗਿਆ ਪਲ ਮੇਂ, ਪੀਲਾ ਫਟਕ ਰੰਗ ਗੋਰਾ,
ਧੀਆਂ ਨਾ ਰੱਖਣ, ਸਾਰੀ ਨਗਰੀ ਵਿੱਚ ਫੇਰ ਦਿਓ ਢੰਡੋਰਾ, ਧੀਆਂ ਨਾ ਰੱਖਣ।

॥ ਦੋਹਿਰਾ ॥

ਜਾਂਦੀ ਕਾਕੀ ਵਿਲਕਦੀ, ਪੌਂਦੀ ਜਾਂਦੀ ਡੰਡ।
ਸੁਣੋ ਕੂਕ ਵਖਤੈਣਾ ਦੀ, ਲਵੋ ਪੀੜ ਨੂੰ ਵੰਡ।

ਡੂਢਾ ਛੰਦ—5

ਕਹੇ ਬੀਬੀ ਚੰਦੀ ਮੈਂ ਦੁੱਖਾਂ ਨੂੰ ਜੰਮਲੀ, ਨੈਣੀ ਨੀਰ ਭਰਦੀ,
ਹੋਗੀ ਕਰਲੋਂਦੀ-ਕਰਲੋਂਦੀ ਕਮਲੀ, ਰੋਂਦੀ ਧਾ ਨਾ ਧਰਦੀ,
ਕੱਲੇ ਤੁਰ ਚੱਲੇ ਛੱਡਕੇ ਮਹੈਣ ਨੂੰ, ਰੋਂਈ ਜਾਂਦੇ ਵੀਰਨੋਂ,
ਜ਼ਾਲਮ ਪਠਾਣ ਥੋਡੀ ਕੂਨੀ ਭੈਣ ਨੂੰ, ਚੱਕੀ ਜਾਂਦੇ ਵੀਰਨੋਂ।

ਜਾਂਵਦੀ ਨਾ ਪੇਸ਼ ਦਾੜ੍ਹ-ਦਾੜ੍ਹ ਪਿੱਟਲੀ, ਧੂਹ ਲਿਆ ਨਿਆਣੀ ਨੂੰ,
ਮਾਰਕੇ ਝੰਜੋੜਾ ਡੋਲੀ ਵਿਚ ਸਿੱਟਲੀ, ਚੱਕ ਧੀ ਧਿਆਣੀ ਨੂੰ,
ਆਖਦੀ ਬਥੇਰਾ ਮੰਨਦੇ ਨੀ ਕਹਿਣ ਨੂੰ, ਹੱਥ ਬਾਂਧੇ ਵੀਰਨੋਂ।
ਜਾਲਮ ਪਠਾਣ ਥੋਡੀ ਕੂਨੀ ਭੈਣ ਨੂੰ, ਚੱਕੀ ਜਾਂਦੇ ਵੀਰਨੋਂ।

ਲੱਜ ਦੀਆਂ ਬੇੜੀਆਂ ਪਿਤਾ ਤੇ ਮਾਂ ਦੀਆਂ, ਦਰਿਆ 'ਚ ਰੁੜੀਆਂ,
ਦਾੜ੍ਹੀਆਂ ਮੁੰਨਣ ਧੀਆਂ ਫੰਨੇ ਖਾਂ ਦੀਆਂ, ਰੱਖਿਓ ਨਾ ਕੁੜੀਆਂ।
ਨਿੱਜ ਜੰਮੀ ਮੈਂ ਤਕਲੀਫ਼ ਸਹਿਣ ਨੂੰ, ਕਿਉਂ ਜੰਮ ਜਾਂਦੇ ਵੀਰਨੋਂ।
ਜਾਲਮ ਪਠਾਣ ਥੋਡੀ ਕੂਨੀ ਭੈਣ ਨੂੰ, ਚੱਕੀ ਜਾਂਦੇ ਵੀਰਨੋਂ।

ਮੁੜਵੇਂ ਮੁਛਾਹਿਰੇ ਗਜ-ਗਜ ਛਾਤੀਆਂ, ਮਾਵੇ ਲਾਲੇ ਟੋਰਿਆਂ ਨੂੰ,
ਐਤਨੇ ਹਥਿਆਰ ਛੌਰੀਆਂ ਲਗਾਤੀਆਂ, ਲੱਗੇ ਰੰਗ ਨੌਹਰਿਆਂ ਨੂੰ,
ਆਗੇ ਨੱਕ-ਵੱਢਿਆਂ ਦੀ ਸ਼ਰਮ ਲੈਣ ਨੂੰ, ਕਿਸੇ ਥਾਂ ਦੇ ਵੀਰਨੋਂ।
ਜਾਲਮ ਪਠਾਣ ਥੋਡੀ ਕੂਨੀ ਭੈਣ ਨੂੰ, ਚੱਕੀ ਜਾਂਦੇ ਵੀਰਨੋਂ।

ਜਾਂਵਦੀ ਸਰੂਪ ਨਖਾ ਵੈਣ ਪਾਂਵਦੀ, ਬਣਾ 'ਚ ਨੱਕ ਕੱਟੀ ਤੋਂ,
ਰੌਣ ਨੇ ਜਾ ਜਾਨਕੀ ਚੁਰਾਲੀ ਰਾਮ ਦੀ, ਜਾ ਕੇ ਪੰਚਵੱਟੀ ਤੋਂ,
'ਰਜਬਲੀ' ਦੇਖੋ ਪੜ੍ਹਕੇ ਰਮੈਣ ਨੂੰ, ਸੀ ਪਛਤਾਂਦੇ ਵੀਰਨੋਂ,
ਜਾਲਮ ਪਠਾਣ ਥੋਡੀ ਕੂਨੀ ਭੈਣ ਨੂੰ, ਚੱਕੀ ਜਾਂਦੇ ਵੀਰਨੋਂ।

ਮਾਝੇ ਵਾਲੇ ਸੂਰਮੇ ਲੜਾਕੇ ਮੁੱਢ ਦੇ, ਦਲੇਰੋਂ ਕਿੱਥੇ ਲੁਕਗੇ,
ਚੌਂਹੀ ਪਾਸੀਂ ਨਿਆਈਆਂ 'ਚ ਅਖਾੜੇ ਗੁੱਡਦੇ, ਥੰਦੇ ਦੇ ਮੱਟ ਮੁਕਗੇ।
ਤੁਸੀਂ ਵੇ ਲਹੌਗੀਓ ਮੱਲਾਂ ਸੇ ਖੈਣ ਨੂੰ, ਖੁਰਾਕਾਂ ਖਾਂਦੇ ਵੀਰਨੋਂ।
ਜਾਲਮ ਪਠਾਣ ਥੋਡੀ ਕੂਨੀ ਭੈਣ ਨੂੰ, ਚੱਕੀ ਜਾਂਦੇ ਵੀਰਨੋਂ।

॥ ਦੋਹਿਰਾ ॥

ਭੀਮ ਜਾਂਵਦਾ ਕੌਲ ਦੀ, ਸਖ਼ਤ ਅੰਧੇਰੀ ਰਾਤ।
ਜਾਂਦੀ ਬੀਬੀ ਵਿਲਕਦੀ, ਵਿਆਹ ਕੇ ਮੁੜੀ ਬਰਾਤ।

ਮਨੋਹਰ ਭਵਾਨੀ ਛੰਦ—6

ਹਾਲ ਭੀਮ ਦਾ ਸੁਣਾਵਾਂ, ਕਹੇ ਸਿੰਘਾਂ ਨੂੰ ਲਿਆਵਾਂ, ਬੰਦੇ ਹੋਰਾਂ ਨੂੰ ਛੁਡਾਵਾਂ,
ਗੁਰਦਾਸ ਨੰਗਲੋਂ, ਸੁਣੀ ਕਿਸੇ ਰੋਂਦੀ ਦੀ ਆਵਾਜ਼ ਜੰਗਲੋਂ।
ਕਦੇ ਕਰੇ ਬੀਬੀ ਝੋਰੇ, ਲਵੇ ਡੂੰਘੇ ਹਟਕੋਰੇ, ਹੋਗੇ ਕਾਲਜੇ 'ਚ ਮੋਰੇ,
ਵੱਜੀ ਕੂਕ ਬਾਂਦੀ ਦੀ, ਸੁਣਗੀ ਚਘਿਆੜ ਚਚਲਿਔਂਦੀ ਜਾਂਦੀ ਦੀ।

ਕਹੇ ਪਿਤਾ ਧਰਮੀਕ, ਲੱਗੇ ਵੀਰਨਾਂ ਨੂੰ ਲੀਕ, ਮਾਰੇ ਚੀਖ਼, ਉੱਤੇ ਚੀਕ,
ਘਬਰਾਈ ਲੜਕੀ, ਫੱਟੀ ਵੀ ਬਟੇਰੀ ਵਗੂੰ ਜਾਵੇ ਫਟਕੀ।
ਕੂੰਜ ਵਾਂਗੂੰ ਕੁਰਲਾਵੇ, ਉਚੀ ਉਚੀ ਰੌਲਾ ਪਾਵੇ, ਡੋਲੇ ਲਾਲ ਛਣਕਾਵੇ,
ਚੂੜੀ ਮਾਰ ਚਾਂਦੀ ਦੀ, ਸੁਣਗੀ ਚਘਿਆੜ ਚਚਲਿਔਂਦੀ ਜਾਂਦੀ ਦੀ।

ਪਾਤੀ ਰਾਸ਼ਿਆਂ ਨੇ ਧੁੰਮ, ਵੱਜੇ ਘੋੜੀਆਂ ਦੇ ਸੁੰਮ, ਕਦੇ ਹੋਜੇ
ਬੀਬੀ ਗੁੰਮ, ਕਦੇ ਰੋਣਾ ਲੱਗਜੇ, ਜਾਂਦੀ-ਜਾਂਦੀ ਪੰਜਾਂ ਨੂੰ ਕਲੇਜੇ ਅੱਗ ਜੇ।
ਪੈਜੇ ਬਿੱਜ ਅਸਮਾਨੋਂ, ਮਾਰੇ ਜ਼ਾਲਮਾਂ ਨੂੰ ਜਾਨੋਂ, ਖੋਜ ਮਿਟਜੇ ਜਹਾਨੋਂ,
ਇਹ ਚਗੱਤੇ ਤਾਂਦੀ ਦੀ, ਸੁਣਗੀ ਚਘਿਆੜ ਚਚਲਿਔਂਦੀ ਜਾਂਦੀ ਦੀ।

ਬੇਲੀਂ ਦਿਸਦੀ ਨਾ ਖੈਰ, ਜਾਂਦਾ ਝਾੜੀਆਂ 'ਚ ਠਹਿਰ, ਇੱਥੇ ਹੁੰਦਾ ਦਿਸੇ ਕਹਿਰ,
ਲੈ ਕਿਸੇ ਵਿਚਾਰੀ ਤੇ, ਜੰਗਲਾਂ 'ਚ ਘੇਰਾ ਪੈ ਗਿਆ ਸ਼ਿਕਾਰੀ ਤੇ।
ਸੂਰਮਿਆਂ ਦੀ ਏਹ ਨਿਸ਼ਾਨੀ, ਮੌਤ ਮਰਦੇ ਬਿਗਾਨੀ, ਹੋਊ ਲੁੱਟੀਦੀ ਜਨਾਨੀ,
ਕਿਸੇ ਰਾਹੀ ਪਾਂਧੀ ਦੀ, ਸੁਣਗੀ ਚਘਿਆੜ ਚਚਲਿਔਂਦੀ ਜਾਂਦੀ ਦੀ।

ਮੱਚੇ ਗੱਭਰੂ ਦੀ ਛਾਤੀ, ਮਾਰੇ ਬ੍ਰਿਛਾਂ 'ਚ ਝਾਤੀ, ਭੀਮ ਸਿੰਘਾਂ ਦਾ ਜਮਾਤੀ,
ਸੋਚਦਾ ਇਲਾਜ ਜੀ, ਤੁਰਿਆ ਆਇਆ ਆਈ ਜਿਧਰੋਂ ਅਵਾਜ਼ ਸੀ।
ਪੱਲਾਂ ਲੌਣੇ ਹੋ ਗਿਆ ਸੀ, ਕਰਦੇ ਮਖੌਲ ਮੈਸੀ, ਦਿਸੇ ਗੁੱਤ ਨਾਗ ਜੈਸੀ,
ਲੋਗਡੀ ਪਰਾਂਦੀ ਦੀ, ਸੁਣਗੀ ਚੰਘਿਆੜ ਚਚਲਿਔਂਦੀ ਜਾਂਦੀ ਦੀ।

ਮਾਰੇ ਭੀਮ ਲਲਕਾਰੇ, ਤੁਸੀਂ ਕੌਣ ਹਤਿਆਰੇ, ਓਏ ਖੜੋ ਜੋ ਥਾਂ ਤੇ ਸਾਰੇ,
ਬਦਲਾਂ ਤੋਰ ਨੂੰ, ਐਹੋ ਜੇ ਕੁੜੀ ਨੂੰ ਲੈਜਾਂਗੇ ਲਹੌਰ ਨੂੰ।

ਦੇਵਾਂ 'ਬਾਬੂ ਜੀ' ਮਸਲ, ਹੈ ਜੇ ਭਲੇ ਦੀ ਨਸਲ, ਗੱਲ ਦਿਓ ਅਸਲ,
ਚੱਕਕੇ ਲਿਆਂਦੀ ਦੀ,ਸੁਣਗੀ ਚੰਘਿਆੜ ਚਚਲਿਔਂਦੀ ਜਾਂਦੀ ਦੀ।

ਰਘਬੀਰ ਛੰਦ—7

ਸੁਣੋ ਵਧੀਆ ਕਿਤਾਬ, ਹੁੰਦੇ ਸੁਆਲ ਤੇ ਜਵਾਬ,
ਖੜਾ ਭੀਮ ਸਿੰਘ ਜੁਆਨ, ਅੱਗ ਦੇ ਚੰਗਿਆੜੇ ਖ਼ਾਨ,
ਨਾ ਪਠਾਣ ਅੱਗੋਂ ਦਮਕਣ।
ਔਂਦੇ ਮਾਰਕੇ ਥਬੂਕੇ, ਕਾਲੇ ਨਾਗ ਵਾਂਗੂੰ ਝੁਕੇ,
ਤੇਜ਼ ਲੁੰਗੀ ਕੁੱਲੇ ਸੁੱਚੇ, ਮਾਰਨ ਖੰਘੂਰੇ ਉੱਚੇ,
ਭੁੱਖੇ ਸ਼ੇਰਾਂ ਵਾਂਗੂੰ ਭੰਵਕਣ।

ਪੰਜੇ ਗੱਭਰੂ ਜੋਸ਼ੀਲੇ, ਲਾਲ ਰੰਗ ਨੈਣ ਨੀਲੇ,
ਤੀਹ-ਤੀਹ ਗਜ਼ ਸਲਵਾਰਾਂ, ਦੇਣ ਸੂਰਮੇਂ ਨੂੰ ਖਾਰਾਂ,
ਤਲਵਾਰਾਂ ਮੋਢੀਂ ਲਮਕਣ।
'ਬਾਬੂ' ਭੀਮ ਖਾ ਕੇ ਵੱਟ, ਤਿਆਰ ਹੋਇਆ ਝੱਟ-ਪੱਟ
ਸੂਰੇ ਮੌਤੋਂ ਨਾ ਡਰਨ, ਲੱਗਾ ਪੈਂਤਰੇ ਕਰਨ,
ਕ੍ਰਿਪਾਨ ਲੱਗੀ ਚਮਕਣ!

ਰਘਬੀਰ ਛੰਦ—8

ਬੋਲੇ ਜੁਆਨ ਭੀਮ ਸਿੰਘ, ਕਹਿੰਦਾ ਕੱਢ ਦੇਣੇ ਵਿੰਗ,
ਤੇਜ਼ ਕ੍ਰਿਪਾਨ ਖਿੱਚ, ਖੜਾ ਨੱਚੇ ਰਣ ਵਿੱਚ,
ਕਹਿੰਦਾ ਮਾਰਦੂੰ ਭੜਿਆ ਭੜਿਆ।
ਖਾਨਾਂ ਵਿਚੋਂ ਜੁਆਨ ਇੱਕ, ਚੌੜੀ ਗਜ਼ ਤੋਂ ਵੀ ਹਿੱਕ,
ਢਾਲ ਤਲਵਾਰ ਸੁਦੇ, ਛਾਲ ਮਾਰਕੇ ਤੇ ਕੁੱਦੇ,
ਅੱਗੇ ਵੱਧ ਗਿਆ ਖੜਾ ਖੜਾ।

ਦੂਜੇ ਪਰ੍ਹੇ ਹੋਗੇ ਚਾਰੇ, ਉੱਚੀ ਮਾਰ ਲਲਕਾਰੇ,
ਪੈਲਾਂ ਪਰ੍ਹਾਂ ਹੋਕੇ ਪਾਈਆਂ, ਖਿੱਚ ਨੱਕ ਨਾਲ ਲਾਈਆਂ।
ਮੁੱਛਾਂ ਲੰਮੀਆਂ ਚੜ੍ਹਾ ਚੜ੍ਹਾ।

ਭੀਮ ਸਿੰਘ ਅਲੀ ਸ਼ੇਰ, ਆਗੇ ਖਾੜੇ 'ਚ ਦਲੇਰ,
ਦੋਵੇਂ ਵਧੀਆ ਲੜਾਕੇ, ਪੈਣ ਢਾਲਾਂ ਦੇ ਖੜਾਕੇ,
'ਰੱਜਬਲੀ ਖਾਂ' ਧੜਾ ਧੜਾ।

॥ ਦੋਹਿਰਾ ॥

ਸ਼ਰਤ ਲਗਾਲੀ ਸੂਰਮਿਆਂ, ਜਿਸਨੇ ਪਾਲੀ ਜੇਤ।
ਆਹ ਡੋਲਾ ਫੇਰ ਓਸਦਾ, ਬਾਕੀ ਸਮਝ ਜਨੇਤ।

ਦੋ ਭਾਗ ਛੰਦ—9

ਦੋਹਾਂ ਨੇ ਸਫਾਈ ਦੀ ਲੜਾਈ ਮੰਨਲੀ,
ਜਿਹੜਾ ਜਿੱਤੇ ਡੋਲੇ ਦੀ ਸ਼ਰਤ ਬੰਨਲੀ।
ਕੁੱਦਿਆ ਮੈਦਾਨ 'ਚ ਦਲੇਰ ਸ਼ੇਰ ਅਲੀ,
ਭੀਮ ਸੀਸ ਤੋਂ ਦੀ ਕ੍ਰਿਪਾਨ ਫੇਰ ਲੀ।

ਲੱਗੇ ਦੋਵੇਂ ਪੈਂਤਰੇ ਕਰਨ ਗੱਭਰੂ,
ਵੇਖੋ ਕੀਹਦੀ ਰੱਖਣੀ ਗੁਰੂ ਨੇ ਅੱਬਰੂ।
ਪਹਿਲਾਂ ਲੈ ਸਲਾਮੀਆਂ ਪਿਛਾਂਹ ਨੂੰ ਮੁੜਗੇ,
ਰਣ ਵਿੱਚ ਮੱਥੇ ਸੂਰਮਿਆਂ ਦੇ ਜੁੜਗੇ।

ਕੀਤਾ ਸ਼ੇਰ ਅਲੀ ਨੇ ਐਲਾਨ ਜੰਗ ਦਾ,
ਰੌਂਕ ਵਾਰ ਔਂਦਾ ਸੂਰਮੇ ਭੁਜੰਗ ਦਾ।
ਐਨੀ ਕਹਿਕੇ ਹੱਲਾ ਬੋਲਤਾਂ ਪਠਾਨ ਨੇ,
ਢਾਲ ਉੱਤੇ ਰੋਕਿਆ ਪੰਜਾਬੀ ਜੁਆਨ ਨੇ।

ਫੇਰ ਖਾਲਸੇ ਨੇ ਕ੍ਰਿਪਾਨ ਝੌਕਤੀ,
ਓਸੇ ਤਰ੍ਹਾਂ ਓਸ ਸੂਰਮੇ ਨੇ ਰੋਕਤੀ।
ਸ਼ੇਰ ਅਲੀ ਮਾਰੇ ਤਲਵਾਰ ਰੋਹ 'ਚ ਜੀ,
ਭੀਮ ਤਾਂ ਬਚਾਕੇ ਵਾਰ ਜਾਂਦਾ ਬੋਚ ਜੀ।

ਐਨੇ ਸਾਂਝੇ ਵਾਰ ਚੱਲਗੇ ਦਲੌਰਾਂ ਦੇ,
ਖ਼ਾਨ ਦੇ ਭਵਾਨੀ ਵੱਜੀ ਵਿੱਚ ਮੌਰਾਂ ਦੇ।
ਹੋ ਗਿਆ ਭੀਮ ਸਿੰਘ ਦੇ ਜ਼ਖ਼ਮ ਪੱਟ ਤੇ,
ਨਾਲੇ ਤਿੰਨ ਫੁੱਲ ਉਂਗਲਾਂ ਦੇ ਕੱਟਤੇ,

ਹੌਕੇ ਸ਼ੇਰ ਫੱਟੜ ਜ਼ਿਆਦਾ ਹਰਖ਼ੇ,
ਯੁੱਧ ਵਿੱਚ ਸੂਰਮੇ ਇੱਕੋ ਜੇ ਪਰਖ਼ੇ।
ਇੱਕ ਕਰੇ ਵਾਰ ਦੂਜਾ ਲੜੇ ਧਰਮ ਤੇ,
ਸਦਾ ਫਤਿਹ ਪਾਂਵਣੀ ਧਰਮ-ਸ਼ਰਮ ਤੇ।

ਫੱਟੇ ਹੱਥਾਂ ਨਾਲ ਤਲਵਾਰ ਝੰਜਕੀ,
ਸੈਕੜਿਆਂ ਨੂੰ ਕੁੱਟਜੇ ਪਠਾਨ ਪੰਜ ਕੀ,
ਦੇ ਕੇ ਤੇ ਹੁਲਾਰਾ ਵਿੱਚ ਮਾਰੀ ਧੌਣ ਦੇ,
ਗੇੜੇ ਖਾਂਦੇ ਸੀਸ ਨੂੰ ਅਠਾਂਹ ਨੂੰ ਔਣਦੇ,

ਦੂਜੇ ਆਹਦੇ ਸਾਡੇ ਨਾਲ ਕਰ ਜੰਗ ਲੈ,
ਥੋਡੇ ਨਾਲ ਲੜੂੰ ਗੁਰਦਾਸ ਨੰਗਲੈ।
'ਰਜਬਲੀ' ਅਸੀਂ ਹਾਰਦੇ ਜ਼ਬਾਨ ਨੀ,
ਥੋਡੇ ਬਾਦਸ਼ਾਹ ਦੇ ਭਾਗ 'ਚ ਰਕਾਨ ਨੀ।

॥ ਦੋਹਿਰਾ ॥

ਚੰਦੀ ਵੇਖ ਜਵਾਨ ਨੂੰ, ਅਸ਼-ਅਸ਼ ਕਰਦੀ ਰਹੀ।
ਹੈਂ ਅਫ਼ਰੀਨ ਐਹ ਜਰਮ ਦੇ, ਬਾਤ ਜ਼ਬਾਨੋਂ ਕਹੀ।

ਬਾਬੂ-ਚਾਲ ਛੰਦ—10

ਚੰਦੀ ਕੀਂਹਦੀ ਵੇਖ ਬਲਵਾਨ ਸੋਹਣਾ ਜੀ, ਹੈ ਬਚਾਲੀ ਅੱਬਰੂ, ਜ਼ਾਲਮ ਤਰੰਡ ਤੇ,
ਕਰਦੀ ਵੰਡਿਆਈ ਇਹ ਕਿਤੇ ਨਾ ਹੋਣਾ ਜੀ, ਤੇਰੇ ਜੈਸਾ ਗੱਭਰੂ, ਧਰਤੀ ਦੀ ਕੰਡ ਤੇ।
ਪੈਰਾਂ ਉੱਤੇ ਸੀਸ ਰੱਖਤਾ ਰਕਾਨ ਨੇ, ਖਾਂ ਦੇ ਜਥੇ ਭੰਜੇ ਤੋਂ, ਦੇਂਵਦੀ ਦਲੇਰੀ ਨੂੰ,
ਬੀਬੀ ਦੇਵੇ ਥਾਪੀਆਂ ਛੁਡਾਲੀ ਜੁਆਨ ਨੇ, ਲਗੜਾਂ ਦੇ ਪੰਜੇ ਤੋਂ, ਤੜਫਦੀ ਬਟੇਰੀ ਨੂੰ।

ਵੇਖਕੇ ਬਹਾਦਰੀ ਸਲਾਹਦੂ ਚੌਸਲਾ, ਛਡਾਲੀ ਕੋਇਲ ਚਹਿਕਦੀ, ਸਾਹ ਨੀ ਔਂਦਾ ਸੁੱਖ ਦਾ।
ਤੇਰੇ ਜੈਸਾ ਹੋਣਾ ਨੀ ਕਿਸੇ ਦਾ ਹੌਂਸਲਾ, ਤੂੰ ਬਿੰਦ ਪਿਤਾ ਲਾਇਕ ਦੀ, ਕਿਸੇ ਭਲੀ ਕੁੱਖ ਦਾ।
ਇੱਕ ਵੀ ਧੰਗੇੜ ਝੱਲੀ ਨਾ ਪਠਾਣ ਨੇ, ਖਿੱਚਲੀ ਸਕੰਜੇ ਤੋਂ, ਨਾ ਲਗਾਇਆ ਦੇਰੀ ਨੂੰ।
ਬੀਬੀ ਦੇਵੇ ਥਾਪੀਆਂ ਛੁਡਾਲੀ ਜੁਆਨ ਨੇ, ਲਗੜਾਂ ਦੇ ਪੰਜੇ ਤੋਂ, ਤੜਫਦੀ ਬਟੇਰੀ ਨੂੰ।

ਕਿਹੜਾ ਬੰਦਾ ਮੌਤ ਮਰਦਾ ਬਿਗਾਨੀ ਔਂ, ਏਹਨੇ ਰੱਖੀ ਲੱਜਿਆ, ਜੀ ਪੰਜਾਬ ਦੇਸ਼ ਦੀ।
ਸੂਰਮੇ ਦਾ ਜਸ ਹੁੰਦਾ ਦੋ ਜਹਾਨੀ ਔਂ, ਰਣ 'ਚੋਂ ਨੀ ਭੱਜਿਆ, ਕੀ ਰੀਸ ਹੋਣੀ ਏਸਦੀ।
ਕੱਟ ਦਿੱਤਾ ਸੀਸ ਤੇਜ਼ ਕ੍ਰਿਪਾਨ ਨੇ, ਬੋਲੀ ਦਾ ਨੀ ਰੰਜੇ ਤੋਂ, ਢਾਹਕੇ ਬਹਿ ਗਿਆ ਢੇਰੀ ਨੂੰ।
ਬੀਬੀ ਦੇਵੇ ਥਾਪੀਆਂ ਛੁਡਾਲੀ ਜੁਆਨ ਨੇ, ਲਗੜਾਂ ਦੇ ਪੰਜੇ ਤੋਂ, ਤੜਫਦੀ ਬਟੇਰੀ ਨੂੰ।

ਜ਼ਾਲਮ-ਜ਼ੁਲਮ ਕਰੀ ਜਾਂਦੇ ਹਿੰਦ ਮੇਂ, ਵਗ ਰਹੀ ਚਿਰ ਤੋਂ, ਸੀ ਅੰਧੇਰੀ ਪਾਪ ਦੀ,
ਲੈ ਗਿਆ ਫਰਿਸ਼ਤਾ ਅਸਮਾਨੀ ਬਿੰਦ ਮੇਂ, ਪੱਗ ਰਹਿਗੀ, ਸਿਰ ਤੇ, ਮੇਰੇ ਬੁੱਢੇ ਬਾਪ ਦੀ।
ਲੱਖ ਸੀਸ ਦੇਣੀ ਮਾਤਾ ਦੀ ਜ਼ੁਬਾਨ ਨੇ, ਜਾਂ ਉਠਾਲੀ ਮੰਜੇ ਤੋਂ, ਦੇ ਕੇ ਹੱਲਾ ਸ਼ੇਰੀ ਤੋਂ,
ਬੀਬੀ ਦੇਵੇ ਥਾਪੀਆਂ ਛੁਡਾਲੀ ਜੁਆਨ ਨੇ, ਲਗੜਾਂ ਦੇ ਪੰਜੇ ਤੋਂ, ਤੜਫਦੀ ਬਟੇਰੀ ਨੂੰ।

ਪਹਿਲਾਂ ਛੰਦ ਰਚੇ ਚੀਮਿਆਂ ਦੇ ਨਾਈ ਦੇ, ਡੂਢੇ ਮਾਘੀ ਸਿੰਘ ਦੇ, ਪੂਰਨ ਚਤਾਲੀਏ।
ਲੌਂਦੇ ਰਘਬੀਰ ਸ਼ਾਇਰ ਹੁੰਦੇ ਖਾਈ ਦੇ, ਜਾਂ ਮਰਾਝੋਂ ਤਿੰਘ ਦੇ, ਝੋਕ ਮੌਲਾ ਵਾਲੀਏ।
'ਬਾਬੂ' ਚਾਲ ਰਚੀ 'ਬਾਬੂ ਜੀ' ਦੀ ਜਾਨ ਨੇ, ਕਰਨਾ ਕੀ ਰੰਜੇ ਤੋਂ, ਸੁਣਿਓਂ ਬਾਤ ਮੇਰੀ ਨੂੰ।
ਬੀਬੀ ਦੇਵੇ ਥਾਪੀਆਂ ਛੁਡਾਲੀ ਜੁਆਨ ਨੇ, ਲਗੜਾਂ ਦੇ ਪੰਜੇ ਤੋਂ ਤੜਫਦੀ ਬਟੇਰੀ ਨੂੰ।

॥ ਦੋਹਿਰਾ ॥

ਪੈ ਰਿਹਾ ਹੋਊ ਸ਼ਾਮ ਦਾ, ਨਗਰੀ ਮੇਂ ਕੁਰਲਾਹਟ।
ਚੜ੍ਹ ਘੋੜੀ ਤੇ ਲੈ ਚੱਲਾਂ, ਦਸ ਬਾਰਾਂ ਕੋਹ ਵਾਟ।

ਤਰਜ਼ ਟੇਕ ਵਾਲੀ ਗੱਡੀ—11

(1)

ਭੀਮ ਆਖਦਾ ਸੁਣੀ ਗੱਲ ਕੁੜੀਏ, ਡੋਲੇ ਵਿੱਚ ਦੇਰ ਲੱਗਣੀ,
ਘੋੜੀ ਚੜ੍ਹਕੇ ਪਿਛਾਂਹ ਨੂੰ ਮੁੜੀਏ, ਜ਼ੁਲਮਾਂ ਦੀ ਬੁਝੀ ਅਗਨੀ,
ਛੇਤੀ ਦੇਣੇ ਤੂੰ ਉਰਾਂ ਦੇ ਵੱਲ ਭੱਜਿਆ, ਮਾਂ ਦੀ ਜੇ ਮਿਟੌਣਾ ਸਿੱਕ ਨੂੰ,
ਤੇਰੀ ਰੱਖਲੀ ਗੁਰੂ ਨੇ ਲੱਜਿਆ, ਮਾਪਿਆਂ ਦੀ ਠਾਰ ਹਿੱਕ ਨੂੰ।

(2)

ਪੈਰੇ ਹੋਣ ਨਾ ਘਰਾਂ ਵਿਚ ਪਿੱਟਣੇ, ਮਾਂ ਨਾ ਕਰਲੌਂਦੀ ਮਰਜੇ,
ਤੇਰੇ ਗਈ ਤੋਂ ਕਲੇਸ਼ ਕੁੱਲ ਮਿੱਟਣੇ, ਮਾਪਿਆਂ ਦੀ ਹਿੱਕ ਠਰਜੇ,
ਰੱਬ ਪੜਦਾ ਜੰਗਲ ਵਿੱਚ ਕੱਜਿਆ, ਜਾਕੇ ਮਿਲ ਮਾਤਾ ਮਿੱਕ ਨੂੰ।
ਤੇਰੀ ਰੱਖਲੀ ਗੁਰੂ ਨੇ ਲੱਜਿਆ, ਮਾਪਿਆਂ ਦੀ ਠਾਰ ਹਿੱਕ ਨੂੰ।

(3)

ਔਣ ਚੜ੍ਹੀਆਂ ਜ਼ੁਲਮ ਦੀਆਂ ਕਾਂਗਾਂ, ਮੱਛੀ ਜਾਲ ਵਿੱਚ ਫਸਗੀ,
ਦੂਰੋਂ ਸੁਣੀਆਂ ਤੇਰੀਆਂ ਚਾਂਗਾਂ, ਮੇਰੇ ਮਨ ਮੋਹਰ ਵਸਗੀ,
ਮੇਰੀ ਹਿੱਕ ਤੇ ਨਿਸ਼ਾਨਾ ਵੱਜਿਆ, ਕਾਗ ਛਲੀ ਜਾਂਦੇ ਪਿੱਕ ਨੂੰ।
ਤੇਰੀ ਰੱਖਲੀ ਗੁਰੂ ਨੇ ਲੱਜਿਆ, ਮਾਪਿਆਂ ਦੀ ਠਾਰ ਹਿੱਕ ਨੂੰ।

(4)

ਸੀਸ-ਸੀਸ ਦੀ ਸ਼ਰਤ ਲਾ ਵੱਢਿਆ, ਸੂਰਮਾ ਸਦਾਵੇ ਸ਼ੇਰ ਅਲੀ,
ਰੱਤੋਂ ਰੱਤ ਕਰਕੇ ਤੇ ਛੱਡਿਆ, ਗਲ ਤਲਵਾਰ ਫੇਰਲੀ,
ਭੀਮ ਮਾਰ ਲਲਕਾਰਾ ਗੱਜਿਆ, ਪੰਜਾਂ ਵਿੱਚੋਂ ਮਾਰਿਆ ਇੱਕ ਨੂੰ।
ਤੇਰੀ ਰੱਖਲੀ ਗੁਰੂ ਨੇ ਲੱਜਿਆ, ਮਾਪਿਆਂ ਦੀ ਠਾਰ ਹਿੱਕ ਨੂੰ।

(5)

ਦੂਜੇ ਡਰਗੇ ਪਠਾਣ ਹੰਕਾਰੀ, ਗੱਭਰੂ ਦੇ ਵੇਖ ਰੰਗ ਨੂੰ,
ਹੋਰ ਆਜੇ ਨਾ ਕਿਸੇ ਦੀ ਵਾਰੀ, ਸਰਪ ਚਲਾਜੂ ਡੰਗ ਨੂੰ,
ਰੱਤ ਪੀ ਕੇ ਵੈਰੀਆਂ ਦੀ ਰੱਜਿਆ, ਪੈਂਦੀ ਜਾਂਦੀ ਵੇਖ ਰਿੱਕ ਨੂੰ,
ਤੇਰੀ ਰੱਖਲੀ ਗੁਰੂ ਨੇ ਲੱਜਿਆ।

(6)

ਚੱਲ ਚੜ੍ਹ ਤੇਰੇ ਨੱਗਰ ਉਤਾਰਾਂ, ਉਪਰੋਂ ਮਹੀਨਾ ਠਾਰੀਦਾ,
'ਬਾਬੂ' ਹੋਣਗੇ ਕੋਸ ਦੱਸ-ਬਾਰਾਂ, ਦੁਖੀਆਂ ਦਾ ਕੰਮ ਸਾਰੀ ਦਾ,
ਘੋੜੀ ਚੱਬਦੀ ਕਡਿਆਲਾ ਜੀਨ ਸੱਜਿਆ, ਕੱਸ ਲਾਂਗੇ ਤੰਗ-ਤਿੱਕ ਨੂੰ।
ਤੇਰੀ ਰੱਖਲੀ ਗੁਰੂ ਨੇ ਲੱਜਿਆ, ਮਾਪਿਆਂ ਦੀ ਠਾਰ ਹਿੱਕ ਨੂੰ!

॥ ਦੋਹਿਰਾ ॥

ਬੀਬੀ ਪਾਗੀ ਨੀਵੀਆਂ, ਕੇਰਾਂ ਤਾਂਹ ਨੂੰ ਝਾਕ!
ਸਿੰਘ ਤੇ ਲੜਕੀ ਚੜ੍ਹ ਗਏ, ਘੋੜੀ ਬੜੀ ਚਲਾਕ।

ਦੋ ਭਾਗ ਛੰਦ—12

ਮੇਹਰਬਾਨੀ ਕਰਤੀ ਗੁਰੂ ਨੇ ਜੋੜੀ ਤੇ,
ਚੜ੍ਹ ਗਿਆ ਦਬੇਲਾ ਸ਼ੇਰ ਅਲੀ ਦੀ ਘੋੜੀ ਤੇ,
ਸੋਈਏਂ ਪਿੰਡ ਜਾ ਕੇ ਰਾਕਣ ਖਲਿਆਰਤੀ।
ਆਪ ਉੱਤਰਿਆ ਨਾ, ਬਾਲਕੀ ਉਤਾਰਤੀ।

ਫੜ ਲਿਆ ਕੰਡਿਆਲਾ ਬੀਬੀ ਜਾਵੇ ਨਿੱਤਰ ਐ,
ਸਾਡੇ ਘਰ ਪਾਜੋ ਚਰਨ ਪਵਿੱਤਰ ਐ।
ਚੁੰਨੀ ਲਾਹਕੇ ਉੱਪਰ ਟਿਕਾਤੀ ਪੈਰ ਕੇ,
ਪ੍ਰਸ਼ਾਦਾ ਛਕਜੋ ਘੜੀ ਕੁ ਠਹਿਰ ਕੇ।

ਨੈਣੋਂ ਇੰਝਾਂ ਫਰਨ-ਫਰਨ ਜਾਪੀਆਂ,
ਮਾਂ ਤੋਂ ਲੈ ਜਾ ਪਿਆਰ, ਪਿਉ ਬੁੱਢੇ ਤੋਂ ਥਾਪੀਆਂ।
ਕਹਿੰਦਾ ਜਾਕੇ ਪਿੰਡ ਦਿਆਂ ਸਿੰਘਾਂ ਨੂੰ ਸੰਗਲੈ,
ਪਹੁੰਚਣਾ ਸਵੇਰੇ ਗੁਰਦਾਸ ਨੰਗਲ ਐ।

ਲੋਈ ਰੋਜ਼ ਹਵਾ ਜੰਗਲਾਂ ਦੀ ਭੱਖਣੀ,
ਫੇਰ ਕਿਤੇ ਸਿੰਘ ਦੀ ਉਡੀਕ ਰੱਖਣੀ।

ਐਨੀ ਕਹਿਕੇ ਅੱਡੀ ਲਾ ਗਿਆ ਵਛੇਰੀ ਨੂੰ,
ਦੰਗ ਰਹਿਗੀ ਕਾਕੀ ਵੇਖਕੇ ਦਲੇਰੀ ਨੂੰ।

ਬਿੱਪ ਪੰਡਤਾਣੀ ਲਾਈ ਜਾਂਦੇ ਲਖਤੇ,
ਐਨੇ ਜਾ ਕੇ ਚੰਦੀ ਖੜਕਾਤੇ ਤਖਤੇ,
ਦੋਵੇਂ ਦਰਵਾਜ਼ੇ ਵਿਚ ਜਾਂਦੇ ਵਿਲਕੀ,
ਪੂਰੀ ਕੀਤੀ ਰਾਮ ਨੇ ਦਲੀਲ-ਦਿਲ ਕੀ।

ਕਹਿੰਦੇ ਛੱਡਿਆ ਨੀ ਮਾਪਿਆਂ 'ਚ ਬਾਕੀ ਨੂੰ,
ਦੋਹਾਂ ਜੱਫੀ ਪਾਲੀ ਚਚਲਿਔਂਦੀ ਕਾਕੀ ਨੂੰ।
ਜਦੋਂ ਧੀ ਮੁਟਿਆਰ ਨੇ ਸੁਣਾਈ ਵਰਤੀ,
ਬੈਠਕੇ ਪਿਤਾ ਨੇ ਨਿਸ਼ਕਾਰੀ ਧਰਤੀ।

ਰੋਈ ਜਾਵੇ ਲੱਗੀ ਮਾਂ ਬੁੜ੍ਹੀ ਨੂੰ ਭੜਕੀ,
ਚੁੰਮ-ਚੁੰਮ ਹਿੱਕ ਨੂੰ ਲਗਾਵੇ ਲੜਕੀ।
ਲਹਿ ਗਿਆ ਜਿਵੇਂ ਮਗਰੋਂ ਪਠਾਣ ਦੋਸਿਆ,
ਬੁੱਢੀ ਮਾਂ ਨੇ ਸੀਸ ਚੰਦੀ ਦਾ ਪਲੋਸਿਆ।

ਮੋਮ ਦੇ ਸਮਾਨ ਸਾਰੇ ਜਾਂਦੇ ਢਲ ਜੀ,
ਕਹਿੰਦੇ ਆਹਾ ਧੀਆਂ ਰੱਖੀਆਂ ਦੇ ਫਲ ਜੀ।
'ਰੱਜਬਲੀ' ਹਾਲ ਰੋ ਚੰਦੀ ਨੇ ਦੱਸਿਆ,
ਕਿਵੇਂ ਆਗਿਆ ਤਿੱਤਰ ਧੰਦਾਲੋਂ ਫਸਿਆ।

॥ ਦੋਹਿਰਾ॥

ਦੱਸਦੀ ਪਹੁੰਚ ਗਰਾਮ ਮੇਂ, ਜੋ ਵਰਤੀ ਉਸ ਨਾਲ,
ਰਹਿਗੀ ਸ਼ਰਮ ਪੰਜਾਬ ਦੀ, ਹੋਗੇ ਲੋਕ ਨਿਹਾਲ।

ਝੋਕ ਦੂਹਰੀ—13

(1)

ਚੰਦੀ ਬਹਿ ਮਾਪਿਆਂ ਕੋਲੇ ਬੀਤੀ ਗੱਲ ਦੱਸਦੀ ਐ,
ਖੁਸ਼ੀਆਂ ਨਾ ਜਾਣ ਝੱਲੀਆਂ, ਖਿੜ-ਖਿੜ ਕਰ ਹੱਸਦੀ ਐ।
ਤੇਰੇ ਘਰ ਮੀਂਹ ਨੀ ਮਾਏ, ਮੇਹਰਾਂ ਦਾ ਵਰ੍ਹਿਆ ਪਿਆ,
ਜੀਹਨੇ ਲੱਜ ਰੱਖਲੀ ਮੇਰੀ, ਅਣਖਾਂ ਦਾ ਭਰਿਆ ਪਿਆ।

(2)

ਜਿਸਨੇ ਜਿੰਦ ਬਖਸ਼ੀ ਮੇਰੀ ਗੋਰਾ ਜਿਹਾ ਚੋਬਰ ਨੀ,
ਮੈਨੂੰ ਨਾ ਦੀਂਹਦਾ ਕੋਈ, ਉਹਦੇ ਬਰੋਬਰ ਨੀ।
ਐਹੋ ਜਿਆ ਸੋਹਣਾ ਗੱਭਰੂ ਘਰ-ਘਰ ਨਾ ਧਰਿਆ ਪਿਆ।
ਜੀਹਨੇ ਲੱਜ ਰੱਖਲੀ ਮੇਰੀ, ਅਣਖਾਂ ਦਾ ਭਰਿਆ ਪਿਆ।

(3)

ਜਿਹੜਾ ਪਠਾਣ ਏਥੇ ਸਭਨਾਂ ਤੋਂ ਗਿਭਦਾ ਸੀ,
ਜਦੋਂ ਹੱਥ ਜੁੜਗੇ ਮਾਤਾ, ਫਿਰਦਾ ਉਹ ਥਿੱਬਦਾ ਸੀ।
ਬਹੁਤਾ ਵਡਿਆਈ ਖੋਰਾ, ਔਹ ਨੀ 'ਚਿੱਤ' ਕਰਿਆ ਪਿਆ,
ਜੀਹਨੇ ਲੱਜ ਰੱਖਲੀ ਮੇਰੀ, ਅਣਖਾਂ ਦਾ ਭਰਿਆ ਪਿਆ।

(4)

ਉਵੇਂ ਪਿਆ ਦੀਂਹਦਾ ਨਕਸ਼ਾ, ਘੰਟੇ ਦੋ ਗੁਜਰੇ ਨੀ,
ਹੱਥ ਵਿੱਚ ਕ੍ਰਿਪਾਨ ਨੱਚਦੀ, ਕਰਦਾ ਪਿਆ ਮੁਜਰੇ ਨੀ,
ਸ਼ੇਰ ਅਲੀ ਆਂਹਦੇ ਜੀਹਨੂੰ, ਵਾਹਣਾਂ ਵਿਚ ਮਰਿਆ ਪਿਆ,
ਜੀਹਨੇ ਲੱਜ ਰੱਖਲੀ ਮੇਰੀ, ਅਣਖਾਂ ਦਾ ਭਰਿਆ ਪਿਆ।

(5)

ਗੱਭਰੂ ਫੁਰਤੀਲਾ ਜਾਣੇ ਗੱਤਕੇ ਦੇ ਅੰਗਾਂ ਨੂੰ,
ਕੱਲੇ ਨੇ ਪੰਜਾਂ ਕੋਲੋਂ ਖੋਹਲੀ ਕਰ ਜੰਗਾਂ ਨੂੰ।
ਉਹਦਾ ਯੁੱਧ ਵੇਖਕੇ ਤੇ ਮੇਰਾ ਦਿਲ ਠਰਿਆ ਪਿਆ,
ਜੀਹਨੇ ਲੱਜ ਰੱਖਲੀ ਮੇਰੀ, ਅਣਖਾਂ ਦਾ ਭਰਿਆ ਪਿਆ।

(6)

'ਬਾਬੂ ਜੀ' ਡਰਦੇ ਸਾਰੇ ਭੱਜਗੇ ਕੁੱਲ ਦੂਜੇ ਐ,
ਲਹੂ ਦੇ ਨਾਲ ਰੰਗੇ ਨੇੜੇ ਦੇ ਬੂਝੇ ਐ।
ਚੱਲ ਕੇ ਤੇ ਪਿੰਜਰ ਦੇਖੋ ਗਿੱਦੜਾਂ ਦਾ ਚਰਿਆ ਪਿਆ,
ਜੀਹਨੇ ਲੱਜ ਰੱਖਲੀ ਮੇਰੀ, ਅਣਖਾਂ ਦਾ ਭਰਿਆ ਪਿਆ।

॥ ਦੋਹਿਰਾ॥

ਬਿਰਧ ਬ੍ਰਾਹਮਣ ਬੋਲਦਾ, ਜਿਸਨੇ ਰੱਖਲੀ ਲਾਜ।
ਦਰਸ਼ਨ ਕਰਦਾ ਜੁਆਨ ਦਾ, ਮਾਰ ਲਿਔਂਦੀ ਵਾਜ਼।

ਝੌਕ ਦੂਹਰੀ—14

(1)

ਹਿੱਕ ਨੂੰ ਲਾ ਆਖਣ ਲੱਗਾ ਪੰਡਣ ਧੀ ਨਿਆਣੀ ਨੂੰ,
ਸ਼ੇਰ ਦੀਆਂ ਮਿੰਨਤਾਂ ਕਰਕੇ ਲਿਅੌਣਾ ਸੀ ਢਾਣੀ ਨੂੰ।
ਗਲ਼ ਦੇ ਵਿੱਚ ਪੱਲੂ ਪਾ ਕੇ ਚਰਨੀਂ ਹੱਥ ਲਾਉਣਾ ਸੀ,
ਐਹੋ ਜੇ ਸੂਰਮੇ ਦਾ ਦਰਸ਼ਨ ਕਰਵੌਣਾ ਸੀ।

(2)

ਐਤਨੀ ਸਿਆਣੀ ਹੋ ਕੇ ਗਲਤੀ ਕਿਉਂ ਕਰਨੀ ਸੀ,
ਉਹਨੇ ਤਾਂ ਚੱਕ ਲਿਜਾਣਾ ਆਪਣਾ ਤਾਂ ਘਰ ਨੀ,
ਲਾਹਮਾਂ ਤੋਂ ਵੇਖਣਾ ਆਉਂਦੇ ਲੋਕਾਂ ਜਸ ਗਾਉਣਾ ਸੀ,
ਐਹੋ ਜੇ ਸੂਰਮੇ ਦਾ ਦਰਸ਼ਨ ਕਰਵੌਣਾ ਸੀ,

(3)

ਦਿਸਦਾ ਨੀ ਰਾਤ ਅੰਧੇਰੀ ਸਾਂ-ਸਾਂ ਪਈ ਕਰਦੀ ਐ,
ਲੇਫ਼ਾਂ ਵਿੱਚ ਪਾਲਾ ਲੱਗਦਾ ਕਹਿਰ ਦੀ ਸਰਦੀ ਐ।
ਰਾਤਾਂ ਨੂੰ ਨਰਮ ਤਲਾਈ ਪਲੰਘਾਂ ਤੇ ਪੌਣਾ ਸੀ,
ਐਹੋ ਜੇ ਸੂਰਮੇ ਦਾ ਦਰਸ਼ਨ ਕਰਵੌਣਾ ਸੀ।

(4)

ਚਰਨਾਂ ਨੂੰ ਧੋ-ਧੋ ਪੀਂਦੇ ਸੀਸ ਤੇ ਚੱਕਦੇ ਜੀ,
ਗੱਭਰੂ ਦੀ ਟਹਿਲ ਸੇਵਾ ਕਰਦੇ ਨਾ ਥੱਕਦੇ ਜੀ।
ਸਿਆਲ ਚਾਹ ਚਪਟਾਂ ਕਰਦੇ ਦੁੱਧ ਦਾ ਬੁੱਕ ਪਿਅੌਣਾ ਸੀ,
ਐਹੋ ਜੇ ਸੂਰਮੇ ਦਾ ਦਰਸ਼ਨ ਕਰਵੌਣਾ ਸੀ।

(5)

ਕਿਹੜੀ ਸਤਵੰਤੀ ਜੰਮਿਆਂ ਐਸਾ ਧਰਮਾਤਮਾ,
ਠੰਡੀ ਜੀ ਕਰਤੀ ਮੇਰੀ ਤਪਦੀ ਸੀ ਆਤਮਾ,
ਕੇਹਰ ਦੇ ਨਾਲ ਲੜਕੇ ਕੇਹਰ ਨੂੰ ਢੌਣਾ ਸੀ,
ਐਹੋ ਜੇ ਸੂਰਮੇ ਦਾ ਦਰਸ਼ਨ ਕਰਵੌਣਾ ਸੀ।

(6)

'ਬਾਬੂ ਜੀ' ਪੁਲ ਤਾਂ ਬੰਨ੍ਹਤੇ ਪੰਡਤਾਂ ਦੀਆਂ ਸੀਸਾਂ ਨੇ,
ਪਿੰਡ ਨੇ ਕੀ ਫੰਨੂੰ ਖੋਹਣਾ, ਅੰਦਰ ਦੀਆਂ ਘੀਸਾਂ ਨੇ,

ਬਾਕੀ ਜੇ ਚਾਰੇ ਲੜਦੇ ਉਹਨੇ ਨਹੀਂ ਭੌਣਾ ਸੀ,
ਐਹੋ ਜੇ ਸੂਰਮੇ ਦਾ ਦਰਸ਼ਨ ਕਰਵੌਣਾ ਸੀ।

॥ ਦੋਹਿਰਾ ॥

ਰਾਤ ਅੰਧੇਰੀ ਸਿਆਲ ਦੀ, ਫਿਰੇ ਅਠਾਰਾਂ ਗ਼ਾਮ।
ਪਿੰਡਾਂ ਦੇ ਵਿਚ ਸੂਰਮਾ, ਦਿੰਦਾ ਫਿਰੇ ਪੈਗ਼ਾਮ।

ਮੁਕੰਦ ਛੰਦ—15

ਪਿੰਡਾਂ ਵਿੱਚ ਫਿਰੇ ਭਾਲਦਾ ਨਹਿੰਗਾਂ ਨੂੰ,
ਗੁਰਦਾਸ ਨੰਗਲੋਂ ਛਡਾਲੋ ਸਿੰਘਾਂ ਨੂੰ।
ਨੇਰ੍ਹੇ ਵਿੱਚ ਥਿਉਣ ਨਾ ਪਿੰਡਾਂ ਦੇ ਰਾਸਤੇ
ਚੱਲੋ ਸੀਸ ਦੇਣੇ ਜੇ ਧਰਮ ਵਾਸਤੇ

ਬੰਦੇ ਹੋਰੀ ਘੇਰ ਲੇ ਮੱਚਣ ਕਾਲਜੇ,
ਛਡਾ ਲੋ ਛੇਤੀ ਵੈਰੀ ਤੋਂ ਗੁਰੂ ਦੇ ਲਾਲ ਜੇ।
ਘੇਰਾ ਪਾਈ ਬੈਠੇ ਮੁਗਲ ਸੁਮਾਸ ਤੇ,
ਚੱਲੋ ਸੀਸ ਦੇਣੇ ਜੇ ਧਰਮ ਵਾਸਤੇ।

ਧਾਵਾ ਬੋਲ ਸਿੰਘਾਂ ਨੂੰ ਛੁਡਾ ਧੱਕੜੋ,
ਦੀਵੇ ਉੱਤੇ ਭੁਜ ਮਰਜੋ ਭਮੱਕੜੋ।
ਹੋਣ ਏਸ ਦੇਸ਼ ਤੇ ਜ਼ੁਲਮ ਜਾਸਤੇ,
ਚੱਲੋ ਸੀਸ ਦੇਣੇ ਜੇ ਧਰਮ ਵਾਸਤੇ।

ਜੀਹਨੇ ਬੂਝੇ ਪਾਪ ਦੇ ਜੜਾ 'ਚੋਂ ਪੱਟਣੇ,
ਜੀਹਨੇ ਭੁੱਖੇ ਰਹਿਕੇ ਤੇ ਵਕਤ ਕੱਟਣੇ।
ਕੱਟਣੀ ਦਿਹਾੜੀ ਪਾਣੀ ਦੇ ਗਰਾਸ ਤੇ,
ਚੱਲੋ ਸੀਸ ਦੇਣੇ ਜੇ ਧਰਮ ਵਾਸਤੇ।

ਸ਼ਰਮ ਕਵਾਰੀਆਂ ਧੀਆਂ ਦੀ ਰੱਖਣੀ,
ਉਠੋ ਜੀਹਨੇ ਮੌਤ ਦੀ ਲੱਜਤ ਚੱਖਣੀ।
ਜਿਹੜੇ ਸਿੰਘ ਸੱਜਗੇ ਡਰਨ ਕਾਸਤੇ,
ਚੱਲੋ ਸੀਸ ਦੇਣੇ ਜੇ ਧਰਮ ਵਾਸਤੇ।

ਵੈਰੀਆਂ ਨੂੰ ਮਾਰਕੇ ਕਿਲੇ ਨੂੰ ਤੋੜ ਕੇ,
ਫੇਰ ਲੌਣਾ ਮੋਰਚਾ ਲਹੌਰ ਮੋੜ ਕੇ
ਏਦੂ ਪਿੱਛੇ ਕੱਠ ਮਾਰਲੋਂ ਬਿਆਸ ਤੇ
ਚੱਲੋ ਸੀਸ ਦੇਣੇ ਜੇ ਧਰਮ ਵਾਸਤੇ

'ਰਜਬਲੀ' ਐਨੀਆਂ ਤਕੀਦਾਂ ਕਰਕੇ,
ਭੀਮ ਸਿੰਘ ਸੂਰਮਾ ਘਰਾਂ ਸਰਕੇ।
ਵਾਜ਼ਾਂ ਮਾਰ ਮਾਤਾ ਨੂੰ ਬਲਾਵੇ ਆਸਤੇ
ਚੱਲੋ ਸੀਸ ਦੇਣੇ ਜੇ ਧਰਮ ਵਾਸਤੇ

ਤਰਜ਼ ਛੰਦ—16

ਜਲ ਨੈਣਾਂ ਦੇ ਵਿੱਚ ਭਰਕੇ, ਮਾਂ ਰੋਂਦੀ ਡੁਸ-ਡੁਸ ਕਰਕੇ, ਫੁੱਟ ਦਿਲ ਦੇ ਬਣਗੇ ਵਰਕੇ।
ਵੇ ਕੋਈ ਸੁਣਦਾ ਨੀ, ਮੇਰੇ ਦੁੱਖਾਂ ਨੂੰ, ਮੇਰੇ ਦੁੱਖਾਂ ਨੂੰ, ਚੰਗਾ ਤਾਂ ਜਵਾਨਾਂ ਹੁਣ ਦਾਨੀ।
ਤੂੰ ਜੀਹਦੀ ਮਰਦਾ ਮਰਨੀ, ਨਾ ਭਲੀ ਉਸ ਤੋਂ ਸਰਨੀ, ਰੱਖਦੇ ਮੁਗਲ ਸ਼ੇਰ ਦਾ ਡਰਨੀ।
ਹੈ ਗਲੈਰੀ ਖਾਲਸੇ, ਮਾਤਾ ਰੋਂਦੀ ਐ। ਮਾਤਾ ਰੋਂਦੀ ਐ, ਬਾਹਮਣਾ ਦੇ ਵੈਰੀ ਖਾਲਸੇ।

ਸਿੰਘ ਮੀਰੀ ਬਿਪਰ ਫਾਡੀ, ਏ ਬੇੜੀ ਡੋਬਣ ਸਾਡੀ, ਮੈ ਤਾਂ ਹਾਂ ਨਰਾਜ਼ ਡਾਹਢੀ।
ਜੀ ਸਿੰਘਾਂ ਦੇ ਪੀਰ ਤੇ, ਦਾਅ ਲੌਂਦੇ ਫਿਰਦੇ ਐ, ਦਾਅ ਲੌਂਦੇ ਫਿਰਦੇ ਐ, ਪੰਡਤਾਂ ਦੀ ਮਿੱਠੀ ਖੀਰ ਤੇ।
ਤੇ ਤਰਸਣ ਪੰਡਤ ਹੁਣ ਕੇ, ਸਿੰਘ ਬੜੇ ਬਿਰਕ ਦੇ ਸੁਣਕੇ, ਮੈਂ ਮਰਜਾਂ ਛੱਕਦੇ ਕੁਣਕੇ।
ਲਾਕੇ ਡੈਰੀ ਖਾਲਸੇ, ਮਾਤਾ ਰੋਂਦੀ ਐ, ਮਾਤਾ ਰੋਂਦੀ ਐ। ਬਾਹਮਣਾ ਦੇ ਵੈਰੀ ਖਾਲਸੇ।

ਹੁਣ ਟੁਕੜੇ ਮਿਲਦੇ ਮਾੜੇ, ਦੁੱਧ ਸੁਫਨਾ ਹੋਗੇ ਗਾੜ੍ਹੇ, ਤੇ ਜਦ ਚੇਤ ਦੇ ਔਣ ਦਿਹਾੜੇ,
ਜੇ ਸਰਾਧਾਂ ਵਾਲੇ ਜੀ, ਕੋਈ ਸਿਆਣੇ ਨਾ, ਕੋਈ ਸਿਆਣੇ ਨਾ, ਪਾਧਾ ਪ੍ਰਸਾਦ ਭਾਲੇ ਜੀ।
ਨੰਦ ਪੜਦੇ ਜਾਂਦੇ ਵੱਧਦੇ, ਤੇ ਫੇਰਿਆਂ ਤੇ ਨਾ ਸੱਦਦੇ, ਏਹ ਦੁਸ਼ਮਣ ਬਣਗੇ ਜੱਦ ਦੇ।
ਫਿਰਦੇ ਗੈਹਗੀ ਖਾਲਸੇ, ਮਾਤਾ ਰੋਂਦੀ ਐ, ਮਾਤਾ ਰੋਂਦੀ ਐ, ਬਾਹਮਣਾ ਦੇ ਵੈਰੀ ਖਾਲਸੇ।

ਹਿੱਕ ਭੁਨਤੀ ਐਨਾ ਲੱਛਣਾਂ, ਨਾ ਦਿੰਦੇ ਕੌਡੀ ਦੱਛਣਾ, ਤੇ ਖਿਚਕੇ ਮਾਰਨ ਪੱਛਣਾ।
ਲਾ ਲੂਣ ਪੱਛਾਂ ਤੇ, ਧੋਤੀ ਪੌਂਦੇ ਨੀ, ਧੋਤੀ ਪੌਂਦੇ ਨੀ, ਸਿੱਖਾਂ ਦੇ ਹੋਏ ਜੋਰ ਕੱਛਾਂ ਤੇ।
ਅੱਖ ਕੌੜੀ ਝਾਕਣ ਲੰਘਦੇ, ਹੁਣ ਲਾਗਾਂ ਤੋਂ ਵੀ ਸੰਗਦੇ, ਤੇ ਹੁਣ ਸੱਪ ਜੇ ਬਣ ਕੇ ਡੰਗਦੇ।
ਹੈ ਜੈਹਿਰੀ ਖਾਲਸੇ, ਮਾਤਾ ਰੋਂਦੀ ਐ, ਮਾਤਾ ਰੋਂਦੀ ਐ, ਬਾਹਮਣਾ ਦੇ ਵੈਰੀ ਖਾਲਸੇ।

ਏਹ ਗਾਈਆਂ ਕਰਦੇ ਪੁੰਨ ਨੀ, ਇਹ ਅੱਗੇ ਵਰਗੇ ਡੁੰਨ ਨੀ, ਏ ਮੁਫ਼ਤ ਲਹੌਂਦੇ ਉੱਨ ਨੀ।
ਫੁੱਲ ਪੌਂਦੇ ਗੰਗਾਂ ਨਹੀਂ, ਐਨੇ ਵਿਗੜੇ, ਹੈ ਐਨੇ ਵਿਗੜੇ, ਇਹਨਾਂ ਨਾਲ ਰੱਲਨਾ ਚੰਗਾ ਨੀ।
ਐ ਕਹਿਕੇ 'ਬਾਬੂ' ਦਾਦੀ, ਗੁੰਮ ਹੋਈ ਆਦ੍ਹੀ-ਆਦ੍ਹੀ, ਕੀ ਦੇ ਜੁਆਬ ਖੁਦਾਦੀ
ਕਚੈਰੀ ਖਾਲਸੇ, ਮਾਤਾ ਰੋਂਦੀ ਐਂ। ਮਾਤਾ ਰੋਂਦੀਆਂ, ਬਾਹਮਣਾ ਦੇ ਵੈਰੀਆਂ ਖਾਲਸੇ।

ਬੈਂਤ ਛੰਦ—17

ਰੋਵੇ ਬ੍ਰਮਣੀ ਵੇ ਕਾਕਾ, ਭੀਮ ਚੰਦਾਂ
ਕੀਤਾ ਜੁਲ ਕਿਉਂ ਮਾਂ ਮਹੇਸ਼ ਤੇ ਵੇ।

ਹੱਥੀਂ ਪਿਤਾ ਬਿਮਾਰ ਨੂੰ ਫੂਕ ਜਾਂਦਾ,
ਪਾਕੇ ਲੱਕੜਾਂ ਮੁੱਠ ਦਰਵੇਸ਼ ਤੇ ਵੇ।

ਘਰ ਬੈਠ ਕਰਦਾ ਪੂਜਾ ਠਾਕਰਾਂ ਦੀ,
ਜਿਹੜੀ ਕੁਲ ਦੀ ਰੀਤ ਹਮੇਸ਼ ਤੇ ਵੇ।

ਸਿੰਘ ਸੁੱਖ ਦੀ ਨੀਂਦ ਨਾ ਸੌਣ ਦਿੰਦੇ,
ਇਨ੍ਹਾਂ ਧੁੰਮਾਂ ਮਚਾ ਦਿੱਤੀ ਦੇਸ਼ ਤੇ ਵੇ।

ਕੋਈ ਸਿੰਘ, ਨਹਿੰਗ ਨਾ ਨਾਮਧਾਰੀ,
ਦੋਵੇਂ ਪੰਥ ਮਸ਼ਹੂਰ ਜੱਗ ਏਸ ਤੇ ਵੇ।

'ਰਜਬਲੀ' ਬਗਾਵਤਾਂ ਕਰਨ ਜਿਹੜੇ,
ਰਾਜ਼ੀ ਰਹਿਣ ਹਮੇਸ਼ ਕਲੇਸ਼ ਤੇ ਵੇ।

॥ ਦੋਹਿਰਾ ॥

ਮਾੜੀ ਗੱਲ ਦਸਮੇਸ਼ ਨੂੰ, ਨਾ ਜਬਾਨੋਂ ਕਹੀਂ।
ਤੇਰਾ ਨਿੰਦਿਆ ਅੰਮੜੀਏ, ਨਿੰਦਿਆ ਜਾਂਦਾ ਨਹੀਂ।

ਮੁਕੰਦ ਛੰਦ—18

ਭੀਮ ਕਹਿੰਦਾ ਮਾਤਾ ਕੂੜ ਦੇ ਉਲਾਹਮੇ ਐ,
ਸਿੰਘ ਸਰਦਾਰ ਦੁਨੀਆਂ 'ਚ ਕਾਮੇ ਐਂ,
ਲੱਗ ਵੇ ਡਰਨ ਨਾ ਤਪਸ਼ ਠੰਡ ਤੋਂ,
ਮੈਨੂੰ ਸਿੰਘ ਲੱਗਦੇ ਪਿਆਰੇ ਖੰਡ ਤੋਂ।

ਰੱਜ ਖਾਂਦੇ ਜਿੱਥੇ ਇਨ੍ਹਾਂ ਦੀ ਅਬਾਦੀ ਐ,
ਅੰਨ ਲੱਸੀ ਬਾਜਰਾ ਖੁਰਾਕ ਸਾਦੀ ਐ,
ਇਹ ਨੀ ਪੈਸਾ ਖੋਲਦੇ ਫਜ਼ੂਲ ਗੰਡ ਤੋਂ,
ਮੈਨੂੰ ਸਿੰਘ ਲੱਗਦੇ ਪਿਆਰੇ ਖੰਡ ਤੋਂ।

ਅੱਧਾ ਥਾਨ ਲੱਗੇ ਚਾਦਰੇ ਇਕਹਿਰੇ ਨੂੰ,
ਥੋੜੇ ਲੀੜੇ ਨਾਲ ਸਰਜੇ ਕਛਹਿਰੇ ਨੂੰ।
ਹੱਥ ਕੇਸ ਰੱਖਦੇ ਵਧਾਕੇ ਝੰਡ ਤੋਂ,
ਮੈਨੂੰ ਸਿੰਘ ਲੱਗਦੇ ਪਿਆਰੇ ਖੰਡ ਤੋਂ।

ਜਿਹੜਾ ਇਨ੍ਹਾਂ ਦਾ ਕਰੇਵੇ ਦਾ ਰਿਵਾਜ਼ ਹੈ,
ਪੱਤ ਰੱਖਣ ਦਾ ਵਧੀਆ ਇਲਾਜ ਹੈ।
ਏਹ ਨਾ ਭਾਈਚਾਰੇ ਦੀ ਡਰਨ ਡੰਡ ਤੋਂ,
ਮੈਨੂੰ ਸਿੰਘ ਲੱਗਦੇ ਪਿਆਰੇ ਖੰਡ ਤੋਂ।

ਏਹ ਛੂਤ ਦੂਰ ਕਰਨੇ ਦੇ ਮੋਢੀ ਐ,
ਕੱਠੇ ਬਹਿਕੇ ਛਕਦੇ ਚਮਿਆਰ ਸੋਢੀ ਐ।
ਦਿਲੋਂ ਸਾਫ਼ ਦੂਰ ਨੱਸਣ ਪਾਖੰਡ ਤੋਂ,
ਮੈਨੂੰ ਸਿੰਘ ਲੱਗਦੇ ਪਿਆਰੇ ਖੰਡ ਤੋਂ।

ਕੱਢਣ ਭੜਾਸ ਦਿਲ ਮੇਂ ਨੀ ਰੱਖਦੇ,
ਜਾਨਾਂ ਨਾ ਲਕੋਣ ਪੂਰੇ ਹੁੰਦੇ ਪੱਖ ਦੇ।
ਇਹ ਨਾ ਲਾਭ ਭਾਲਦੇ ਪੁਰਾਣੀ ਪੰਡ ਤੋਂ,
ਮੈਨੂੰ ਸਿੰਘ ਲੱਗਦੇ ਪਿਆਰੇ ਖੰਡ ਤੋਂ।

ਨਾਲੇ ਛੁੱਟੀ ਦੇਤੀ ਐ ਗੁਰੂ ਨੇ ਮਾਸ ਦੀ,
ਲੰਘਦਾ ਨਾ ਖੌਫ਼ ਸੂਰਮੇ ਦੇ ਪਾਸ ਦੀ।
'ਰਜਬਲੀ' ਤਾਹੀਂ ਮੈਂ ਦਲੇਰੀ ਮੰਡ ਤੋਂ,
ਮੈਨੂੰ ਸਿੰਘ ਲੱਗਦੇ ਪਿਆਰੇ ਖੰਡ ਤੋਂ।

॥ ਦੋਹਿਰਾ ॥

ਵਿਆਹ ਕੇ ਭੀਮ ਜੁਆਨ ਨੂੰ ਗਏ ਪ੍ਰਾਹੁਣੇ ਖਿੰਡ।
ਐਂ ਪ੍ਰਬਾਨੈ ਖ਼ਾਨ ਦੇ, ਔਣ ਮਜੀਠੇ ਪਿੰਡ।

ਦੋ ਭਾਗ ਛੰਦ—19

ਇੱਕ ਮੱਟੂ ਨਾਮ ਸੀ ਮਜੀਠੇ ਚੌਧਰੀ,
ਜੈਲਦਾਰ ਐਹੋ ਜੇ ਰਹਿਣ ਔਧਰ ਈ,
ਜਾਣੇ ਬੇਈਮਾਨੀਆਂ ਗੱਪਾਂ ਦੀ ਮੱਗਰੀ,
ਦੁਖੀ ਰਹਿੰਦੀ ਜੈਲ ਦੀ ਅਠਾਰਾਂ ਨੱਗਰੀ।

ਚੱਕ ਜਾਂਦਾ ਕਸਮ ਨਸ਼ੇ ਦੀ ਪਿਆਲੀ ਤੇ,
ਦੰਦ ਵੱਢੇ ਸਾਰਾ ਤਬਕਾ ਪਲਾਲੀ ਤੇ।
ਠੇਂਗਣਾ ਜਿਹਾ ਕੱਦ ਸ਼ਕਲ ਲੰਗੂਰ ਦੀ,
ਉਹਨੂੰ ਰੋਟੀ ਦੇਵੇ ਲੱਜਤ ਤੰਦੂਰ ਦੀ।

ਆ ਗਏ ਲਹੌਰੋਂ ਨੌਕਰ ਨਵਾਬ ਦੇ,
ਬੈਠਕ 'ਚ ਡਾਹ ਤੇ ਪੰਲਘ ਸ਼ਤਾਬ ਦੇ।
ਪੁੱਛੇ ਹਾਲ ਬੰਦੇ ਦਾ ਪੁਲਸ ਆਗੀ ਨੂੰ,
ਕਹਿੰਦੇ ਕੱਲ੍ਹ ਲਿਆਂਦਾ ਫੜ੍ਹਕੇ ਤੇ ਬਾਗੀ ਨੂੰ।

ਮੋਰਚਾ ਲਿਆ ਤੋੜ ਗੁਰਦਾਸ ਨੰਗਲ ਦਾ,
ਕੱਸ ਲਿਆ ਜੰਜ਼ੀਰਾਂ ਲਾ ਕੇ ਸ਼ੇਰ ਜੰਗਲ ਦਾ,
ਜੰਗ ਵਿੱਚ ਮੁਗਲ ਪਠਾਣ ਨਿੱਤਰੇ,
ਲਿਆਏ ਸਾਰੇ ਫੜਕੇ ਲਹੌਰ ਚਿੱਤਰੇ।

ਜਿਹੜਾ ਕਹਿੰਦਾ ਖੋਹਣਾ ਮੁਗਲਾਂ ਤੋਂ ਰਾਜ ਨੂੰ,
ਗੋਡੀ ਲੁਆਤੀ ਕੱਟ ਕਰਕੇ ਤੇ ਬਾਜ਼ ਨੂੰ,
ਜੀਹਨੇ ਇੱਟ-ਇੱਟ ਕਰਤੀ ਸਰਹਿੰਦ ਦੀ,
ਸਾਰੀ ਸੇਖੀ ਖ਼ਾਕ 'ਚ ਰਲਾਤੀ ਰਿੰਦ ਦੀ।

ਸਿੰਘ ਕੱਠੇ ਕਰਕੇ ਲੜੇਂਦਾ ਨਿੱਤ ਲਿਆ,
ਜੀਹਨੇ ਧਾਵਾ ਬੋਲਕੇ ਸੰਢੌਰਾ ਜਿੱਤ ਲਿਆ।
ਫੜ੍ਹੇ ਕੀਤੇ ਬਾਕੀਆਂ ਸਿੰਘਾਂ ਦੇ ਚੌਸਲੇ,
ਹੁਣ ਸਾਡੀ ਫੌਜ ਦੇ ਵਧਣ ਹੌਂਸਲੇ।

ਗੱਡੇ ਕੱਲ੍ਹ ਕਿਲ੍ਹੇ ਤੇ ਫਤਿਹੇ ਦੇ ਝੰਡੇ ਗਏ,
ਨਾਲੇ ਸੱਚ ਸ਼ਾਮ ਨੂੰ ਇਨਾਮ ਵੰਡੇ ਗਏ।
ਪੂਰੀ ਹੋਗੀ ਸੂਬੇ ਦੀ ਦੀਲਲ ਦਿਲ ਦੀ,
ਹੁਣ ਪੱਕੀ ਨੀਹ ਨੀ ਮੁਗਲਾਂ ਦੀ ਹਿੱਲਦੀ।

'ਰਜਬਲੀ' ਖਾਨਾ ਆਖਦਾ ਯੱਕਰੀਆਂ,
ਹੁਣ ਭੱਜ ਜਾ ਖਾਂ ਬੰਦਿਆਂ ਬਕਰੀਆਂ।

॥ ਦੋਹਿਰਾ ॥

ਬੋਲੇ ਮੱਟੂ ਚੌਧਰੀ, ਹੁਕਮ ਲਿਆਂਦਾ ਕੀ।
ਸਿਰ ਮੱਥੇ ਤੇ ਮੰਨਣਾ, ਸਤ ਬਿਸਮਿੱਲਾ ਜੀ।

ਦੋ ਭਾਗ ਛੰਦ—20

ਫੇਰ ਪੁੱਛੇ ਮੱਟੂ ਚੌਧਰੀ ਸਵਾਰਾਂ ਨੂੰ,
ਸੂਬੇ ਦਾ ਹੁਕਮ ਕੀ ਨੰਬਰਦਾਰਾਂ ਨੂੰ।
ਦੋ ਸੌ ਸਿੰਘ ਫੜ੍ਹੋ ਗੁਰਦਾਸ ਨੰਗਲੋਂ,
ਹੋਰ ਵੀ ਫੜ੍ਹਾ ਦਿਓ ਹੱਥਾਂ ਨੂੰ ਰੰਗਲੋ।

ਕੁੱਲ ਬਾਧਾਂ ਬੱਧੀਆਂ ਦਿੱਲੀ ਨੂੰ ਜਾਣੀਆਂ,
ਸਣੇ ਬੱਚੇ ਬਾਦਸ਼ਾਹ ਪੀੜਦੂ ਘਾਣੀਆਂ।
ਸੂਬੇ ਦਾ ਖਿਆਲ ਥੋੜਿਆਂ ਦਾ ਕੀ ਭੇਜਣਾ,
ਰੰਡੀਆਂ ਬਣਾ ਦਿਓ ਸਿੰਘਾਂ ਦੀਆਂ ਹੇਜਣਾਂ,

ਫੜ੍ਹਲੋ ਬੇਸ਼ੱਕ ਜਿਹੜਾ ਸਿੱਖ ਡਾਹੀ ਦੇ,
ਕੱਟੇ ਸੀਸ ਪੂਰੇ ਦੋ ਹਜ਼ਾਰ ਚਾਹੀਦੇ।
ਨਾਲੇ ਜਿਉਂਦੇ ਫੜਲੋ ਹਜ਼ਾਰ ਫਿਤਨੇ,
ਹੋਜੂ ਸਿਰ ਢਕਣ ਘਲਾ ਕੇ ਇਤਨੇ।

ਹੋਰ ਜਿਹੜੇ ਪਿੰਡ ਹਮਰੈਤੀ ਸਿੱਖਾਂ ਦੇ,
ਭੋਜਨ ਛਕੌਂਦੇ ਜਿਹੜੇ ਵਿੱਚ ਇੱਖਾਂ ਦੇ।
ਮੱਟੂ ਹੋਰੀਂ ਸੁਣਕੇ ਹੁਕਮ ਤੁਰਗੇ,
ਨਾਲ-ਨਾਲ ਰਲਗੇ ਪਠਾਣ ਮੁਰਗੇ।

ਜਾ ਕੇ ਸਿੰਘ ਭਾਲ ਲੇ ਪਿੰਡਾਂ ਤੋਂ ਨੱਬੇ ਜੀ,
ਹੋਰ ਵੀ ਫੜ੍ਹਾ ਦਿਉ ਜਿਤਨੇ ਕੁ ਲੱਭੇ ਜੀ।
ਸ਼ਾਮ ਵੇਲੇ ਪਿੰਡ ਪਹੁੰਚਗੇ ਗੁਲਾਬੇ ਦੇ,
ਉਹਨੂੰ ਲੱਗੇ ਪੁੱਛਣ ਪਠਾਣ ਦਾਬੇ ਦੇ।

ਸੱਚ ਕਹੀਂ ਝੂਠ ਨਾ ਸੁਣਾਈਂ ਬਾਬਿਆ,
ਕੀਹਨੇ-ਕੀਹਨੇ ਅੰਮ੍ਰਿਤ ਛਕਿਆ ਗੁਲਾਬਿਆ।
ਕਹਿੰਦਾ ਇੱਕ ਪੰਡਤ ਖ਼ਰਾਬ ਹੋਣ ਨੂੰ,
ਖਾਲਸਿਆਂ ਨੇ ਰੱਖ ਲਿਆ ਕਛਹਿਰੇ ਧੋਣ ਨੂੰ।

ਕਰੋਂ ਜੇ ਹੁਕਮ ਮੈਂ ਬੁਲਾਵਾਂ ਰਾਤ ਮੇਂ,
ਅੱਗੇ ਲਾਲਟੈਨ ਸੱਜੀ ਵੀ ਸਵ੍ਹਾਤ ਮੇਂ।
ਅੱਡੋ ਅੱਡੀ ਲੱਗੀ ਪੰਡਤਾਂ ਦੇ ਸੱਭਰੂ,
ਗੱਲਾਂ ਕਰੀ ਜਾਂਦੇ ਸੀ ਹਟੀ ਤੇ ਗੱਭਰੂ।

'ਬਾਬੂ ਜੀ' ਨੇ ਲੜੀਆਂ ਬਣਾਕੇ ਗੁੰਦੀਆਂ,
ਸੁਣੋ ਗੱਲਾਂ ਜਿਹੜੀਆਂ ਅੰਦਰ ਹੁੰਦੀਆਂ।

॥ ਦੋਹਿਰਾ ॥

ਨਗਰੀ ਵਿੱਚ ਸੁੰਨਸਾਨ ਵਰਤਗੀ ਸਖ਼ਤ ਅੰਧੇਰੀ ਰਾਤ।
ਸੁਣੇ ਗੁਲਾਬਾ ਬਾਰ ਮੇਂ, ਆਹ-ਆਹ ਕਰਦੇ ਬਾਤ।

ਮੁਕੰਦ ਛੰਦ—21

ਚੰਦੀ ਬੈਠੀ ਉੱਤੇ ਪਲੰਘ ਰੰਗੀਲ ਦੇ,
ਭੀਮ ਸਿੰਘ ਨਾਲ ਪੁੱਛਦਾ ਦਲੀਲ ਦੇ।
ਅੱਜ ਨਾ ਸਿਆਣੇ ਉਸ ਦਿਨ ਮੋਹੀ ਮੈਂ,
ਜੀਹਨੇ ਮਾਰਿਆ ਸ਼ੇਰ ਅਲੀ ਜੁਆਨ ਓਹੀ ਮੈਂ।

ਜਿੱਦੇਂ ਚੱਕੀ ਜਾਂਦੇ ਮੁਗਲ ਲਹੌਰ ਨੂੰ,
ਅੱਜ ਨਾ ਸਿਆਣੇ ਓਦੇਂ ਵਾਲੇ ਭੌਰ ਨੂੰ,
ਜਿੱਦੇਂ ਜਾਂਦੀ ਮਾਰਦੀ ਚੰਗਿਆੜਾਂ ਰੋਹੀ ਮੈਂ,
ਜੀਹਨੇ ਮਾਰਿਆ ਸ਼ੇਰ ਅਲੀ ਜੁਆਨ ਓਹੀ ਮੈਂ।

ਪਤਾ ਹੋਣਾ ਪੈਂਤਰੇ ਵਖਾਤੇ ਜਿਤਨੇ,
ਦੋ ਵੀ ਵਾਰ ਰੋ ਕੇ ਨਾ ਪਠਾਣ ਰਿੱਤ ਨੇ,
ਰਣ ਵਿੱਚ ਧੌਣ ਸੂਰਮੇ ਦੀ ਕੋਹੀ ਮੈਂ,
ਜੀਹਨੇ ਮਾਰਿਆ ਸ਼ੇਰ ਅਲੀ ਜੁਆਨ ਓਹੀ ਮੈਂ।

ਮਾਰਾਂ ਲਲਕਾਰੇ ਨਾ ਖੜ੍ਹਨ ਬਾਕੀ ਦੇ,
ਕੋਈ ਨਾ ਖੜੋਵੇ ਮੂਹਰੇ ਭੀਮ ਆਕੀ ਦੇ।
ਸਾਰੇ ਮਾਝੇ ਵਿੱਚ ਫੇਰਤੀ ਧਰੋਹੀ ਮੈਂ,
ਜੀਹਨੇ ਮਾਰਿਆ ਸ਼ੇਰ ਅਲੀ ਜੁਆਨ ਓਹੀ ਮੈਂ।

ਜਾਣਗੇ ਪਠਾਣ ਜ਼ਿੰਦਗੀ ਦਾ ਖ਼ਤਰਾ,
ਟੈਰੀਆਂ ਭਜਾਕੇ ਵਾਚਗੇ ਸੀ ਪੱਤਰਾਂ।

ਕੱਲੇ ਜਣੇ ਲੜਕੇ ਪੰਜਾਂ ਤੋਂ ਖੋਹੀ ਮੈਂ,
ਜੀਹਨੇ ਮਾਰਿਆ ਸ਼ੇਰ ਅਲੀ ਜੁਆਨ ਓਹੀ ਮੈਂ।

ਸਿੰਘ ਨੇ ਤਫ਼ੀਕ ਜਿੱਤਲੀ ਅਨਾਮ ਮੇਂ,
ਘੋੜੀ ਚਾੜ੍ਹ ਛੱਡਤੀ ਪਿਤਾ ਦੇ ਗਾਮ ਮੇਂ।
ਟਹਿਲ ਸੇਵਾ ਪੁੱਛੀ ਨਾ ਰਸੋਈ ਛੋਹੀ ਮੈਂ,
ਜੀਹਨੇ ਮਾਰਿਆ ਸ਼ੇਰ ਅਲੀ ਜੁਆਨ ਓਹੀ ਮੈਂ।

'ਬਾਬੂ ਜੀ' ਪ੍ਰੇਮ ਦੀਆਂ ਉਮੰਗਾਂ ਉੱਠੀਆਂ,
ਰੱਜਕੇ ਤੇ ਭਰਲੈ ਰਕਾਨੇ ਮੁੱਠੀਆਂ,
ਗੁਰਦਾਸ ਨੰਗਲ-ਫਟੌਣੀ ਲੋਹੀ ਮੈਂ,
ਜੀਹਨੇ ਮਾਰਿਆ ਸ਼ੇਰ ਅਲੀ ਜੁਆਨ ਓਹੀ ਮੈਂ।

॥ ਦੋਹਿਰਾ ॥

ਸੱਜਨ ਸੁਗਵੇ ਕੱਪੜੇ, ਬੈਠਾ ਭੀਮ ਸ਼ੁਕੀਨ।
ਚੰਦੀ ਦੇਵੇ ਥਾਪੀਆਂ, ਜਨਮੇਂ ਨੂੰ ਅਫ਼ਰੀਨ।

ਤਰਜ਼—22

ਚੰਦੀ ਥਾਪੀ ਗੌਂਭਰੂ ਦੇ ਫੇਰੇ, ਬੱਬਰ ਸ਼ੇਰ ਟਾਵੇਂ-ਟਾਵੇਂ ਐਂ,
ਇਨ੍ਹਾਂ ਜੰਗਲਾਂ 'ਚ ਗਿੱਦੜ ਬਥੇਰੇ, ਸੂਰਿਆਂ ਦੇ ਦਰਜ ਨਾਵੇਂ ਐਂ।
ਫੁੱਲ ਨਾਲੋਂ ਬੁਲਬੁਲ ਜੋ ਵਿਛੋੜੀ, ਪੱਲੇ ਪੈਗੇ ਸੀਗੇ ਝੁਰਨੇ,
ਦੋਹਾਂ ਚਿੱਟਿਆਂ ਖੁਮਰਿਆਂ ਦੀ ਜੋੜੀ, ਮਿਲਾਤੀ ਮੇਰੇ ਸਤਗੁਰ ਨੇ।

ਬੇੜੀ ਡੁੱਬਦੀ ਦਰਿਆ 'ਚੋਂ ਤਾਰੀ, ਪਠਾਣਾਂ ਤੋਂ ਬਚਾਲੀ ਜਿੰਦੜੀ,
ਉਹੋ ਸਾਵਾਂ ਜੁਆਨ ਉਪਕਾਰੀ, ਗਲ਼ ਨੂੰ ਡਡਿਆ ਕੇ ਚਿੰਬੜੀ।
ਮੈਂ ਪੱਲੇ ਪੈ ਗਿਆ ਸੇਠ ਕਰੋੜੀ, ਨਾਘੋੜੇ ਸੀ ਲਿਆਂਦੇ ਧੁਰ ਨੇ,
ਦੋਹਾਂ ਚਿੱਟਿਆਂ ਖੁਮਰਿਆਂ ਦੀ ਜੋੜੀ, ਮਿਲਾਤੀ ਮੇਰੇ ਸਤਗੁਰ ਨੇ।

ਦੂਜੀ ਵਾਰ ਦੀਦਾਰ ਕਰਾਤਾ, ਭੁੱਖੀ ਤੇਰੇ ਦਰਸ਼ਨ ਦੀ,
ਝੋਲੀ ਫੁੱਲ ਮੋਤੀਏ ਦਾ ਪਾਤਾ, ਬਾਤ ਕਰ ਪਰਸ਼ਨ ਦੀ।
ਵਿੱਚ ਨਿੱਬੂ ਦੇ ਅੰਗੂਰ ਨਚੋੜੀ, ਲੱਗ ਜਾਂਦੀ ਖੰਡ ਖੁਰਨੇ,
ਦੋਹਾਂ ਚਿੱਟਿਆਂ ਖੁਮਰਿਆਂ ਦੀ ਜੋੜੀ, ਮਿਲਾਤੀ ਮੇਰੇ ਸਤਗੁਰ ਨੇ।

ਸਿਰੇ ਦਿਲ ਦੀ ਦਲੀਲ ਲਗਾਤੀ, ਮਿਲ ਪਿਆ ਚਕੋਰ ਚੰਦ ਨੂੰ,
ਕੂੰਜ ਮਗਰ ਹੰਸ ਦੇ ਲਾਤੀ, ਲੁੱਟਾਂਗੇ ਬਹਾਰਾਂ ਨੰਦ ਨੂੰ।
ਦੁੱਧ ਵਿੱਚ ਮਿਸਰੀ ਦੀ ਰੋੜੀ, ਮਿੱਠੇ ਸੂਗਰ ਦੇ ਸੁਰ ਨੇ,
ਦੋਹਾਂ ਚਿੱਟਿਆਂ ਖੁਮਰਿਆਂ ਦੀ ਜੋੜੀ, ਮਿਲਾਤੀ ਮੇਰੇ ਸਤਗੁਰ ਨੇ।

ਰੱਜ-ਰੱਜ ਕੇ ਕਰ ਲਵਾਂ ਸੇਵਾ, ਪਤੀ ਪਰਮੇਸ਼ਰ ਦੀ,
ਮੈਨੂੰ ਮਿਲ ਗਿਆ ਸੁੱਚਾ ਜਿਹਾ ਥੇਵਾ, ਮੈਂ ਮਛਲੀ ਥਨੇਸਰ ਦੀ,
ਝੱਲੀ ਜਾਂਵਦੀ ਖੁਸ਼ੀ ਨਾ ਥੋੜੀ, ਰੱਖਣੇ ਕੀ ਡਰ-ਡੂਰ ਨੇ।
ਦੋਹਾਂ ਚਿੱਟਿਆਂ ਖੁਮਰਿਆਂ ਦੀ ਜੋੜੀ, ਮਿਲਾਤੀ ਮੇਰੇ ਸਤਗੁਰ ਨੇ।

ਰੱਬ ਕੈਲ ਗੱਭਰੂ ਨੂੰ ਦੇਤੀ, ਵਧੀਆ ਸੁਗਾਤ ਮਾਝੇ ਦੀ,
ਭੀਮ ਮੇਰਿਆਂ ਦਿਲਾਂ ਦਾ ਭੇਤੀ, ਬੇਟੀ ਮੈਂ ਵਜ਼ੀਰ ਰਾਜੇ ਦੀ।
ਵਿੱਚ ਪਿਆਰ ਦੇ ਵਹਿਣ ਦੇ ਰੋੜ੍ਹੀ, ਗਮਾਂ ਮਾਂ ਦੇ ਥੜੇ ਜੇ ਖੁਰ ਨੇ,
ਦੋਹਾਂ ਚਿੱਟਿਆਂ ਖੁਮਰਿਆਂ ਦੀ ਜੋੜੀ, ਮਿਲਾਤੀ ਮੇਰੇ ਸਤਗੁਰ ਨੇ।

ਕੱਲੇ ਜਣੇ ਨੇ ਪਠਾਣ ਭਜਾਤੇ, ਰੋਂਦੀ ਨੂੰ ਕਢਾ ਲਿਆ ਡੋਲਿਓਂ,
ਮਾਰੀ ਤੜ ਦਿਲੀਂ ਨਾਗ ਲੜਾਕੇ, ਮੁੜਿਆ ਸੀ ਤੇਜ਼ ਗੋਲੀਉਂ।
'ਬਾਬੂ ਲੈ ਗਿਆ ਭਜਾਕੇ ਘੋੜੀ, ਗੁਰੂ ਕੀਤੇ ਪੂਰੇ ਫਰਨੇ,
ਦੋਹਾਂ ਚਿੱਟਿਆਂ ਖੁਮਰਿਆਂ ਦੀ ਜੋੜੀ, ਮਿਲਾਤੀ ਮੇਰੇ ਸਤਗੁਰ ਨੇ।

॥ ਦੋਹਿਰਾ ॥

ਡੇਰੇ ਬੈਠਾ ਸੋਚਦਾ, ਮੱਟੂ ਬੜਾ ਪਲੀਤ।
ਪੈਂਚ ਭਜਾਦੂ ਭੀਮ ਨੂੰ, ਜੇ ਬਦਲਾਲੀ ਨੀਤ।

ਦੋ ਭਾਗ ਛੰਦ—23

ਫੇਰ ਮੱਟੂ ਕਹੇ ਚੌਧਰੀ ਚੰਡਾਲ ਨੂੰ,
ਕਿਤੇ ਖੇਡ ਜਾਵੇ ਨਾ ਗੁਲਾਬਾ ਚਾਲ ਨੂੰ।
ਖਾਣ ਦੇ ਤਰੀਕੇ ਸੋਚੇ ਭੁੱਖਾ ਲੋਭਦਾ,
ਧਰਮੀ ਜਹਾਜ਼ ਦੇ ਮਲਾਹ ਨੂੰ ਡੋਬਦਾ।

ਲੇਲੇ ਵਾਂਗੂੰ ਫਿਰੇ ਮਗਰ ਸਿਪਾਹੀਆਂ ਦੇ,
ਝੋਲੀ ਚੁੱਕ ਗਲ ਵਡਵਾਦੂ ਭਾਈਆਂ ਦੇ।
ਮੱਟੂ ਸੀ ਪਠਾਣ ਜੋ ਵਗਾਰੀ ਗਾਮ ਦੇ,
ਉਥੋਂ ਉੱਠ ਘਰ ਪੰਡਤਾਂ ਦੇ ਜਾਂਵਦੇ।

ਟੋਟਲ ਕਰੇ ਤੋਂ ਪੂਰੇ ਦਸ ਬਣਗੇ,
ਮੂਹਰੇ ਦਰਵਾਜ਼ੇ ਦੇ ਖੋਂਡਗੇ ਸਨਗੇ।
ਬਾਰ ਨੂੰ ਖੁਲ੍ਹਾ ਲਿਆ ਜਾਕੇ ਬੋਲ ਮਾਰਤੇ,
ਜੋਰਾਵਰ ਪੁਲਿਸ ਖੜੋਤੀ ਬਾਰ ਤੇ।

ਸਿਆਲ ਦਾ ਮਹੀਨਾ ਬੇਸ਼ੁਮਾਰ ਠਾਰੀ ਸੀ,
ਭੀਮ ਸਿਉਂ ਜਵਾਨ ਦੀ ਬੁੱਕਲ਼ ਮਾਰੀ ਸੀ।
ਦਸੇ ਪੈਗੇ ਹੱਲਾ ਕਰਕੇ ਸੀ ਸਿੰਘ ਨੂੰ,
ਚਿੰਬੜੇ ਵਗਾਰੀ ਦੋਵੇਂ ਸੱਜੀ ਜਿੰਘ ਨੂੰ

ਖੱਬੀ ਲੱਤ ਫੜ੍ਹੀ ਜ਼ੈਲਦਾਰ ਪੱਟੂ ਨੇ,
ਪਾਲੀ ਜੱਫ਼ੀ ਲੱਕ ਨੂੰ ਗੁਲਾਬੇ ਮੱਟੂ ਨੇ।
ਵਿੱਚੋਂ ਦੋ ਜਵਾਨ ਜੱਫੀ ਪਾਗੇ ਧੌਣ ਨੂੰ,
ਦੋ ਜਣਿਆਂ ਨੇ ਪੱਟੇਂ ਚੱਕ ਲਿਆ ਗਰੌਣ ਨੂੰ।

ਬਾਕੀ ਦੋਵੇਂ ਦੋਹਾਂ ਮੁਰਚਿਆਂ ਫੜ੍ਹਗੇ,
ਝੱਟਪੱਟ ਭੀਮ ਦੇ ਜੰਜ਼ੀਰਾਂ ਜੜਗੇ।
ਐਸਾ ਭੀਮ ਸਿੰਘ ਨੇ ਝੰਜੋੜਾ ਮਾਰਤਾ,
ਅੱਡੋ-ਅੱਡੀ ਦਸਾਂ ਜਣਿਆਂ ਨੂੰ ਖਲਾਰਤਾ।

ਫੇਰ ਦਸੇ-ਉੱਠ ਚਿੰਬੜੇ ਜੁਆਨ ਨੂੰ,
ਰੋਵੇ ਜਿਮੀਂ ਵਿਹਲ ਦੇਵੇ ਨਾ ਰਕਾਨ ਨੂੰ,
ਜੇ ਨਾ ਹੁੰਦੀ ਮਾਰੀ ਵੀ ਬੁੱਕਲ ਖੇਸ ਦੀ,
'ਰਜਬਲੀ' ਵੇਖਦਾ ਦਲੇਰੀ ਏਸ ਦੀ।

॥ ਦੋਹਿਰਾ ॥

ਬੀਬੀ ਧਾਹਾਂ ਮਾਰਦੀ, ਮੁੱਖ ਪਰ ਆਂਸੂ ਗਿਰੇ,
ਅੱਖੀਆਂ ਦੇ ਵਿੱਚ ਨੀਰ ਦੀ, ਨੈਂ ਜੀ ਵਗਦੀ ਫਿਰੇ।

ਦੋ ਭਾਗ ਛੰਦ—24

ਜਿਸ ਵੇਲੇ ਭੀਮ ਦੇ ਜੰਜ਼ੀਰਾਂ ਜੜ੍ਹੀਆਂ,
ਰੋਵੇ ਚੰਦੀ ਮਾਰਦੀ ਚੰਗਿਆੜ੍ਹਾਂ ਬੜੀਆਂ।

ਲੱਗੀ ਜਾਂ ਖਬਰ ਸੂਰਮੇ ਦੀ ਮਾਈ ਨੂੰ,
ਘਰੋਂ ਬਾਹਰ ਆਗੀ ਫੇਰਦੀ ਦੁਹਾਈ ਨੂੰ।

ਆਣਕੇ ਤੇ ਡਿੱਗੀ ਹਾਕਮਾਂ ਦੇ ਕਦਮੀਂ,
ਕਰੋ ਨਾ ਗਰੀਬ ਬਾਹਮਣਾਂ ਤੇ ਵਧਮੀਂ।
ਕਰ ਗਿਆ ਚਲਾਣੇ ਜੈ ਦਿਆਲ ਮਾਲਕ ਐ,
ਮੇਰੇ ਵੀ ਪ੍ਰਾਣ ਜਾਣੋ ਰਹਿਗੇ ਪਲ ਕੁ ਐ।

ਇੱਕ ਮੇਰਾ ਪੁੱਤ ਹੋਰ ਨਾ ਔਲਾਦ ਵੇ,
ਏਹਦੇ ਨਾਲ ਮੇਰਾ ਅੰਗਣ-ਅਬਾਦ ਵੇ।
ਹੁਣ ਇਹਦੇ ਉਤੇ ਮਾਂ ਦੁਖੀ ਦੀ ਡੋਰੀ ਐ,
ਤੋੜ ਦਿਉ ਨਾ ਬੁੱਢੇ ਵੇਲੇ ਦੀ ਡੰਗੋਰੀ ਐ।

ਕਦੇ ਧਾਹਾਂ ਮਾਰ ਪੁੱਤ ਲਾ ਲੇ ਸੀਨੇ ਨੂੰ,
ਖੋਹ ਨਾ ਲਿਓ ਮੇਰੇ ਸਬਜ਼ ਨਗੀਨੇ ਨੂੰ,
ਅੱਜ ਨਵਾਂ ਮਿਲਿਆ ਖੁਮਰਿਆਂ ਦਾ ਜੋੜਾ ਵੇ,
ਝੱਲਣਾਂ ਨੀ ਨੌਂਹ ਨੇ ਪਤੀ ਦਾ ਵਿਛੋੜਾ ਵੇ,

ਭੀਮ ਕਹਿੰਦਾ ਮਾਤਾ ਨੂੰ ਸਬਰ ਕਰ ਲੈ,
ਤੂੰ ਵੀ ਮਾਤਾ ਸੁੰਦਰੀ ਦੇ ਵਾਂਗੂੰ ਜਰਲੈ,
ਤੇਰਾ ਜਾਵੇਂ ਇੱਕ ਉਹਦੇ ਲੱਗੇ ਚਾਰ ਸੀ,
ਵਾਰਤਾ ਗੁਰੂ ਨੇ ਸਾਰਾ ਪ੍ਰੀਵਾਰ ਸੀ।

ਕਦੇ ਜਾ ਗੁਲਾਬੇ ਦੇ ਗਿਰਨ ਪੈਰਾਂ ਤੇ,
ਕਾਹਤੋਂ ਲੱਕ ਬੰਨ੍ਹੇ ਸਰਦਾਰੋ ਵੈਰਾਂ ਤੇ,
ਕਦੇ ਹੱਥ ਲਾਉਂਦੀਆਂ ਮੱਟੂ ਦੀ ਦਾਹੜੀ ਨੂੰ,
ਮਾੜਿਆਂ ਤੇ ਕਾਹਤੋਂ ਧਰ ਲਿਆ ਕੁਹਾੜੀ ਨੂੰ।

ਆਖਦੇ ਪਠਾਣ ਬਕਵਾਸ ਕਰ ਨਾ,
ਭੀਮ ਬਦਮਾਸ਼ ਨੇ ਕਮੌਂਤ ਮਰਨਾ।
ਰੋਂਜਬਲੀ' ਦੋਵੇਂ ਹਟ ਕੇ ਖਲੋਂਦੀਆਂ,
ਲੈਗੇ ਬੰਨ੍ਹ ਜ਼ਾਲਮ ਫਿਰਨ ਰੋਂਦੀਆਂ।

॥ ਦੋਹਿਰਾ ॥

ਤੋਰੇ ਸਿੰਘ ਲਹੌਰ ਤੋਂ, ਸੂਬੇ ਕੱਢ ਜਲੂਸ।
ਮੰਜਲ-ਮੰਜਲ ਤੇ ਠਹਿਰ ਕੇ ਪੈਹਰਾ ਦੇਣਾ ਗੜੂਸ।

ਦੋ ਭਾਗ ਛੰਦ—25

ਸਿੰਘ ਕਹਿੰਦੇ ਤੋਰਲੇ ਲਹੌਰੋਂ ਦਿੱਲੀ ਨੂੰ,
ਮੁਗਲ ਪਠਾਣ ਪਾਉਂਦੇ ਜਾਂਦੇ ਖਿੱਲੀ ਨੂੰ।
ਅੱਗੇ ਪਿੱਛੇ ਸਾਰੀ ਅਸਵਾਰ ਪਿਆਦੇ ਐ,
ਚੱਲੇ ਨਾਲ ਦੋਵੇਂ ਸੂਬੇ ਦੇ ਸ਼ਹਿਜ਼ਾਦੇ ਐ।

ਜੇਹਲਮੀ ਪਸ਼ੌਰੀਂ ਦੋ ਰਸਾਲੇ ਪੂਰੇ ਜੀ,
ਜਾਣ ਬੰਦੇ ਸ਼ੇਰ ਦੀ ਗੱਡੀ ਦੇ ਮੂਹਰੇ ਜੀ।
ਜਿੰਦਰਾ ਲਗਾਤਾ ਪਿੰਜਰੇ 'ਚ ਵਾੜ੍ਹਕੇ,
ਭੁੱਖਾ ਸ਼ੇਰ ਖਾਜੇ ਨਾ ਕਿਸੇ ਨੂੰ ਪਾੜ੍ਹ ਕੇ।

ਦੇਹੀ ਸਾਰੀ ਨਾਲ ਸੰਗਲਾਂ ਦੇ ਜਕੜੀ,
ਇੱਕ ਖੜ੍ਹਾ ਸੀਸ ਤੇ ਕਟਾਰ ਪਕੜੀ।
ਫਾਲੇ ਵਾਗੂੰ ਮੱਥਾ ਸੂਰਮੇ ਦਾ ਦੱਗਦਾ,
ਪਿੰਜਰੇ 'ਚੋਂ ਸੇਕ ਵੈਰੀਆਂ ਨੂੰ ਲੱਗਦਾ।

ਚੱਲਦੀ ਨਾ ਪੇਸ਼ ਪਿਆ ਵਕਤ ਮੱਚੜਾ,
ਪਿੱਛੇ ਜਾਵੇ ਲਾਡਲਾ 'ਅਜੇ' ਸਿਉਂ ਬੱਚੜਾ।
ਉਦੋਂ ਪਿੱਛੇ ਵੇਲ ਜਾਂਵਦੀ ਸੀ ਲੰਮੀ ਜੀ,
ਵਿੱਚ ਉਹਦੇ ਰਾਣੀ ਕਾਂਗੜੇ ਦੀ ਜੰਮੀ ਜੀ।

ਉਦ੍ਹੂੰ ਪਿੱਛੇ ਦੱਸਾਂ ਜੋ ਲਿਆਂਦੇ ਲਿਖਦੇ,
ਕੱਟੇ ਸੀਸ ਗੱਡੀ 'ਚ ਦੋ ਹਜ਼ਾਰ ਸਿੱਖ ਦੇ,
ਬੁਰੇ ਪਾਪੀ ਸੂਬੇ ਦੇ ਹੁਕਮ ਕਰੜੇ,
ਸੱਤ ਸੌ ਜਵਾਨ ਬੇੜੀਆਂ 'ਚ ਨਰੜੇ।

ਦੋਵੇਂ ਹੱਥ ਪਿੱਛੇ ਬੰਨ੍ਹਤੇ ਬੇਦਰਦਾਂ,
ਬੁੱਕ ਬੁੱਕ ਕੇਸਾਂ ਖੁੱਲਿਆਂ 'ਚ ਗਰਦਾ।
ਗਈਆਂ ਬਾਧਾਂ ਚੌਂਕ ਚਾਂਦਨੀ ਬਜ਼ਾਰ ਮੇਂ,
ਜਿਤਨੇ ਪੰਜਾਬ ਦੇ ਜੁਆਨ ਕਾਰਮੇਂ।

ਦੇਖਕੇ ਨਜ਼ਾਰੇ ਐਹੋ ਜੇ ਕਹਿਰ ਦੇ,
ਸਾਰੇ ਲੋਕ ਰੋਣ ਲੱਗਪੇ ਸੀ ਸ਼ਹਿਰ ਦੇ।
ਨਾਲ ਦੁੱਖੀ ਭੁੱਬਾਂ ਮਾਰਨ ਜਨਾਨੀਆਂ,
ਅੱਜ ਕਿੱਥੇ ਕਰਨਾ ਉਤਾਰਾ ਜਾਨੀਆਂ।

ਮਾਵਾਂ ਦੇ ਪੁੱਤਰ ਭਾਈ ਜਿੰਨੇ ਭੈਣਾਂ ਦੇ,
ਬੁਰੇ ਹਾਲ ਹੋਗੇ ਹੋਣਗੇ ਸੁਦੈਣਾਂ ਦੇ।
'ਰਜਬਲੀ' ਕੋਈ ਨਾ ਘਟੀ ਦਾ ਵੈਦ ਜੀ,
ਕੀਤੇ ਸਾਰੇ ਲਿਆਣਕੇ ਕਿਲ੍ਹੇ 'ਚ ਕੈਦ ਜੀ।

॥ ਦੋਹਿਰਾ ॥

ਹਿੰਮਤੀ ਮਾਤਾ ਭੀਮ ਦੀ, ਉਹ ਵੀ ਤੁਰਪੀ ਮਗਰ।
ਪੈ ਗਿਆ ਵਕਤ ਸਹਾਰਨਾ, ਨੌਂਹ ਕਰਲੌਂਦੀ ਲਗਰ।

ਮੁਕੰਦ ਛੰਦ—26

ਫੜ੍ਹ ਹਿੱਕ ਵੈਰੀ ਨੇ ਲਹੂ ਸੇ ਲਿੰਮਤੀ,
ਪਰ ਹੁੰਦੀ ਮਾਤਾ ਸੂਰਮੇ ਦੀ ਹਿੰਮਤੀ,
ਉੱਠਕੇ ਤੇ ਰਸਤੇ ਦਿੱਲੀ ਦੇ ਪੈਂਦੀਆਂ,
ਗਈਆਂ ਦਰਬਾਰ ਹਟਕੋਰੇ ਲੈਂਦੀਆਂ।

ਮੁਗਲ ਹੰਕਾਰੇ ਕਰੀ ਜਾਂਦੇ ਚੜ੍ਹਮੀਂ,
ਮਿਟਦੀ ਨਾ ਲਿਖੀ ਤਕਦੀਰ ਕੜਮੀ।
ਸੀਸ ਉੱਤੇ ਦੁੱਖੜੇ ਅਨੇਕਾਂ ਸੈਂਹਦੀਆਂ,
ਗਈਆਂ ਦਰਬਾਰ ਹਟਕੋਰੇ ਲੈਂਦੀਆਂ।

ਅੱਗ ਲਾਉਣੀ ਵਾਟ ਨੇ ਬਣਾਈਆਂ ਢਿੱਕੀਆਂ,
ਮੰਗ-ਮੰਗ ਖਾਣ ਨਗਰਾਂ 'ਚੋਂ ਟਿੱਕੀਆਂ।
ਚੱਤੋ ਪਹਿਰ ਰੋਂਦੀਆਂ ਸੁਦੈਣਾਂ ਰਹਿੰਦੀਆਂ,
ਗਈਆਂ ਦਰਬਾਰ ਹਟਕੋਰੇ ਲੈਂਦੀਆਂ।

ਸ਼ੇਰ ਜਿੰਨਾ ਪਾਪੀ ਸ਼ਹਿਨਸ਼ਾਹ ਦਾ ਡਰ ਸੀ,
ਹੌਲੀ-ਹੌਲੀ ਪਹੁੰਚੀਆਂ ਕਚੈਰੀ-ਘਰ ਸੀ।
ਉੱਚੀ-ਉੱਚੀ ਮਾਰਨ ਚੰਗਿਆੜਾਂ ਡਹਿੰਦੀਆਂ,
ਗਈਆਂ ਦਰਬਾਰ ਹਟਕੋਰੇ ਲੈਂਦੀਆਂ।

ਐਵੇਂ ਪਾਪੀ ਪੈਂਚ ਨੇ ਰਪੋਟ ਕਰਤੀ,
ਮੇਰਾ ਪੁੱਤ ਹੋਇਆ ਨਾ ਜਥੇ 'ਚ ਭਰਤੀ।
ਐਵੇਂ ਕੇਸ-ਕਿਸੇ ਨੇ ਰਖਾਤੇ ਕਹਿੰਦੀਆਂ,
ਗਈਆਂ ਦਰਬਾਰ ਹਟਕੌਰੇ ਲੈਂਦੀਆਂ।

ਜਿੰਨਾ ਲੋਕ ਕਹਿੰਦੇ ਐਨਾ ਨਾ ਫਸਾਦੀ ਐ,
ਨਾਲੇ ਇਹਦੀ ਹੋਈ ਵੀ ਨਵੀਂ ਜੀ ਸ਼ਾਦੀ ਐ।
ਦੋਵੇਂ ਹੱਥੀਂ ਲੱਗੀਆਂ ਬਹੂ ਦੇ ਮਹਿੰਦੀਆਂ,
ਗਈਆਂ ਦਰਬਾਰ ਹਟਕੌਰੇ ਲੈਂਦੀਆਂ।

ਠੰਡੇ ਜਲ ਪਾ ਦਉ ਅੰਦਰ ਮੱਚੇ ਤੇ,
ਰਹਿਮ ਕਰ ਦਿਓ ਗਰੀਬਣੀ ਦੇ ਬੱਚੇ ਤੇ,
'ਬਾਬੂ ਆਗੀ ਮੂਰਛਾ ਜਿਮੀਂ ਤੇ ਢਹਿੰਦੀਆਂ।
ਗਈਆਂ ਦਰਬਾਰ ਹਟਕੌਰੇ ਲੈਂਦੀਆਂ।

ਮੁਕੰਦ ਛੰਦ—27

ਪੰਡਤਾਣੀ ਆਖਦੀ ਹਜ਼ੂਰ ਵਾਲੀ ਜੀ,
ਖੈਰ ਪਾਦੇ ਖੜੇ ਬਾਰ ਤੇ ਸਵਾਲੀ ਜੀ।
ਬਾਦਸ਼ਾਹ ਕੀ ਭੁੱਖਿਆ ਦੀ ਖ਼ਬਰ ਧਾਪਿਆਂ ਨੂੰ,
ਬੁਰਾ ਹੁੰਦਾ ਬੱਚਿਆਂ ਦਾ ਦਰਦ ਮਾਪਿਆਂ ਨੂੰ।

ਜਦੋਂ ਬਨਵਾਸ ਨੂੰ ਲੱਖਣ ਰਾਮ ਗਏ,
ਦਸਰਥ ਦੀਆਂ ਹੋ ਅੱਖਾਂ ਤੋਂ ਲਾਮ੍ਹ ਗਏ।
ਜੱਗ ਜਾਣੇਂ ਮਹਿਲ ਤੋਂ ਅਠਾਹਾਂ ਜਾਪਿਆ ਨੂੰ,
ਬੁਰਾ ਹੁੰਦਾ ਬੱਚਿਆਂ ਦਾ ਦਰਦ ਮਾਪਿਆਂ ਨੂੰ।

ਰਾਜ ਖੋਹ ਸ਼ਰੀਕ ਪਏ ਕਰਨ ਜਲਸੇ,
ਬੱਚੜੇ ਵਿਛੋੜੇ ਪਟਰਾਣੀ ਨਲ ਸੇ,
ਢਿੱਡ ਵਿੱਚ ਉਠਣ ਡਡੂਲ ਰਾਪਿਆ ਨੂੰ,
ਬੁਰਾ ਹੁੰਦਾ ਬੱਚਿਆਂ ਦਾ ਦਰਦ ਮਾਪਿਆਂ ਨੂੰ।

ਖੂਹ 'ਚ ਪਾਤਾ ਭਾਈਆਂ ਯੂਸਫ਼ ਮਹਿਬੂਬ ਸੀ,
ਚਾਲੀ ਸਾਲ ਰੋਂਦਾ ਰਿਹਾ ਨਬੀ ਯਕੂਬ ਸੀ।

ਧਾਹਾਂ ਮਾਰ-ਮਾਰਕੇ ਟਪਾਇਆਂ ਟਾਪਿਆਂ ਨੂੰ,
ਬੁਰਾ ਹੁੰਦਾ ਬੱਚਿਆਂ ਦਾ ਦਰਦ ਮਾਪਿਆਂ ਨੂੰ।

ਜਿਸ ਵੇਲੇ ਮਰ ਗਿਆ 'ਰੁਹਤਾਸ' ਕੌਰ ਸੀ,
ਬਣਿਆਂ ਹਰੀ ਚੰਦ ਚੂੜ੍ਹਿਆਂ ਦਾ ਮੁਜੌਰ ਸੀ।
ਅੱਗ ਲਾਉਣ ਦੇਵੇ ਨਾ ਸਿਵਿਆਂ 'ਚ ਤਾਪਿਆਂ ਨੂੰ,
ਬੁਰਾ ਹੁੰਦਾ ਬੱਚਿਆਂ ਦਾ ਦਰਦ ਮਾਪਿਆਂ ਨੂੰ।

ਪਤਾ ਜਾਣ ਪਕੜੇ ਕਿਸੇ ਦੇ ਲੜਕੇ,
ਪੂਰਨ ਨੂੰ ਲੈ ਗਏ ਜਾਂ ਜਲਾਦ ਫੜਕੇ।
ਕਰੇ ਮਾਤਾ ਇੱਛਰਾਂ ਖੜੋਤੀ ਸਿਆਪਿਆਂ ਨੂੰ,
ਬੁਰਾ ਹੁੰਦਾ ਬੱਚਿਆਂ ਦਾ ਦਰਦ ਮਾਪਿਆਂ ਨੂੰ।

ਪੁੱਤਰ ਹਮਾਯੂੰ ਸਖ਼ਤ ਬਿਮਾਰ ਸੀ,
ਦਿੱਤਾ ਸੀਸ ਪੁੱਤ ਦੇ ਉਤੋਂ ਦੀ ਵਾਰ ਸੀ,
ਬਣੇ ਕੀ ਹਕੀਮ ਤੋਂ ਉਮੈਂਦਾਂ ਲਾਪਿਆਂ ਨੂੰ,
ਬੁਰਾ ਹੁੰਦਾ ਬੱਚਿਆਂ ਦਾ ਦਰਦ ਮਾਪਿਆਂ ਨੂੰ।

ਅਸੀਂ ਆਈਆਂ ਛਾਪੇ ਤਾਂ ਲਗਾਕੇ ਬੂਹੇ ਨੂੰ,
ਜਿੰਦਾਂ ਖੋਲਾਂ ਬਾਰ ਦਾ ਉਠਾਕੇ ਬੂਹੇ ਨੂੰ।
'ਰਜਬਲੀ' ਛੇਤੀ ਮੋੜਦੇ ਕਲਾਪਿਆਂ ਨੂੰ,
ਬੁਰਾ ਹੁੰਦਾ ਬੱਚਿਆਂ ਦਾ ਦਰਦ ਮਾਪਿਆਂ ਨੂੰ।

ਮੁਕੰਦ ਛੰਦ—28

ਭਰੇ ਵੇ ਦਰਦ ਦੇ ਬੁੜ੍ਹੀਦੇ ਵੈਣ ਜੀ,
ਪਾਣੀ-ਪਾਣੀ ਰੰਗੇ ਬਾਦਸ਼ਾਹ ਦੇ ਨੈਣ ਜੀ,
ਦਸਖ਼ਤ ਕਰਦੇ ਬੁੜ੍ਹੀ ਦੇ ਬਿੱਲ ਨੂੰ,
ਮੋਮ ਵਾਂਗੂੰ ਢਾਲਤਾ ਪੱਥਰ ਦਿਲ ਨੂੰ।

ਚੰਗਾ ਰਹੂ ਮਾਈ ਸਮਝਾਇਆ ਟਲ ਜੂ,
ਮਾਰਿਆਂ ਜਾਊ ਫੇਰ ਜੇ ਜੱਥੇ 'ਚ ਰਲਜੂ।
ਅੱਧੜਾਂ 'ਚ ਭਾਲਦੀ ਫਿਰੇਂਗੀ ਗਿੱਲ ਨੂੰ,
ਮੋਮ ਵਾਂਗੂੰ ਢਾਲਤਾ ਪੱਥਰ ਦਿਲ ਨੂੰ।

ਵੇਖੀ ਬਦਮਾਸ਼ੀ ਕਿਤੇ ਦੂਜੀ ਵਾਰੀ ਮੈਂ,
ਸਣੇ ਬੱਚੇ ਕਹਾਣੀ ਪੀੜ ਦੂੰ ਤਮ੍ਹਾਰੀ ਮੈਂ।
ਮਾਰ-ਮਾਰ ਛਮਕਾਂ ਉਡਾ ਦੂੰ ਛਿੱਲ ਨੂੰ,
ਮੋਮ ਵਾਂਗੂੰ ਢਾਲਤਾ ਪੱਥਰ ਦਿਲ ਨੂੰ।

ਹਿੰਦੂ ਤੇ ਮੁਸਲਮਾਨ ਜਾਂਦੇ ਵਰਤੀ,
ਇਨ੍ਹਾਂ ਵਿੱਚ ਮਨਾਂ ਦੇ ਦਵੈਤ ਭਰਤੀ।
ਪਾਣ ਚਾੜ੍ਹ ਰੀਠੜੇ ਬਣਾਤਾ ਖਿੱਲ ਨੂੰ,
ਮੋਮ ਵਾਂਗੂੰ ਢਾਲਤਾ ਪੱਥਰ ਦਿਲ ਨੂੰ।

ਮੰਨਦੇ ਹਮਾਰਾ ਆਡਰ ਸੁਗਾਤ ਨੂੰ,
ਸਿੱਖਾਂ ਮਸਤਾਤਾ ਨਿੱਕੀ-ਮੋਟੀ ਜਾਤ ਨੂੰ।
ਲਗੜਾਂ ਨੇ ਪਾੜ੍ਹਤ ਪੜ੍ਹਾਤੀ ਇੱਲ ਨੂੰ,
ਮੋਮ ਵਾਂਗੂੰ ਢਾਲਤਾ ਪੱਥਰ ਦਿਲ ਨੂੰ।

ਕੰਘਾ ਕੜਾ ਕਸਕੇ ਵਧਾਕੇ ਕੇਸਾਂ ਨੂੰ,
ਪਿੰਡ-ਪਿੰਡ ਪਾਈਂ ਫਿਰਦੇ ਕਲੇਸਾਂ ਨੂੰ।
ਕਿਰਪਾਨ ਦੱਸਦੇ ਕੁਟਾ ਕੇ ਕਿੱਲ ਨੂੰ,
ਮੋਮ ਵਾਂਗੂੰ ਢਾਲਤਾ ਪੱਥਰ ਦਿਲ ਨੂੰ।

ਚੰਗਾ ਲੈਜਾ ਪੁੱਤ ਨੂੰ ਛੁਡਾਕੇ ਬੁੱਝੀਏ,
ਤੇਰੀ ਸੁਣੀ ਰਾਮ ਨੇ ਮੁਟਿਆਰੇ ਕੁੜੀਏ।
'ਰਜਬਲੀ' ਸ਼ੇਰ ਨਾ ਲਗਾਵੇ ਢਿੱਲ ਨੂੰ,
ਮੋਮ ਵਾਂਗੂੰ ਢਾਲਤਾ ਪੱਥਰ ਦਿਲ ਨੂੰ।

॥ ਦੋਹਿਰਾ ॥

ਭਰੀ ਕਚਹਿਰੀ ਠਾਠ ਸੇ, ਭੀਮ ਬਲਾਇਆ ਫੇਰ।
ਉਹਨਾ ਸਿੱਖੀ ਛੋੜਦਾ, ਲੈਕ ਗੁਰ ਦਾ ਸ਼ੇਰ।

ਮਨੋਹਰ ਭਵਾਨੀ ਛੰਦ—29

ਪਹਿਲਾਂ ਕਰਕੇ ਤਸਲੀਮ, ਬੋਲੇ ਕਾੜ੍ਹ-ਕਾੜ੍ਹ ਭੀਮ,
ਚੜ੍ਹੇ ਰਾਮਾਂ ਤੇ ਗਨੀਮ, ਸਾਡੀ ਹੀਣੀ ਧਿਰ ਤੇ,
ਆਕੇ ਗੋਲੇ ਪਾਪ ਦੇ ਫਟਣ ਸਿਰ ਤੇ।

ਕੀਤੀ ਸੱਚੇ ਨੇ ਮੱਦਦ, ਮੌਤ ਮਾਰੀ ਜਾਂਦੀ ਸੱਦ,
ਜਗ੍ਹਾ ਮਿਲਣੀ ਨਾ ਵੱਧ, ਦੋ ਧੁਰਾਂ ਤੋਂ ਬਾਦਸ਼ਾਹ,
ਮੈਂ ਨਾ ਮੁਖ ਮੋੜਦਾ ਗੁਰਾਂ ਤੋਂ ਬਾਦਸ਼ਾਹ।

ਤੁਰੇ ਜਾਂਦੇ ਰਾਜੇ ਰਿਖੀ, ਦੇਹੀ ਤੋਂ ਪਿਆਰੀ ਸਿੱਖੀ,
ਜਿਹੜੀ ਤਕਲੀਫ਼ ਲਿਖੀ, ਵੀ ਕਦੇ ਨਾ ਮਿਟਣੀ,
ਜਿੰਦ ਏਹ ਪੰਜਾਬ ਉਤੋਂ ਵਾਰ ਸਿੱਟਣੀ।

ਰੱਖੇ ਸਾਧਾਂ ਨਾਲ ਖੋਰ, ਉੱਥੇ ਚੱਲਣਾ ਨਹੀਂ ਜ਼ੋਰ,
ਆਪੇ ਫੜ੍ਹੇ ਜਾਣੇ ਚੋਰ, ਲੈ ਖੁਰਾਂ ਤੋਂ ਬਾਦਸ਼ਾਹ,
ਮੈਂ ਨਾ ਮੁਖ ਮੋੜਦਾ ਗੁਰਾਂ ਤੋਂ ਬਾਦਸ਼ਾਹ।

ਸੁਣੋ ਕਰਕੇ ਧਿਆਨ, ਭੁੱਲੇ ਪਿਛਲੇ ਅਹਿਸਾਨ,
ਕਰੇ ਗੁਰੂਆਂ ਨੇ ਜੋ ਦਾਨ, ਬਖਸ਼ੀਸ਼ਾਂ ਦਿੱਤੀਆਂ,
ਸਾਡੀ ਪਰ੍ਹਾ ਡੰਡੀ 'ਚ ਖਿਲਾਰੇਂ ਖਿੱਤੀਆਂ।

ਸੱਤ ਪਾਤਸ਼ਾਹੀਆਂ ਲੈਗੇ, ਅਸੀਂ ਗਾਫ਼ਲੀ 'ਚ ਰਹਿਗੇ,
ਤੁਸੀਂ ਸਾਡੇ ਪਿੱਛੇ ਪੈਗੇ, ਹੋ ਧੁਰਾਂ ਤੋਂ ਬਾਦਸ਼ਾਹ।
ਮੈਂ ਨਾ ਮੁੱਖ ਮੋੜਦਾ ਗੁਰਾਂ ਤੋਂ ਬਾਦਸ਼ਾਹ।

ਭਾਵੇਂ ਮਾਰ ਪੀਸ-ਪੀਸ ਰਾਜੀ ਰਹੇ ਜਗਦੀਸ਼,
ਦੇਤਾ ਨੌਂਵੇ ਗੁਰੂ ਸੀਸ, ਨਾ ਧਰਮ ਹਾਰਤਾ,
ਦਸਵੇਂ ਨੇ ਸਾਰਾ ਪ੍ਰੀਵਾਰ ਵਾਰਤਾ।

ਸਿਰੋਂ ਪਰ੍ਹੇ ਮੋਤੀ ਲਾਲ, ਸਿਉਣੇ ਦੇ ਵਗਣ ਖਾਲ਼,
ਮੈਂ ਤਾਂ ਮੁੜਾਂ ਚੰਦੀ ਨਾਲ, ਨਾ ਉਰਾਂ ਤੋਂ ਬਾਦਸ਼ਾਹ,
ਮੈਂ ਨੀ ਮੁੱਖ ਮੋੜਦਾ ਗੁਰਾਂ ਤੋਂ ਬਾਦਸ਼ਾਹ।

ਸੀ ਸਿਆਣੀ ਕਾਹਤੋਂ ਆਉਂਦੀ, ਨਵੀਂ ਬਹੂ ਕਿਉਂ ਲਿਉਦੀ,
ਸਿੱਖੀ ਲੈਣ ਤੋਂ ਗਿਰੇਂਦੀ, ਮੇਰੀ ਮਾਤਾ ਕਮਲੀ,
ਪੁੱਤ ਦੇ ਵਿਜੋਗ 'ਚ ਅਜੇ ਨੀ ਸੰਮਲੀ।

ਦੇਹੀ ਨਾਮ ਵਿੱਚ ਰੰਗੀ, 'ਬਾਬ੍ਹ' ਮਿਲੇ ਮੌਤ ਮੰਗੀ,
ਵੱਖ ਸੁਰ ਲਗਦੀ ਨਾ ਚੰਗੀ, ਬੇਸੁਰਾਂ ਤੋਂ ਬਾਦਸ਼ਾਹ,
ਮੈਂ ਨਾ ਮੁਖ ਮੋੜਦਾ ਗੁਰਾਂ ਤੋਂ ਬਾਦਸ਼ਾਹ।

ਚੰਦੂ ਦਿੰਦਾ ਸੀ ਸਗਾਈ, ਗੱਲ ਨਾ ਪਸਿੰਦ ਆਈ,
ਉਹਨੇ ਕਰੀ ਬੁਰਿਆਈ, ਬਾਹਲੇ ਆਕੇ ਰੰਜ ਮੇਂ,
ਗੁਰੂ ਤੱਤੀ ਤੱਵੀ ਤੇ ਬਠਾਤੇ ਪੰਜਮੇਂ।

ਉਹਦੇ ਆਫ਼ਰੀ ਜ਼ਰਮ, ਜੀਹਨੇ ਛੱਡਿਆ ਨੀ ਧਰਮ,
ਸੇਕ ਮਾਰਦਾ ਗਰਮ, ਸੀ ਚੁਰਾਂ 'ਚੋਂ ਬਾਦਸ਼ਾਹ,
ਮੈਂ ਨੀ ਮੁੱਖ ਮੋੜਦਾ ਗੁਰਾਂ ਤੋਂ ਬਦਾਸ਼ਾਹ।

॥ ਦੋਹਿਰਾ ॥

ਉਦੋਂ ਜਾਊਂ ਜੇਲ 'ਚੋਂ, ਜਾਂ ਸਭ ਘਰ ਨੂੰ ਜਾਣ।
ਕੱਲਾ ਜਾਨ ਬਚਾ ਗਿਆ, ਗੀਦੀ ਕਹੂ ਜਹਾਨ।

ਮੁਕੰਦ ਛੰਦ—30

ਭੀਮ ਕਹਿੰਦਾ ਮੈਂ ਤਾਂ ਐਤਨਾ ਹਤਿਆਰਾ ਨਹੀਂ,
ਦੂਜਿਆਂ ਦੀ ਜਾਨ ਤੋਂ ਸਰੀਰ ਪਿਆਰਾ ਨਹੀਂ।
ਪਹਿਲਾਂ ਵੱਸ ਪਾ ਕੇ ਤਲਵਾਰਾਂ ਧਿਆਈਆਂ ਦੇ,
ਕਰਦੇ ਸ਼ਹੀਦ ਮੈਨੂੰ ਨਾਲ ਭਾਈਆਂ ਦੇ।

ਅੱਜ ਕੱਲ੍ਹ ਜਿਹੜਾ ਸੂਬਾ ਹੈ ਲਹੌਰ ਦਾ,
ਜ਼ੋਰ ਲਾਲੇ ਉਹਤੋਂ ਨੀ ਪੰਜਾਬ ਸੌਰਦਾ।
ਐਵੇਂ ਫੜ੍ਹ ਲਾਂਵਦਾ ਜੰਜ਼ੀਰਾਂ ਭਾਈਆਂ ਦੇ,
ਕਰਦੇ ਸ਼ਹੀਦ ਮੈਨੂੰ ਨਾਲ ਭਾਈਆਂ ਦੇ।

ਜਿੰਨੇ ਜੁਆਨ ਫੜ੍ਹੇ ਤਸਵੀਰਾਂ ਕੱਟੀਆਂ,
ਸੀਸ ਦੇ ਕੇ ਕਰਨ ਸਿਦਕ ਖੱਟੀਆਂ।
ਪਲ਼ੇ ਜਾਣੀਂ ਵੈਹੜਕੇ ਹਿਸਾਰੀ ਗਾਈਆਂ ਦੇ,
ਕਰਦੇ ਸ਼ਹੀਦ ਮੈਨੂੰ ਨਾਲ ਭਾਈਆਂ ਦੇ।

ਗਜ਼-ਗਜ਼ ਛਾਤੀਆਂ ਜੁਆਨ ਲੰਮੇ ਐਂ,
ਮੇਰੇ ਵਾਂਗੂੰ ਸਾਰੇ ਸ਼ੀਹਣੀਆਂ ਦੇ ਜੰਮੇ ਐਂ।
ਕਿਸੇ ਨੇ ਵੀ ਦੁੱਧ ਚੁੰਘੇ ਨਾ ਜੁਲਾਹੀਆਂ ਦੇ,
ਕਰਦੇ ਸ਼ਹੀਦ ਮੈਨੂੰ ਨਾਲ ਭਾਈਆਂ ਦੇ।

ਜਾਂ ਤਾਂ ਬੂਹਾ ਖੋਲ੍ਹਦੇ ਤਮਾਮ ਜੇਲ ਦਾ,
ਮੈਂ ਨੀ ਨਾਲ ਭਾਈਆਂ ਦੇ ਚਲਾਕੀ ਖੇਲਦਾ।
ਭਲੇ ਕੌਲੋਂ ਕੰਮ ਹੁੰਦੇ ਨੀ ਬੁਰਾਈਆਂ ਦੇ,
ਕਰਦੇ ਸ਼ਹੀਦ ਮੈਨੂੰ ਨਾਲ ਭਾਈਆਂ ਦੇ।

ਜਾਂ ਤਾਂ ਛੁੱਟੀ ਮਿਲਜੇ ਤਮਾਮ ਜੱਥੇ ਨੂੰ,
ਨਹੀਂ ਪਾਦੇ ਪਿੰਜਰੇ ਕੇਹਰ ਨੱਥੇ ਨੂੰ।
ਮੈਨੂੰ ਵੀ ਫੜਾਦੇ ਹੱਥ 'ਚ ਕਸਾਈਆਂ ਦੇ,
ਕਰਦੇ ਸ਼ਹੀਦ ਮੈਨੂੰ ਨਾਲ ਭਾਈਆਂ ਦੇ।

ਬੁੱਢੀਆਂ ਚਲਾਤੀ ਲੇਰ ਉੱਤੇ ਲੇਰ ਦੇ,
'ਬਾਬੂ' ਸਾਰੇ ਨਾਵੇਂ ਤੇ ਲਕੀਰ ਫੇਰ ਦੇ।
ਸਾਡੇ ਕੱਖ ਰੱਖਲੈ ਪੰਜਾਬੋਂ ਆਈਆਂ ਦੇ,
ਕਰਦੇ ਸ਼ਹੀਦ ਮੈਨੂੰ ਨਾਲ ਭਾਈਆਂ ਦੇ।

॥ ਦੋਹਿਰਾ ॥

ਹੈ ਦੁਸ਼ਮਣ ਨੂੰ ਮਾਰਦੀ ਕੁੱਲ ਦੁਨੀਆਂ ਦੀ ਕੌਮ,
ਹੁੰਦਾ ਮੋਮ ਅਖ਼ੀਰ ਨੂੰ ਮੋਮਨ ਵਿੱਚ ਦਿਲ ਮੋਮ।

ਮੁਕੰਦ ਛੰਦ—31

ਸੁਣ ਪੈ ਗਿਆ ਬਾਦਸ਼ਾਹ ਗੱਲਾਂ ਦੇ ਖਿਲਮੇਂ,
ਆਣਕੇ ਤੇ ਵਸਗੀ ਮੋਹਰ ਦਿਲ ਮੇਂ।
ਖੁਸ਼ ਹੋ ਗਿਆ ਸੁਣ ਬਚਨ ਕਰਾਰਿਆਂ ਨੂੰ,
ਚੰਗਾ ਸ਼ਾਵਾ ਮਰਦਾ ਛੁਡਾਲੈ ਸਾਰਿਆਂ ਨੂੰ।

ਹੋ ਗਿਆ ਦਿਆਲ ਕੱਢਕੇ ਤੇ ਜਹਿਰਾਂ ਨੂੰ,
ਹੱਥ ਲਾਵੇ ਬੁੱਢੀ ਬਾਮ੍ਹਣੀ ਦੇ ਪੈਰਾਂ ਨੂੰ।
ਜੀਹਨੇ ਦੁੱਧ ਪਿਆਇਆ ਐਹੋ ਜੇ ਦੁਲਾਰਿਆਂ ਨੂੰ,
ਚੰਗਾ ਸ਼ਾਵਾ ਮਰਦਾ ਛੁਡਾਲੈ ਸਾਰਿਆਂ ਨੂੰ।

ਕਰਦੀ ਵਿਚਾਰੀ ਖੜੀ ਵਿਰ-ਵਿਰ ਜੀ,
ਉੱਠਕੇ ਤੇ ਚੰਦੀ ਦਾ ਪਲੋਸੇ ਸਿਰ ਜੀ।
ਤੇਰੀ ਬੇੜੀ ਡੁੱਬੀ ਲੱਗਗੀ ਕਿਨਾਰਿਆਂ ਨੂੰ,
ਚੰਗਾ ਸ਼ਾਵਾ ਮਰਦਾ ਛੁਡਾਲੈ ਸਾਰਿਆਂ ਨੂੰ।

ਪੱਟੀ ਨਾ ਬੰਨ੍ਹਣ ਦੇਵੇ ਰਾਜਾ ਪਾਪੀ ਐ,
ਫੇਰ ਦੇਤੀ ਉੱਤੇ ਸੂਰਮੇ ਨੂੰ ਥਾਪੀ ਐ।
ਲੈ ਜਾ ਕੁੱਲ ਨਾਲ ਦੇ ਵਜਾ ਲੈ ਤਿਆਰਿਆ ਨੂੰ,
ਚੰਗਾ ਸ਼ਾਵਾ ਮਰਦਾ ਛੁਡਾਲੈ ਸਾਰਿਆਂ ਨੂੰ।

ਆਫ਼ਰੀ ਜਰਮ ਦੇ ਜੁਆਨ ਲੰਮਿਆਂ,
ਚਾਹੀਦਾ ਸੀ ਮੇਰੀ ਬੇਗਮ ਦੇ ਜੰਮਿਆਂ।
ਬੁੱਢੇ ਵੇਲੇ ਦਿੰਦਾ ਬਾਪ ਦੇ ਸਹਾਰਿਆਂ ਨੂੰ,
ਚੰਗਾ ਸ਼ਾਵਾ ਮਰਦਾ ਛੁਡਾਲੈ ਸਾਰਿਆਂ ਨੂੰ।

ਲਿਆਕੇ ਫੌਜਾਂ ਜੇਹਲ ਮੇਂ ਅੜਾਈਆਂ ਜੇਹੜੀਆਂ,
ਆਖਕੇ ਦਰੋਗੇ ਨੂੰ ਖੁਲ੍ਹਾਈਆਂ ਬੇੜੀਆਂ।
ਬੜੀ ਤਕਲੀਫ਼ ਮਿਲਗੀ ਵਿਚਾਰਿਆਂ ਨੂੰ,
ਚੰਗਾ ਸ਼ਾਵਾ ਮਰਦਾ ਛੁਡਾਲੈ ਸਾਰਿਆਂ ਨੂੰ।

ਦਫ਼ਤਰ ਦਾਖ਼ਲ ਮਿਸਲ ਕਰਤੀ,
'ਰਜਬਲੀ ਖ਼ਾਨ' ਨਿਸ਼ਕਾਰੇ ਧਰਤੀ।
ਬਰੀ ਕਰ ਦਿੱਤਾ ਗੁਰੂ ਦੇ ਪਿਆਰਿਆਂ ਨੂੰ,
ਚੰਗਾ ਸ਼ਾਵਾਂ ਮਰਦਾ ਛੁਡਾਲੈ ਸਾਰਿਆਂ ਨੂੰ।

ਗਿਆਰ੍ਹੀ ਵਾਲ਼ਾ ਪੀਰ

॥ ਦੋਹਿਰਾ ॥

ਅਬਦਲ ਕਾਦਰ ਪੀਰ ਸੀ, ਰੱਬ ਦਾ ਬੜਾ ਮਹਿਬੂਬ।
ਜੱਗ ਵਿੱਚ ਕਰਕੇ ਚਾਨਣਾ, ਹੋ ਗਿਆ ਚਾਂਦ ਗ਼ਰੂਬ।

ਮੁਕੰਦ ਛੰਦ—1

ਸੁਣੋਂ ਨੇਕ ਰੂਹਾਂ ਦੀ ਸੁਣਾਵਾਂ ਗੱਲ ਨੂੰ,
ਅੱਛਾ ਫਲ ਲੱਗਦਾ ਧਰਮ-ਵੱਲ ਨੂੰ।
ਬਹਿਜੋ ਵਾਰੀ ਵੀਰਨੋ ਹਮਾਰੀ ਔਂਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਪੜ੍ਹਕੇ ਤਰੂਗਾ ਵਿੱਦਿਆ ਦਾ ਦਰਿਆ,
ਸਤਮੇਂ ਮੈਂ ਹਿਫ਼ੱਜ਼ ਕੁਰਾਨ ਕਰਿਆ।
ਕਦਮ ਮੁਬਾਰਕ ਮਸੀਤ ਪੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਲੈਜੋ ਹਾਣੀ ਸੱਦਕੇ ਸਵੇਰੇ ਡੇਰੇ ਸੇ,
ਖੇਲ ਕਹਿੰਦਾ ਮਰਜੋ ਹੁਕਮ ਮੇਰੇ ਸੇ।
ਕੁਛ ਚਿਰ ਬਾਹਦ ਮਰਿਆਂ ਨੂੰ ਜਵੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਇੱਕ ਪਿੰਡ ਬੁੜ੍ਹੀ ਦਾ ਪੁੱਤਰ ਮਰਿਆ,
ਮਰਿਆ ਪੁੱਤ ਮੜ੍ਹੀਆਂ 'ਚ ਲਿਜਾ ਕੇ ਧਰਿਆ।
ਅੱਛਾ ਕਰਾਮਾਤ ਆਪਣੀ ਦਖੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਜਿਉਂਦੇ ਹੋਂਗੇ ਜਦੋਂ ਪੀਰ ਨੇ ਪੁਕਾਰਿਆ,
ਉਹ ਨਾ ਉੱਠਿਆ ਜਿਸ ਨੂੰ ਖ਼ੁਦਾ ਨੇ ਮਾਰਿਆ।

ਉਹ ਵੀ ਜੁਆਤਾ ਰੁੱਸੇ ਯਾਰ ਨੂੰ ਮਨੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਜਿਉਂਦਾ ਹੋ ਕੇ ਬੁੜ੍ਹੀ ਦਾ ਪੁੱਤਰ ਉੱਠਿਆ,
ਰਾਜ਼ੀ ਹੋ ਗਿਆ ਰੱਬ ਦਾ ਮਹਿਬੂਬ ਰੁੱਠਿਆ।
ਆਹਾ ਬਾਪ ਪਾਸ ਖ਼ਬਰ ਪਚੌਂਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਆਇਆ ਘਰ ਖੇਲ ਕੇ ਪੁੱਤਰ ਛੋਟੜਾ,
ਮਾਰਨ ਨੂੰ ਬਾਲ ਦੇ ਉਠਾਲਿਆ ਸੋਟੜਾ।
ਪੁੱਠਾ ਚੱਲੇ ਪੁੱਤ ਦੀ ਮਰੋੜ ਧੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਡਰ ਭੱਜ ਨੰਘਿਆ ਕਬਰਸਤਾਨ ਤੋਂ,
ਦੌੜ ਚੱਲੋ ਬਾਬਲ ਮਕਾਦੂ ਜਾਨ ਤੋਂ।
ਮੁਰੱਦਿਆਂ ਨੂੰ ਮਗਰੇ ਵਹੀਰਾਂ ਪੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਸੋਚੇ ਪਿਤਾ ਪੁੱਤਰ ਲਕੀਰ ਲੰਘ ਗਿਆ,
ਇਹਨੂੰ ਰੱਬ ਆਪਣੇ ਰੰਗਾਂ 'ਚ ਰੰਗ ਗਿਆ।
ਇਹਨੂੰ ਨਵੀਂ ਲਾਇਨ ਆਪਣੀ ਚਲੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਮਾਂ ਨੇ ਦਸ ਮੋਹਰਾਂ ਸਿਉਂਤੀਆਂ ਲੰਗੋਟ 'ਚੈ,
ਚੋਰਾਂ ਲੁੱਟਿਆਂ ਕਾਫ਼ਲਾ ਟਿੱਬਿਆਂ ਦੀ ਓਟ 'ਚੈ।
ਮਾਰ-ਕੁੱਟ ਲੁੱਟ ਜ਼ੁਲਮ ਕਮੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਪਤਾ ਨਾ ਸੀ ਪੀਰਾਂ ਦੇ ਮੁੰਡੇ ਦੀ ਮੋਹਰਾਂ ਦਾ,
ਹੋਣ ਲੱਗਾ ਕਾਫ਼ਲਾ ਰਵਾਨਾ ਚੋਰਾਂ ਦਾ।
ਬਿਨਾਂ ਪੁੱਛੇ ਮੋਹਰਾਂ ਕੱਢਕੇ ਫੜੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਪਲ ਵਿੱਚ ਬਦਲਿਆ ਪਰੇਮ ਵੈਰਾਂ ਤੋਂ,
ਉੱਠਦੇ ਨਾ ਚੌਰਟੇ ਮੁੰਡੇ ਦੇ ਪੈਰਾਂ ਤੋਂ।
ਮੋੜ ਮਾਲ ਵਲੀ ਚੋਰਾਂ ਨੂੰ ਬਨੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਪੱਤ੍ਰੇ ਬਗ਼ਦਾਦ ਰਹੇ ਬਗ਼ਦਾਦ ਤਾਂ,
ਕਰਾਮਾਤ ਕਰਨੀ ਰੱਖਣ ਯਾਦ ਤਾਂ।
ਰੌਜ਼ੇ ਤੇ ਗ਼ਲਾਫ਼ ਰੇਸ਼ਮੀ ਚੜ੍ਹੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

ਇੱਕ ਬੁੜ੍ਹੀ ਰੱਖਦੀ ਗਿਆਰ੍ਹੀ ਪੀਰ ਦੀ,
'ਰਜਬਲੀ' ਰਿੰਨ੍ਹ ਬਲਟੋਹੀ ਖੀਰ ਦੀ।
ਤੇ ਦਰੂਦ ਪਾਕ ਰੂਹਾਂ ਨੂੰ ਪਚੌਣ ਦਿਉ,
ਗੱਲ ਗਿਆਰ੍ਹੀ ਵਾਲ਼ੇ ਪੀਰ ਦੀ ਸਨੌਣ ਦਿਉ।

॥ ਦੋਹਿਰਾ ॥

ਗਿਆਰ੍ਹੀ ਬੜੇ ਪ੍ਰੇਮ ਸੇ, ਰਖਦੀ ਬੁੜ੍ਹੀ ਗ਼ਰੀਬ।
ਪੁੱਤ ਬਖ਼ਸ਼ਿਆ ਜਬ ਜਾਗਦੇ, ਸੋਏ ਪੜੇ ਨਸੀਬ।
ਜਰਮਿਆਂ ਸੁੰਦਰ ਬਾਲਕਾ, ਕਰਦੀ ਖ਼ੁਸ਼ੀ ਨਹੈਤ।
ਜਬ ਗੱਭਰੂ ਪੁੱਤ ਹੋਇਆ, ਕਰੀ ਪੀਰ ਦੀ ਬੈਅਤ।

ਮਕੰਦ ਛੰਦ—2

ਥੇਈ ਰੱਖ ਪੀਰ ਦੀ ਪੁੱਤਰ ਮਿਲ ਗਿਆ,
ਫੁੱਲ ਵਾਂਗੂੰ ਖਿੜ ਮਾਂ-ਬੁੜ੍ਹੀ ਦਾ ਦਿਲ ਗਿਆ।
ਲੈ ਲਿਆ ਜਨਮ ਪੁੱਤਰ ਸੁਨੱਖੇ ਮਾਂ,
ਗਿਆਰ੍ਹੀ ਵਾਲੇ ਪੀਰ ਦੀ ਗਿਆਰ੍ਹੀ ਰੱਖੇ ਮਾਂ।

ਦੂਰ ਬਗ਼ਦਾਦ ਤੋਂ ਦਰਿਆ ਤੇ ਝੁੱਗੀਆਂ,
ਰੁੱਬਲੇ ਖੰਜੂਰਾਂ ਦੇ ਖੰਜੂਰਾਂ ਉੱਗੀਆਂ।
ਸੀਤਲ ਸੁਭਾ ਦੀ ਨਾਂ ਗ਼ੁੱਸੇ ਸੇ ਭੱਖੇ ਮਾਂ,
ਗਿਆਰ੍ਹੀ ਵਾਲੇ ਪੀਰ ਦੀ ਗਿਆਰ੍ਹੀ ਰੱਖੇ ਮਾਂ।

ਮੱਝੀਆਂ ਲਵੇਰੀਆਂ ਮਿਅੌਂਦਾ ਸ਼ੀਰ ਨਾ,
ਅੱਜੇ ਵਿਆਹ ਕੇ ਪੁੱਤ ਨੇ ਲਿਆਂਦੀ ਹੀਰ ਨਾ।

ਰੱਖੇ ਖੰਡ ਚੌਲਾਂ ਦੇ ਭਰਾਕੇ ਅੱਖੇ ਮਾਂ,
ਗਿਆਰ੍ਹੀ ਵਾਲੇ ਪੀਰ ਦੀ ਗਿਆਰ੍ਹੀ ਰੱਖੇ ਮਾਂ।

ਬੁੱਡੜੀ ਪਰੇਮਣ ਗਿਲਾਨੀ ਪੀਰ ਦੀ,
ਗਿਆਰਮੀ ਨੂੰ ਰਿਨ੍ਹਦੀ ਪਰਾਂਤ ਖੀਰ ਦੀ।
ਖੁਆਕੇ ਮਸਕੀਨਾਂ ਨੂੰ ਅਖ਼ੀਰੀ ਚੱਖੇ ਮਾਂ,
ਗਿਆਰ੍ਹੀ ਵਾਲੇ ਪੀਰ ਦੀ ਗਿਆਰ੍ਹੀ ਰੱਖੇ ਮਾਂ।

ਖੀਰ ਖਾਕੇ ਰੱਜ-ਰੱਜ ਕੇ ਯਤੀਮ ਗਏ,
ਨਾਲ਼ੇ ਨੇੜੇ-ਤੇੜੇ ਦੇ ਗ਼ਰੀਬ ਜੀਮ ਗਏ।
ਲੱਗ ਜੇ ਗ਼ਰੀਬਾਂ ਨੂੰ ਝੱਲਣ ਪੱਖੇ ਮਾਂ,
ਗਿਆਰ੍ਹੀ ਵਾਲੇ ਪੀਰ ਦੀ ਗਿਆਰ੍ਹੀ ਰੱਖੇ ਮਾਂ।

ਸੁਆਲੀ ਖ਼ਾਲੀ ਜਾਣ ਨਾ ਰਜਾਵੇ ਸੱਭ ਨੂੰ,
ਰੋਜ਼ੇ ਰੱਖੇ ਮਿਲਣਾਂ ਸੁਖ਼ਾਲ਼ਾ ਰੱਬ ਨੂੰ।
ਪੂਜੇ ਸੱਚੇ ਗ਼ੌਸ ਨੂੰ ਦੁਆਈ ਲੱਖੇ ਮਾਂ,
ਗਿਆਰ੍ਹੀ ਵਾਲੇ ਪੀਰ ਦੀ ਗਿਆਰ੍ਹੀ ਰੱਖੇ ਮਾਂ।

ਮਿਹਰਬਾਨ ਪੀਰ ਘਰ 'ਚ ਬਰਕਤਾਂ,
ਭੁੱਲਜੂ ਗਿਆਰ੍ਹੀ ਪੈਜੂਗਾ ਫ਼ਰਕ ਤਾਂ।
'ਬਾਬੂ' ਬਹਿਕੇ ਪੜ੍ਹਦੀ ਕੁਰਾਨ ਵੱਖੇ ਮਾਂ,
ਗਿਆਰ੍ਹੀ ਵਾਲੇ ਪੀਰ ਦੀ ਗਿਆਰ੍ਹੀ ਰੱਖੇ ਮਾਂ।

॥ ਦੋਹਿਰਾ ॥

ਸ਼ਾਦੀ ਦਾ ਦਿਨ ਧਰ ਲਿਆ, ਬੜੀ ਵਿਆਹ ਦੀ ਹੂਲ,
ਰੁਲ਼ ਗਈ ਕਾਰ-ਵਿਆਹ ਮੇਂ, ਗਈ ਗਿਆਰ੍ਹੀ ਭੂਲ।

ਤਰਜ਼—3

(1)

ਵਿਆਹ ਦੀਆਂ ਖੁਸ਼ੀਆਂ ਦੇ ਵਿੱਚ ਰੁਲਦੀ, ਐਨੀ ਦੌਲਤ ਧਰ-ਧਰ ਭੁਲਦੀ।
ਇੱਕ ਨਾ ਚੀਜ਼ ਖ਼ਰੀਦੀ ਮੁੱਲ ਦੀ, ਕਣਕ ਜਵਾਰਾਂ ਬਾਜਰ ਜੀ।
ਚਿੜੀਆਂ ਦੇ ਦੁੱਧ ਬਾਝੋਂ ਹਰ ਸ਼ੈਂ, ਘਰ ਵਿੱਚ ਹਾਜ਼ਰ ਜੀ।
ਭਰਲੇ ਚੌਲ਼ਾਂ ਨਾਲ਼ ਭੜੋਲੇ, ਠਾਰਾਂ ਪੰਜ ਕਲਿਆਣੇ ਖੋਲੇ।
ਪੁੱਤ ਨੂੰ ਘਿਉ ਦੇ ਭਰੇ ਘੜੋਲੇ, ਅਲਕ ਵਛੇਰਾ ਪਾਲ਼ ਕੇ।
ਪਾਤਾ ਖੰਡ ਤੇ ਘਿਉ ਉਲਟਾਂਵਾਂ, ਚੌਲ਼ ਸੁਫੈਦ ਉਬਾਲ ਕੇ।

(2)

ਸੁਹਣੇ ਵਿਆਹ ਦੀਆਂ ਪੈਗੀਆਂ ਧੂਮਾਂ, ਘੜਕੇ ਲਿਔਣ ਸੁਨਿਆਰੇ ਟੂਮਾਂ,
ਆ ਕਰ ਲਹਿ ਪੀਆਂ ਕਿੱਧਰੋਂ ਕੂੰਮਾਂ, ਰਲੇ ਗੁਵਾਂਢੀ ਕੋਲ਼ ਦੇ।
ਨਾਨਕਿਆਂ ਦੇ ਮੇਲ 'ਚ ਔਣ ਬੰਬੀਹੇ ਬੋਲਦੇ।
ਕੂੰਜਾਂ ਵਾਂਗ ਕਤਾਰਾਂ ਜੁੜੀਆਂ, ਗੌਂਦੀਆਂ ਗੀਤ ਮੁਟਿਆਰਾਂ ਕੁੜੀਆਂ,
ਸਿਰ ਪਰ ਸੁੱਚੀਆਂ ਚੁੰਨੀਆਂ ਉੜ੍ਹੀਆਂ, ਕਰਨ ਕਲੋਲਾਂ ਬਾਲ ਕੇ।
ਪਾਤਾ ਖੰਡ ਤੇ ਘਿਉ ਉਲਟਾਂਵਾਂ, ਚੌਲ਼ ਸੁਫੈਦ ਉਬਾਲ ਕੇ।

(3)

ਆਗੇ ਲੱਖ ਹਜ਼ਾਰਾਂ ਮੇਲੀ, ਪਿੰਡ ਵਿੱਚ ਦਿੰਦੇ ਫਿਰਦੇ ਹੇਲੀ,
ਮਾਤਾ ਮੱਲਕੇ ਬਹਿਗੀ ਦੇਹਲੀ, ਕੋਲ਼ੇ ਘਿਉ ਦੇ ਕੁੱਪਿਆਂ ਦੇ।
ਤੋਲੀ ਜਾਂਦੇ ਰਾਸ਼ਨ, ਬੈਠੇ ਸੂਰਜ ਛੁੱਪਿਆਂ ਦੇ।
ਚਾੜ੍ਹਿਆ ਹਲਵਾਈਆਂ ਤੇ ਕੱਸ ਤਾਂ, ਮੱਲ, ਕਵੀਸ਼ਰ ਲੈਕੇ ਰਸਤਾਂ,
ਕਹਿੰਦੀ ਨਾਈ ਨੂੰ ਹੱਸ-ਹੱਸ ਤਾਂ, ਸੀਧਾ ਵਰਤ ਸੰਭਾਲ਼ ਕੇ।
ਪਾਤਾ ਖੰਡ ਤੇ ਘਿਉ ਉਲਟਾਂਵਾਂ, ਚੌਲ਼ ਸੁਫੈਦ ਉਬਾਲ ਕੇ।

(4)

ਫਿੱਸ ਗਿਆ ਮਹਿਰੀ ਜੁਗੀ ਦਾ ਟੋਟਣ, ਨੈਣਾਂ ਬੈਠ ਮਸਾਲਾ ਘੋਟਣ,
ਨੱਕ ਵਿੱਚ ਮੱਛਲੀ ਕੰਨ ਵਿੱਚ ਲੋਟਣ, ਰਹੀਆਂ ਝੂਮ ਪਰ੍ਹੌਣੀਆਂ।
ਸੱਥ ਵਿੱਚ ਖਾੜੇ ਲੱਗਗੇ ਜਿਉਂ ਅੰਗਰੇਜ਼ੀ ਛੌਣੀਆਂ।
ਸੁਹਣੀ ਵਰਦੀ ਵਾਜੇ ਵੱਜਦੇ, ਉੱਠੜੇ ਰਿੰਗਦੇ ਕੋਤਲ ਭੱਜਦੇ,
ਮੰਗਤੇ ਖਾ ਮਠਿਆਈਆਂ ਰੱਜਦੇ, ਕਰਨ ਉਡੀਕਾਂ ਸਾਲ ਕੇ।
ਪਾਤਾ ਖੰਡ ਤੇ ਘਿਉ ਉਲਟਾਂਵਾਂ, ਚੌਲ਼ ਸੁਫੈਦ ਉਬਾਲ ਕੇ।

(5)

ਖੁਸ਼ੀਆਂ ਮਾਂ ਭੈਣਾਂ ਤੇ ਡਾਟਰ, ਪੀਂਦੀਆਂ ਦੁੱਧ ਤੇ ਸੋਡਾ ਵਾਟਰ,
ਰੁੜ੍ਹਦੇ ਫਿਰਦੇ ਮਟਰ-ਟਮਾਟਰ, ਤੇ ਫੁੱਲ ਗੋਭੀ ਆਲੂ 'ਜ੍ਹੇ।
ਟੋਰਿਆਂ ਨੂੰ ਲਾ ਮਾਵੇ, ਰੰਗਣ ਲਲਾਰੀ ਸਾਲੂ 'ਜ੍ਹੇ।
ਵਲ਼-ਵਲ਼ ਲਿਆਂਦੇ ਰਾਹੀ ਪਾਂਧੀ, ਡਾਲੀ ਹਲਵਾਈਆਂ ਨੇ ਲਿਆਂਦੀ,
ਵੀਹ-ਵੀਹ ਗਜ਼ ਤੇ ਖ਼ੁਸ਼ਬੂ ਜਾਂਦੀ, ਬੀਚ ਕਿਔੜਾ ਡਾਲਕੇ।
ਪਾਤਾ ਖੰਡ ਤੇ ਘਿਉ ਉਲਟਾਂਵਾਂ, ਚੌਲ਼ ਸੁਫੈਦ ਉਬਾਲ ਕੇ।

(6)

ਰਾਸ਼ਣ ਦੇਈ ਜਾਂਦੇ ਘਰ ਦੇ, ਖੰਡ ਤੇ ਘਿਉ ਨਾਲ਼ ਦੇਗਾਂ ਭਰਦੇ,
ਰੁਲਦੇ ਪਏ ਕੜਾਹ ਤੇ ਜ਼ਰਦੇ, ਦਾਖਾਂ ਖੋਪਾ ਵਾਫਰ ਜੀ।
ਰੱਜ ਰੱਜ ਖਾ-ਖਾ ਸੀਸਾਂ, ਦਿੰਦੇ ਜਾਣ ਮੁਸਾਫ਼ਰ ਜੀ।
ਕੋਠੇ ਉੱਪਰ ਬਹਾਤਾ ਟਾਂਗੂ, ਝੋਲੀ ਭਰ ਦਿਉ ਜਿਹੜਾ ਮਾਂਗੂ,
'ਬਾਬੂ ਰਜਬਲੀ' ਦੇ ਪਿਉ ਵਾਂਗੂੰ ਸੰਤ ਰਜਾਤੇ ਭਾਲ ਕੇ।
ਪਾਤਾ ਖੰਡ ਤੇ ਘਿਉ ਉਲਟਾਂਵਾਂ, ਚੌਲ਼ ਸੁਫੈਦ ਉਬਾਲ ਕੇ।

॥ ਦੋਹਿਰਾ ॥

ਦੇਗ਼ ਕੜਾਹੇ ਖੜਕਦੇ, ਸਖੀ ਬੁੜ੍ਹੀ ਦੇ ਬਾਰ।
ਨਾਚ ਕਰਦੀਆਂ ਘੋੜੀਆਂ, ਦੇਖ ਰਹੇ ਸਰਦਾਰ।

ਤਰਜ਼ ਬਹੱਤਰ ਕਲਾ—4

(1)

ਹੋਣ ਖੇਲ ਤਮਾਸ਼ੇ ਜੀ, ਚੜ੍ਹੇ ਵੇ ਚਾਅ 'ਜੇ, ਭਾਗਵਾਨ ਰਾਜੇ,
ਰਾਣੀਆਂ ਬੁੜ੍ਹੀਆਂ, ਗੌਂਦੀਆਂ ਕੁੜੀਆਂ, ਬੜੇ ਰੰਗ ਬੱਝਗੇ।
ਬੜਾ ਬੈਂਡ ਸਦਾ ਲਿਆ ਸੀ, ਘਰਾਂ ਦੇ ਕੋਲ਼, ਖੜਕਦੇ ਢੋਲ ਕਾਰਨਟ ਵਜਗੇ
ਦਿਨ ਢਾਲੇ ਪੈ ਗਿਆ ਸੀ, ਖੁਸ਼ੀ ਹੱਦ ਹੋਈ, ਕਰਨ ਨ੍ਹਾਈ-ਧੋਈ,
ਡਹਾਲੀ ਚੌਂਕੀ ਨ੍ਹਾਵਦਾ ਸ਼ੌਂਕੀ, ਲਾਡਲਾ ਛੋਹਰਾ।
ਨੈਣਾਂ ਵਟਣਾਂ ਮਲਦੀਆਂ ਜੀ, ਅੱਤਰ ਨਾਲ਼ ਮੇਲ, ਭਰਿਆ ਪਾ ਤੇਲ, ਫਲੇਲ ਕਟੋਰਾ।

(2)

ਲਿਆਇਆ ਮਸ਼ਕ ਮਾਸ਼ਕੀ ਜੀ, ਪਿੰਡੇ ਪਰ ਡੋਲ੍ਹੇ, ਮਖ਼ਮਲੋਂ ਪੋਲੇ,
ਮੱਥੇ ਮੁੱਖ ਬੁੱਲ੍ਹ ਨੂੰ, ਗੁਲਾਬੀ ਫੁੱਲ ਨੂੰ, ਮਲਣ ਭਰਝਾਈਆਂ।
ਜਿਵੇਂ ਘੱਟਾ ਸੌਣ ਦੀ ਜੀ, ਪਾਲੀਆਂ ਟੂੰਮਾਂ, ਚੜ੍ਹਗੀਆਂ ਕੂੰਮਾਂ ਚਫੇਰਿਉਂ ਆਈਆਂ।
ਅੱਖਾਂ ਹਰਨ ਵਰਗੀਆਂ ਜੀ, ਕਾਲੜੇ ਵਾਲ਼, ਚਿੱਟੀ ਦੰਦਰਾਲ਼,
ਬਾਂਹਾਂ ਦਾ ਚਰਮ, ਮਖ਼ਮਲੋਂ ਨਰਮ, ਗੋੜ੍ਹਿਉਂ ਗੋਰਾ।
ਨੈਣਾਂ ਵਟਣਾਂ ਮਲਦੀਆਂ ਜੀ, ਅੱਤਰ ਨਾਲ਼ ਮੇਲ, ਭਰਿਆ ਪਾ ਤੇਲ, ਫਲੇਲ ਕਟੋਰਾ।

(3)

ਸੁਹਣਾਂ ਯੂਸਫ਼ ਵਰਗਾ ਜੀ, ਧੌਣ ਜਿਉਂ ਭੱਮਕੇ, ਗਗਨ ਲਾਲ ਦਮ੍ਹਕੇ,
ਰਾਂਣ ਖੰਡ ਬੋਰੇ, ਚੰਨਣ ਦੇ ਪੋਰੇ, ਪਿੰਜਣੀਆਂ ਸਿੱਧੀਆਂ।
ਸੀਸ ਵਾਂਗ ਲਲੇਰੇ ਦੇ, ਸੁਹਲ ਹੱਥ ਤਾਸ਼ਾਂ, ਭੀੜੀਆਂ ਨਾਸਾਂ, ਅਤਰ ਵਿੱਚ ਮਿੱਧੀਆਂ।
ਠੋਡੀ ਸੇਬ ਕੰਧਾਰੀ ਜੀ, ਸਰੂ ਕੱਦ ਗੱਭਰੂ, ਕਮਾਣਾ ਅੱਬਰੂ।

ਉਭੱਰਮਾਂ ਸੀਨਾ, ਬੋਲ ਜਿਉਂ ਬੀਨਾਂ, ਹੰਸ ਜਿਹਾ ਤੋਰਾ।
ਨੈਣਾਂ ਵਟਣਾਂ ਮਲਦੀਆਂ ਜੀ, ਅੱਤਰ ਨਾਲ਼ ਮੇਲ, ਭਰਿਆ ਪਾ ਤੇਲ, ਫਲੇਲ ਕਟੋਰਾ।

(4)

ਕਰ ਪਿਆਰ ਭਣੇਵੇਂ ਨੂੰ, ਮਾਮਾਂ ਦੇ ਘੋੜੀ, ਸੁਨਹਿਰੀ ਜੋੜੀ,
ਲੁੰਗੀ ਸੁੱਚੀ ਕੰਨੀਆਂ, ਚੱਪਣੀਆਂ ਭੰਨੀਆਂ, ਖਾਰਿਉਂ ਲੌਂਹੁਦਾ।
ਘੋੜੀ ਖੜ੍ਹੀ ਸ਼ਿੰਗਾਰੀ ਜੀ, ਛੱਤੀ ਫੜੇ ਵਾਗ, ਮੰਗੇ ਖੜ੍ਹੀ ਲਾਗ, ਝੂਲਦਾ ਔਂਦਾ।
ਮਾਤਾ ਚੁੰਮਦੀ ਲਾਡਲੇ ਨੂੰ, ਦੇਖ ਨਾ ਰੱਜਦੀ, ਸੁੱਚੀ ਪੱਗ ਸੱਜਦੀ,
ਲੈਚੀਆਂ ਪੱਲੇ, ਉਂਗਲ ਵਿੱਚ ਛੱਲੇ, ਕਜਲ ਦਾ ਡੋਰਾ।
ਨੈਣਾਂ ਵਟਣਾਂ ਮਲਦੀਆਂ ਜੀ, ਅੱਤਰ ਨਾਲ਼ ਮੇਲ, ਭਰਿਆ ਪਾ ਤੇਲ, ਫਲੇਲ ਕਟੋਰਾ।

॥ ਦੋਹਿਰਾ ॥

ਤਾਏ ਚਾਚੇ ਨਾਨਕੇ, ਰਲ਼ਗੇ ਨਾਲ਼ ਭਰਾਤ।
ਢੋਲ ਵਜਾਕੇ ਸ਼ਾਮ ਨੂੰ, ਚੜ੍ਹਗੀ ਘਰੋਂ ਬਰਾਤ।

ਮਕੰਦ ਛੰਦ—5

ਸੁਭਾ ਨੂੰ ਮਹਿਮਾਨਾਂ ਨੂੰ ਖੁਆਕੇ ਜ਼ਿਆਫ਼ਤਾ,
ਨੱਚੀ ਜਾਂਦੇ ਥਾਂਨਾਂ ਤੇ ਤੁਰੰਗ ਆਫ਼ਤਾਂ।
ਢੋਲ ਕੁੱਟ ਸੁਭਾ ਦਾ ਮਰਾਸੀ ਧੰਨ ਦਾ,
ਦਿਨ ਢਲ਼ੇ ਨਿਕਲਿਆ ਜਲੂਸ ਜੰਨ ਦਾ।

ਗੀਤ ਗੌਣ, ਛੋਹਰੀਆਂ ਲੱਗੀ ਵੀ ਰੱਗਣਾਂ,
ਹੱਥ ਵਿੱਚ ਭੈਣ ਤੋਂ ਬਨ੍ਹਾਲਿਆ ਕੰਗਣਾ।
ਸਿਹਰੇ ਸੋਂਹਦੇ ਜੈਸੇ ਪ੍ਰਵਾਰ ਚੰਨ ਦਾ,
ਦਿਨ ਢਲ਼ੇ ਨਿਕਲਿਆ ਜਲੂਸ ਜੰਨ ਦਾ।

ਸੁਹਣੀਆਂ 'ਖਰਲ' ਦੀ ਬੱਕੀ ਤੋਂ ਬੱਕੀਆਂ,
ਹਰਨਾ ਦੇ ਵਾਂਗਰਾਂ ਛਲਾਂਗਾਂ ਚੱਕੀਆਂ।
ਚਾਰ ਕੋਹ ਤੋਂ ਦਿਸਦਾ ਕਿਨਾਰਾ ਬੰਨ੍ਹ ਦਾ,
ਦਿਨ ਢਲ਼ੇ ਨਿਕਲਿਆ ਜਲੂਸ ਜੰਨ ਦਾ।

ਬੇੜੀ ਵਿੱਚ ਚੜ੍ਹਗੇ ਜਨੇਤੀ ਬਗਲੇ,
ਹੌਲੀ ਜਿਹੀ ਉੱਤਰਗੇ ਕਿਨਾਰੇ ਅਗਲੇ।

ਰਾਜ਼ੀ ਹੋਗੇ ਖੇਡਕੇ ਸ਼ਿਕਾਰ ਢੰਨ ਦਾ,
ਦਿਨ ਢਲ਼ੇ ਨਿਕਲਿਆ ਜਲੂਸ ਜੰਨ ਦਾ।

ਤੇਜ਼ ਚਾਲ ਰਾਕਨਾਂ ਅਡੌਣ ਗਰਦੇ,
ਨੇੜੇ ਜਾਕੇ ਪਿੰਡ ਦੇ ਹੁੱਕਿਆਂ ਨੂੰ ਭਰਦੇ।
ਘੰਟੇ 'ਚ ਪੈਂਡਾ ਗਏ ਨਬੇੜ ਸੰਨ੍ਹ ਦਾ,
ਦਿਨ ਢਲ਼ੇ ਨਿਕਲਿਆ ਜਲੂਸ ਜੰਨ ਦਾ।

'ਬਾਬੂ' ਪੈਂਦੇ ਚਾਂਭਲੇ ਨਿਆਣੇ ਲੁੱਡੀਆਂ,
ਚਲਦੇ ਅਨਾਰ ਤੇ ਹਵਾਈਆਂ ਉੱਡੀਆਂ।
ਗੋਲ਼ਿਆਂ ਨੇ ਪੜਦਾ ਹਿਲਾ 'ਤਾ ਕੰਨ ਦਾ,
ਦਿਨ ਢਲ਼ੇ ਨਿਕਲਿਆ ਜਲੂਸ ਜੰਨ ਦਾ।

॥ ਦੋਹਿਰਾ ॥

ਨੌਂ ਕੋਹ ਪੈਂਡਾ ਹੋਵਣਾ, ਢੁੱਕਣ ਗਏ ਜਿੱਸ ਨਗਰ।
ਆਦੀ ਘਰ ਸਰਦਾਰੀਆਂ, ਪਵੇ ਕੁੜਮ ਦੇ ਗੱਗਰ।

ਝੋਕ ਚਾਲ ਛੰਦ—6

ਹੁੰਦੀ ਰਹੀ ਗਹਿਮਾ-ਗਹਿਮੀ, ਦੋ ਦਿਨ ਵਿੱਚ ਪਿੰਡ ਦੇ ਜੀ।
ਫਿਰਦੇ ਜਿਉਂ ਟਿਕਟਾਂ ਵਾਲੇ, ਟੇਸ਼ਨ ਰਾਏ-ਵਿੰਡ ਦੇ ਜੀ।
ਸ਼ਾਮ ਨੂੰ ਖਾੜਾ ਸੁਣਕੇ, ਲੋਕ ਕੁੱਲ ਖਿੰਡ ਦੇ ਜੀ।
ਮੋਹਨ ਸਿੰਘ ਪੂਰਨ ਵਰਗੇ, ਰਚਤੇ ਛੰਦ ਗੁਣੀਆਂ ਜੀ।
'ਰਤਨ' ਦੇ ਮੇਲੇ ਵਾਂਗੂੰ, ਮਿਅੌਂਦੀ ਨਾ ਦੁਨੀਆਂ ਜੀ।
ਹਿੱਲਦੇ ਪਏ ਰੰਗ-ਬਰੰਗੇ, ਮੁੰਡਿਆਂ ਦੇ ਟੌਰੇ ਜੀ।
ਅਫ਼ਸਰ ਜਿਉਂ ਪਾਕਿਸਤਾਨੀ, ਕਰਨ ਚੜ੍ਹੇ ਦੌਰੇ ਜੀ।
ਬੰਨ੍ਹਦੇ ਢਾ ਭਿੰਨ ਭਿੰਨ ਵਾਗੀ, ਪਗੜਿਆਂ ਨੂੰ ਚੌਰੇ ਜੀ।
ਕੁੜਮਣੀ ਦਾਹੜੀ ਰੰਗਤੀ, ਕੁੜਮ ਸਰਦਾਰ ਦੀ।
ਹੋਣੀ ਦਰਿਆ ਤੇ ਖੜ੍ਹਕੇ, ਜੰਨ ਨੂੰ ਸੱਦ ਮਾਰਦੀ।
ਹੇਠਾਂ ਵਛਾਈਆਂ ਦਰੀਆਂ, ਚਾਨਣੀਆਂ ਤਾਣਕੇ।
ਬੈਠਗੇ ਤਾੜ ਮੁਛਹਿਰੇ, ਜਾਨੀ ਸੱਭ ਆਣਕੇ।
ਛੱਤੀ ਪ੍ਰਕਾਰ ਖਾਣੇ, ਰਖਤੇ ਸੀ ਲਿਆਣਕੇ।
ਦੂਰ ਤੱਕ ਲਪਟ ਮਾਰਦੀ, ਖੱਟਿਆਂ ਜਿਆਂ ਜ਼ਰਦਿਆਂ ਦੀ।
ਪਿਰਚਾਂ ਵਿੱਚ ਰੱਖਤੇ ਮੇਵੇ, ਲਾਹਕੇ ਛਿੱਲ ਸਰਦਿਆਂ ਦੀ।
ਨਾਨਕਿਆਂ ਦਾਜ ਵਛਾਤੇ, ਲਿਆਣਕੇ ਖੱਟ ਤੇ ਜੀ।

ਕੁੜਮਾਂ ਲੀੜੇ 'ਚਿਅਰਮੈਨ ਦੇ, ਮੋਢਿਆਂ ਤੇ ਸੱਟ੍ਹ ਤੇ ਜੀ।
ਸਾਲੀ ਨੇ ਸ਼ੀਸ਼ਾ ਰੱਖਤਾ, ਵਿਆਂਹਦੜ ਦੇ ਪੱਟ ਤੇ ਜੀ।
ਹੱਸ-ਹੱਸ ਕੇ ਲਾਗ ਮੰਗਦੀ, ਗਿਣਦੀ ਨਾ ਹਾਰ ਦੀ।
ਹੋਣੀ ਦਰਿਆ ਤੇ ਖੜ੍ਹਕੇ, ਜੰਨ ਨੂੰ ਸੱਦ ਮਾਰਦੀ।

ਕੇਕ ਤੇ ਡਬਲ-ਰੋਟੀਆਂ, ਬਿਸਕੁੱਟ ਤੇ ਟੋਸ਼ਨੀ।
ਰਾਤੀਂ ਸ਼ਬਰਾਤ ਵਾਂਗੂੰ, ਕਰਦੀ ਪਈ ਰੋਸ਼ਨੀ।
ਕਾਕੀਆਂ ਪੌਣ ਪੁਸ਼ਾਕਾਂ, ਹਰੀਆਂ ਲਾਲ ਸੋਸਨੀ।
ਮੇਲਣਾਂ ਗੀਤ ਗੌਂਦੀਆਂ, ਹੇਕਾਂ ਕੱਢ ਮਿੱਠੀਆਂ ਜੀ।
ਸੱਦੀਆਂ ਸਤਿਕਾਰ ਨਾਲ ਜੋ ਪਾਕੇ ਤੇ ਚਿੱਠੀਆਂ ਜੀ।
ਜਾਨੀ ਸ਼ੁਕੀਨੀ ਲਾਕੇ, ਨਗਰੀ ਵਿੱਚ ਘੁੰਮੇਂ ਜੀ।
ਹੋਗੇ ਸੀ ਵਧੀਆ ਸਾਹੇ, ਸਾਰੇ ਗੱਲ ਧੁੱਮੇ ਜੀ।
ਜੁਆਈ ਨੂੰ ਹਿੱਕ ਨਾਲ਼ ਲਾਕੇ, ਸੱਸ ਨੇ ਸਿਰ ਚੁੰਮੇ ਜੀ।
ਫੁੱਲਕੇ ਤੇ ਚੌਣੀ ਹੋਗੀ, ਕਰਦੀ ਗੱਲ ਪਿਆਰ ਦੀ।
ਹੋਣੀ ਦਰਿਆ ਤੇ ਖੜ੍ਹਕੇ, ਜੰਨ ਨੂੰ ਸੱਦ ਮਾਰਦੀ।

ਬਾਲਕ ਨੇ ਛਿੱਕ ਜ੍ਹੀ ਮਾਰੀ, ਹੁੰਦੇ ਮੰਦ ਸੌਣੇਂ ਜੀ।
ਕੂਕਰ ਨੇ ਕੰਨ ਜ੍ਹੇ ਫਿੜਕੇ, ਖੜ੍ਹਕੇ ਤੇ ਲੌਣੇ ਜੀ।
ਖੇਤਾਂ ਵਿੱਚ ਗਿੱਦੜ ਬੋਲਦੇ, ਰੌਲਾ ਜਿਹਾ ਪੌਣੇ ਜੀ।
ਬਾਹਮਣ ਖੜਪੈਂਚ ਬਾਣੀਆਂ, ਕਿਸ਼ਤੀ 'ਚੋਂ ਲੱਥੇ ਜੀ।
ਰਾਹ ਵਿੱਚ ਨਾ ਖ਼ੈਰ ਗੁਜ਼ਰਨੀ, ਠੰਣਕਦੇ ਮੱਥੇ ਜੀ।
ਫੁੱਲਰਾਂ ਵਿਆਹ ਵਾਂਗ ਮੋੜੀ, ਲੱਧੀ ਦੇ ਦੁੱਲੇ ਐ।
ਅਗਿਉਂ ਮਕਾਣ ਟੱਕਰੀ, ਕੁੱਲ ਦੇ ਸਿਰ ਖੁੱਲ੍ਹੇ ਐ।
ਆਗੀ ਸੀ ਸਖ਼ਤ ਹੰਧੇਰੀ, ਛੁਕਦੇ ਬੁੱਲੇ ਐ।
ਹੋਗੀ ਕਰੋਪੀ ਮੇਰੀ, ਸੱਚੀ ਸਰਕਾਰ ਦੀ।
ਹੋਣੀ ਦਰਿਆ ਤੇ ਖੜ੍ਹਕੇ, ਜੰਨ ਨੂੰ ਸੱਦ ਮਾਰਦੀ।

ਚਾਣਚੱਕ ਭੱਜ ਗਿਆ ਡਾਹਣਾਂ, ਭਾਗੀ ਨਿੰਮ ਡੋਲਦੀ।
ਉੱਲੂ ਦੇ ਦਰਸ਼ਨ ਦੇ ਲਿਆ, ਕੌਚਰੀ ਬੋਲਦੀ।
ਮਿਰਗਣੀ ਬੁਕਲ ਮਾਰਕੇ, ਭੱਜਗੀ ਸੀ ਕੋਲ਼ ਦੀ।
ਰੂੜੀ ਤੇ ਖੌਰੂ ਪੌਂਦੇ, ਸਾਹਨ ਨਾ ਖੜ੍ਹਦੇ ਜੀ।
ਬੇ-ਦਿਲ ਹੋ ਗਏ ਦੁਪਹਿਰੇ, ਨਿਉਲਾ ਸੱਪ ਲੜਦੇ ਜੀ।

‘ਬਾਬੂ’ ਔਣ ਘਟਾਂ ਕਾਲ਼ੀਆਂ, ਤੁਰਦੇ ਜਾ ਗਾਂਹ-ਗਾਂਹ ਜੀ।
ਡਿੱਗਦੇ ਦਰਿਆ ਦੇ ਢਾਹੇ, ਵਜਦੀਆਂ ਚਾਂਗਾਂ ਜੀ।
ਪੱਤਣ ਪਰ ਸ਼ੋਰ ਪੈਂਦਾ, ਚੜ੍ਹੀਆਂ ’ਵੀਆਂ ਕਾਂਗਾਂ ਜੀ।
ਹੱਥ ਦੇ ਵਿੱਚ ਖ਼ਾਲੀ ਖੱਪਰ, ਦੂਰੋਂ ਲਲਕਾਰ ਦੀ।
ਹੋਣੀ ਦਰਿਆ ਤੇ ਖੜ੍ਹਕੇ, ਜੰਨ ਨੂੰ ਸੱਦ ਮਾਰਦੀ।

॥ ਦੋਹਿਰਾ ॥

ਜਬ ਮੁੜਦੇ ਲੈ ਡੋਲੜੀ, ਆਗਿਆ ਸਖ਼ਤ ਤੂਫ਼ਾਨ।
ਆ ਪੱਤਣ ਤੇ ਬੈਠਗੇ, ਤੇ ਘਬਰਾਈ ਜਾਣ।

ਮੁਕੰਦ ਛੰਦ—7

ਨਦੀ ਤੇ ਸ਼ੁਕੀਨ ਪਹੁੰਚਗੇ ਜਨੇਤ ਦੇ,
ਚੜ੍ਹਗੇ ਅਕਾਸ਼ ਨੂੰ ਬੱਦਲ਼ ਰੇਤ ਦੇ।
ਨੈਣ ਖੋਹਲੇ ਕੌਇਲ ਵਰਗੀ ਜ਼ਬਾਨ ਨੂੰ,
ਜ਼ਰਾ ਦੀ ਜ਼ਰਾ ਬੰਦ ਹੋਣ ਦਿਉ ਤੂਫ਼ਾਨ ਨੂੰ।

ਲਾਲ ਸਾਲੂ ਵੌਹਟੀ ਦੇ ਅਠਾਹਾਂ ਵਿਛਲੇ,
’ਕੱਠੇ ਹੋਜੋ ਸਾਰੇ ਅਗਲੇ ਤੇ ਪਿਛਲੇ।
ਪੈਸੇ ਲੈਲੇ ਗਿਣਲੇ ਮਲਾਹ ਜਿਆ ਭਾਨ ਨੂੰ,
ਜ਼ਰਾ ਦੀ ਜ਼ਰਾ ਬੰਦ ਹੋਣ ਦਿਉ ਤੂਫ਼ਾਨ ਨੂੰ।

ਕੱਢਕੇ ਬਰਾਤ ਨੂੰ ਪਕੌੜੇ ਖੁਆ ਦਿਆਂ,
ਪੇੜੇ ਦੇਕੇ ਲਾੜੇ ਦਾ ਥਕੇਵਾਂ ਲਾਹ ਦਿਆਂ।
ਸ਼ਰਬਤ ਪਿਔਂਦੇ ਬੌਹਟੜੀ ਰੁਕਾਨ ਨੂੰ,
ਜ਼ਰਾ ਦੀ ਜ਼ਰਾ ਬੰਦ ਹੋਣ ਦਿਉ ਤੂਫ਼ਾਨ ਨੂੰ।

ਸ਼ਗਨ ਮਨਾਮਦੇ ਖੁਸ਼ੀ ਦੇ ਸਾਹੇ ਐ,
ਛੱਲਾਂ ਵੱਜ ਡਿਗਦੇ ਦਰਿਆ ਦੇ ਢਾਹੇ ਐ।
ਉੱਡ ਚੜ੍ਹੀ ਜਾਂਦੀ ਗਰਦ ’ਸਮਾਨ ਨੂੰ,
ਜ਼ਰਾ ਦੀ ਜ਼ਰਾ ਬੰਦ ਹੋਣ ਦਿਉ ਤੂਫ਼ਾਨ ਨੂੰ।

ਖ਼ੁਆਜੇ ਦੀ ਝੜਾਕੇ ਭੇਟ ਆਨੇ ਦੁਆਨੀਆਂ,
ਆਪ ਅੱਗੇ ਬਹਿਣ ਮਗਰ ਜ਼ਨਾਨੀਆਂ।

ਰੱਖਣਾ ਵਚਾਲੇ ਜੇ ਨਦਾਨ-ਹਾਣ ਨੂੰ,
ਜ਼ਰਾ ਦੀ ਜ਼ਰਾ ਬੰਦ ਹੋਣ ਦਿਉ ਤੂਫ਼ਾਨ ਨੂੰ।

ਕਾਹਲ਼ਿਆਂ-ਮਲਾਹਾਂ ਤੋਂ ਮੁਹੈਣਾ ਜਿੱਚਨਾ,
ਗੇੜਾ ਖਾਜੇ ਕਿਸ਼ਤੀ ਵਹੇਰੇ ਵਿੱਚ ਨਾ।
ਬੁੱਲਣਾ ਮਗਰਮੱਛ ਔਂਦੇ ਖਾਣ ਨੂੰ,
ਜ਼ਰਾ ਦੀ ਜ਼ਰਾ ਬੰਦ ਹੋਣ ਦਿਉ ਤੂਫ਼ਾਨ ਨੂੰ।

ਦਜਲਾ ਦਰਿਆ ਦੀਆਂ ਢਿੱਗਾਂ ਜੋ ਢੈਂਦੀਆਂ,
ਦੋ-ਦੋ ਕੋਹ ਤੇ ਸੁਣਨ ਗੜਨੂੰਨਾਂ ਪੈਂਦੀਆਂ।
ਵਜਦੇ ਨੇ ਤੀਰ ਖਿੱਚਕੇ ਕਮਾਨ ਨੂੰ,
ਜ਼ਰਾ ਦੀ ਜ਼ਰਾ ਬੰਦ ਹੋਣ ਦਿਉ ਤੂਫ਼ਾਨ ਨੂੰ।

ਡਰ ਲੱਗੇ ਲੈਂਦੀ ਸੀ ਜਨੇਤ ਤਰਲੇ,
ਅੱਜ ਔਖੇ ਲੱਗਣਾ ਕਿਨਾਰੇ ਪਰਲੇ।
‘ਬਾਬੂ’ ਅੱਗੇ ਕਹਿੰਦੀ ਸੀ ਜਨੇਤ ਜਾਣ ਨੂੰ,
ਜ਼ਰਾ ਦੀ ਜ਼ਰਾ ਬੰਦ ਹੋਣ ਦਿਉ ਤੂਫ਼ਾਨ ਨੂੰ।

॥ ਦੋਹਰਾ ॥

ਬੇੜਾ ਰੋੜ੍ਹ ਤੂਫ਼ਾਨ ਨੇ, ਲਿਆ ਦਰਿਆ ਵਿੱਚ ਡੱਕਰ।
ਜ਼ੋਰ ਮੁਹਾਣੇ ਲਾ ਰਹੇ, ਖਾਣ ਲੱਗ ਗਿਆ ਚੱਕਰ।

ਮਨੋਹਰ ਭਵਾਨੀ ਛੰਦ—8

ਨਦੀ ਹੋਗੀ ਝੱਗੋ-ਝੱਗ, ਲਾ ਉਡਾਰੀ ਜਾਂਦੇ ਮੱਘ, ਬੁਝੀ ਚਿਲਮਾਂ ’ਚੋਂ ਅੱਗ, ਬੁਡੜਿਆ ਮਲਾਹਾਂ ਦੀ। ਹੋਗੀ ਸਾਰੀ ਜੰਨ ਦੀ, ਤਿਆਰੀ ਗਾਹਾਂ ਦੀ। ਵਿਆਹ ਦੇ ਰੰਗ-ਰਾਗ ਭੁੱਲੇ, ਪੱਗਾਂ ਢੈਣ ਜੁੰਡੇ ਖੁਲ੍ਹੇ, ਗੋਲ਼ੀਆਂ ਤੋਂ ਤੇਜ਼ ਬੁੱਲੇ, ਸੀ ਝਖੇੜਾ ਕੱਸ ’ਚੈ। ਬੇੜਾ ਚੌਂਹ ਮਲਾਹਾਂ ਦੇ ਰਿਹਾ ਨਾ ਵੱਸ ’ਚੈ।

ਉੱਚੇ ਟਿੱਬਿਆਂ ਦੇ ਵਾਂਗ, ਔਂਦੀ ਕਾਂਗ ਉਤੇ ਕਾਂਗ, ਮਿਲੀ ਡੀਂਗਰ ਦੀ ਬਾਂਗ, ਚੜ੍ਹੇ ’ਵੇ ਦੁਪਹਿਰ ਦੇ। ਓਵੇਂ ਵਗੀ ਜਾਂਦੇ ਸੀ, ਬਰੋਲ਼ੇ, ਕਹਿਰ ਦੇ। ਪਾਣੀ ਬੇੜਾ ਲਿਆ ਡੱਕਰ, ਖਾਣ ਲੱਗ ਗਿਆ ਚੱਕਰ, ਜਿਵੇਂ ਰੇਲ ਦੀ ਟੱਕਰ। ਜਾ ਕੇ ਵੱਜੀ ਬੱਸ ’ਚੈ। ਬੇੜਾ ਚੌਂਹ ਮਲਾਹਾਂ ਦੇ ਰਿਹਾ ਨਾ ਵੱਸ ’ਚੈ।

ਔਂਦੇ ਪੀਘਾਂ ਵਾਂਗੂੰ ਠਾਣ੍ਹੇ, ਰੋਣ ਵਿਆਹ ਦੇ ਚੌਲ਼-ਖਾਣੇ, ਰਹੀ ਹੋਸ਼ ਨਾ ਟਿਕਾਣੇ,
ਬੁਡੜਿਆ ਮੁਹਾਣਿਆਂ ਦੀ। ਭਾਨ ਵਾਲੀ ਗੁਥਲੀ, ਗਵਾਚੀ ਸਿਆਣਿਆਂ ਦੀ।
ਚੜ੍ਹੀ ਨੇਰ੍ਹੀ ਕਾਲ਼ੀ-ਬੋਲ਼ੀ, ਨਿਆਣੇ ਪੌਂਦੇ ਕਾਂਵਾਂ-ਰੌਲ਼ੀ, ਜਾਂਦੀ ਬੌਹਟੜੀ ਮਧੋਲ਼ੀ,
ਬਾਹਲ਼ੇ ਘੜਮੱਸ 'ਚੈ। ਬੇੜਾ ਚੌਂਹ ਮਲਾਹਾਂ ਦੇ, ਰਿਹਾ ਨਾ ਵੱਸ 'ਚੈ।

ਆਏ 'ਵੇ ਤੂਫ਼ਾਨ ਭਾਰੇ, ਸੁੱਕੇ ਜੀਭਾਂ ਦੇ ਕਿਨਾਰੇ, ਲਿਆਏ ਚੱਕਕੇ ਵਿਚਾਰੇ,
ਜੌ ਕੁਹਾਰ ਡੋਲੀ ਨੂੰ, ਸਿੱਠਣੀਆਂ ਯਾਦ ਔਂਦੀਆਂ ਵਿਚੋਲੀ ਨੂੰ।
ਆਨੇ ਕੱਢੇ ਮੌਤ ਡੈਣ, ਚੱਲੀ ਤੀਹਰਾ-ਤਿਅੌਰ ਲੈਣ, ਪੈਜੇ ਕਦੇ-ਕਦੇ ਨੈਣ,
ਦਾ ਖ਼ਿਆਲ ਹੱਸ 'ਚੈ। ਬੇੜਾ ਚੌਂਹ ਮਲਾਹਾਂ ਦੇ ਰਿਹਾ ਨਾ ਵੱਸ 'ਚੈ।

ਉੱਠੀ ਚਾਣ-ਚੱਕ ਲਹਿਰ, ਉੱਛਲੀ ਉਤਾਂਹ ਨੂੰ ਟੈਰ, ਡੂਮ ਸਣ੍ਹੇਂ ਮੁਦਕਹਿਰ,
ਸੀ ਦਰਿਆ 'ਚ ਸਾਹ ਲਿਆ। ਪੀਰਾਂ ਮਾਰਿਉ ਪਰਭੋਂ, ਮੱਛਾਂ ਨੇ ਖਾ ਲਿਆ।
ਜਾਪੇ ਇੱਕ ਦਾ ਖੜ੍ਹੋਤੇ, ਖਾਂਦੇ ਪਾਣੀ ਵਿੱਚ ਗੋਤੇ, ਉੱਡੇ 'ਬੰਨੜੇ' ਦੇ ਤੋਤੇ,
'ਸਰਵਾਹਲਾ' ਗ਼ੱਸ਼ 'ਚੈ। ਬੇੜਾ ਚੌਂਹ ਮਲਾਹਾਂ ਦੇ ਰਿਹਾ ਨਾ ਵੱਸ 'ਚੈ।

॥ ਦੋਹਿਰਾ ॥

ਬੇੜਾ ਰੁੜ੍ਹ ਗਿਆ ਰਿਵਰ ਮੇਂ, ਚੜ੍ਹੀ ਲਹਿਰ ਪਰ ਲਹਿਰ।
ਕੁੜੀ-ਬੁੜ੍ਹੀ ਨੂੰ ਆਖਦੀ, ਬੜਾ ਵਰਤਿਆ ਕਹਿਰ।

ਡੂਢਾ ਛੰਦ—9

ਇੱਕ ਕੁੜੀ ਪੱਤਣੋਂ ਮਲਾਹ ਦੀ ਭੱਜਕੇ, ਮਾਂ ਬੁੜ੍ਹੀ ਦੇ ਕੋਲ਼ ਗਈ।
ਸੁਣ ਕਹਿਰ ਵਰਤੇ ਦਰਿਆ ਤੇ ਅੱਜ ਕੇ, ਸੀ ਜ਼ਬਾਨੋਂ ਬੋਲ ਗਈ।
ਪਾਣੀ ਤਾਂ ਊਛਲ ਨੰਗਿਆਂ ਮੰਣਿਆਂ ਤੋਂ ਮਣੇ, ਚੜ੍ਹਿਆ ਦਰਿਆ ਜਿਆ ਗੀਦੀ ਮਾਂ।
ਲਾੜਾ-ਬਹੂ ਡੁੱਬਗੇ ਜਨੇਤ ਦੇ ਸਣ੍ਹੇ, ਕਰੇਂ ਉਡੀਕ ਕੀਹਦੀ ਮਾਂ?

ਆ ਗਿਆ ਤੂਫ਼ਾਨ ਨਾ ਝਖੇੜਾ ਖੜ੍ਹ ਗਿਆ, ਬੜੇ ਬਿਰਛ ਡੇਗਲੇ
ਅੱਜ ਪਾਪੀ ਦਜਲਾ ਸਗਾਹੀ ਚੜ੍ਹ ਗਿਆ, ਪਏ ਬਗ਼ਦਾਦ ਮੇਘਲੇ
ਢਾਹੇ ਤਾਂ ਗਿਰਨ ਲੱਗੇ ਘਣੇਂ ਤੋਂ ਘਣੇਂ, ਨਾ ਅਮੈਂਦ ਦੀਂਹਦੀ ਮਾਂ?
ਲਾੜਾ-ਬਹੂ ਡੁੱਬਗੇ ਜਨੇਤ ਦੇ ਸਣ੍ਹੇ, ਕਰੇਂ ਉਡੀਕ ਕੀਹਦੀ ਮਾਂ?

ਸੋਚਿਆ ਮਲਾਹ ਨੇ ਮੁੰਡੇ ਗੋਲ ਗਪੂ ਜ੍ਹੇ, ਜੀ ਬਣਾਈਏ ਢੰਗ ਨੂੰ।
ਜਾਪਿਆ ਘੜੰਮ ਦੇ ਹਲੌਂਦਾ ਚੱਪੂ 'ਜ੍ਹੇ, ਫੜਨ ਲੱਗਾ ਟੰਗ ਨੂੰ।
ਰੁੜ੍ਹਗੇ ਦਰਿਆ 'ਚ ਲਾਲਾਂ ਵਰਗੇ ਜਣੇ, ਟੋਲੀ ਵੀਹ ਦੀ ਵੀਹ ਦੀ ਮਾਂ।
ਲਾੜਾ-ਬਹੂ ਡੁੱਬਗੇ ਜਨੇਤ ਦੇ ਸਣ੍ਹੇ, ਕਰੇਂ ਉਡੀਕ ਕੀਹਦੀ ਮਾਂ?

ਦਿੱਤੇ ਜੋ ਵਿਚੋਲੀ ਨੂੰ ਗੁਲਾਬੀ ਤਿਉਰ ਸੀ, ਨਦੀ 'ਚ ਜਾਂਦੇ ਰੁੜ੍ਹ ਦੇ।
ਡੋਲੜੀ ਚੱਕਣ ਵਾਲੇ ਚਾਰੇ ਝਿਅੌਰ ਜੀ, ਰੁੜ੍ਹੇ ਸਮੇਤ ਗੁੜ ਦੇ।
ਨੈਣ ਤਾਂ ਚਤਰ ਨ੍ਹੈ 'ਚ ਤਾਣੇਂ ਜ੍ਹੇ ਤਣੇਂ, ਪਾਗੀ ਹੈ ਸ਼ਹੀਦੀ ਮਾਂ।
ਲਾੜਾ-ਬਹੂ ਡੁੱਬਗੇ ਜਨੇਤ ਦੇ ਸਣ੍ਹੇ, ਕਰੇਂ ਉਡੀਕ ਕੀਹਦੀ ਮਾਂ?

ਡੁੱਬਗੀ ਜਨੇਤ ਜੈਸੇ ਰਾਜੇ ਰੂਮ ਦੀ, ਜੌ ਮਿਸਰ ਢੁੱਕੀ ਸੀ।
ਗੇੜੇ ਖਾਂਦੀ ਜਾਵੇ ਮਦਕੈਰ੍ਹ ਡੂੰਮ ਦੀ, ਗੰਜੇ ਮਲਾਹ ਦੇ ਠੁੱਕੀ ਸੀ।
ਸੋਹਣੇਂ ਸਰਵਾਹਲੇ ਦੇ ਸਰੀਰ ਜ੍ਹੇ ਛਣੇ, ਬਹਿਸ਼ਤ ਖ਼ਰੀਦੀ ਮਾਂ।
ਲਾੜਾ-ਬਹੂ ਡੁੱਬਗੇ ਜਨੇਤ ਦੇ ਸਣ੍ਹੇ, ਕਰੇਂ ਉਡੀਕ ਕੀਹਦੀ ਮਾਂ?

ਗੇੜੇ ਖਾਂਦਾ ਜਾਵੇ ਪੈਗਿਆ ਵਹੇਰੇ 'ਚ, ਜਹਾਜ਼ ਖਾ ਗਿਆ ਚੱਕਰੀ।
'ਬਾਬੂ' ਹੌਣੀ ਘੇਰਕੇ ਲਿਆਂਦਾ ਘੇਰੇ 'ਚ, ਬੁਰੀ ਅਜ਼ਲ ਟੱਕਰੀ।
ਮੱਛ ਗਏ ਨਿਗਲ਼ ਕੋਈ ਅਲਾਜ ਨਾ ਬਣੇ, ਲਿਖੀ 'ਵੀ ਜੀਹਦੀ-ਜੀਹਦੀ ਮਾਂ।
ਲਾੜਾ-ਬਹੂ ਡੁੱਬਗੇ ਜਨੇਤ ਦੇ ਸਣ੍ਹੇ, ਕਰੇ ਉਡੀਕ ਕੀਹਦੀ ਮਾਂ।

॥ ਦੋਹਿਰਾ ॥

ਬਹਿ ਬੁੱਡੜੀ ਪਛਤਾਮਦੀ, ਪੈਣ ਕਾਲ਼ਜੇ ਸੂਲ।
ਪੈਰ ਕੁਹਾੜਾ ਮਾਰ ਲਿਆ, ਗਈ ਗਿਆਰ੍ਹੀ ਭੂਲ।

ਔੜਾ ਚਾਲ ਛੰਦ—10

ਵਿਆਹ ਦੇ ਵਿੱਚ ਸੋਗ ਪੈ ਗਿਆ, ਅਰਸ਼ੋਂ ਜਿਓਂ ਕਿੰਗਰਾ ਢਹਿ ਗਿਆ,
ਵਗਦੀ ਨਾ ਨ੍ਹੇਰੀ ਥੰਮ੍ਹਦੀ, ਮਾਂ ਦੇ ਵੱਜੀ ਫਾਕੜ ਗ਼ਮ ਦੀ,
ਪਿੰਡ 'ਚ ਹੰਧੇਰ ਪੈ ਗਿਆ ਜੀ, ਗੇੜੇ ਮਾਰ ਕਾਲ ਦੇ ਰਿਸ਼ ਗਏ।
ਬੁੜ੍ਹੀ ਦੇ ਘਰ ਆ ਕੇ ਤਪੜ ਸੋਗ ਦੇ, ਵਿਛ ਗਏ, ਬੁੜ੍ਹੀ ਦੇ ਘਰ।

ਕਲ੍ਹ ਨਾ ਮੈਂ ਰੱਖੀ ਗਿਆਰ੍ਹੀ, ਬਚਨਾ ਤੋਂ ਕਮਲ਼ੀ ਹਾਰੀ,
ਕਿਉਂ ਨਾ ਦਰੂਦ ਦਵਾਇਆ, ਹਜ਼ਰਤ ਨੂੰ ਮਨੋਂ ਭੁਲਾਇਆ,
ਹੋਈ ਮੈਥੋਂ ਗਾਫ਼ਲੀ ਬੜੀ ਤੇ, ਸੋਚੀਂ ਪੈਗੀ ਅੰਮਾਂ ਦੀ ਅੱਖ ਖੁਲ੍ਹਗੀ,
ਗਿਆਰ੍ਹੀ ਤੇਰੀ ਪੀਰਾ, ਵਿਆਹ ਦੀ ਖੁਸ਼ੀ ਦੇ ਵਿੱਚ ਭੁੱਲਗੀ, ਗਿਆਰ੍ਹੀ ਤੇਰੀ।

ਅੰਗਣ ਵਿੱਚ ਵਾਜਾ ਵੱਜੇ, ਸਾਕ-ਸੈਨ ਖਾ ਖਾ ਰੱਜੇ,
ਦੇਸਾਂ ਦੇ ਸਦਲੇ, ਮੇਲੀ, ਜ਼ਰਦੇ ਦੀ ਰੋਟੀ ਦੇਲੀ,
ਫੱਕਰਾਂ ਨੂੰ ਝਿੜਕ ਦਿੱਤੀ ਤੇ, ਪਿਆਰਾ ਪੀਰ ਰਿਹਾ ਨਾ ਚੇਤੇ,
ਖ਼ਤਮ ਕਿੱਥੋਂ? ਸਾਰੇ ਪਿੰਡ 'ਚ ਪਰੋਸੇ ਦੇਤੇ, ਖ਼ਤਮ ਕਿੱਥੋਂ?

ਖਾਗੇ ਪਰ੍ਹੌਣੇ ਲਾਖਾਂ, ਲੈਚੀਆਂ ਪਾਈਆਂ ਦਾਖਾਂ।
ਆਏ ਮਸਕੀਨ ਜਿਹੜੇ, ਢੁੱਕਣ ਨਾ ਦਿੱਤੇ ਨੇੜੇ।
ਮਾੜਿਆਂ ਨਸੀਬਾਂ ਵਾਲੀ ਦੀ ਜੀ, ਸ਼ਮ੍ਹਾਂ ਹੋ ਤਾਂ ਅਕਲ ਦੀ ਗੁੱਲ ਗਈ,
ਗਿਆਰ੍ਹੀ ਤੇਰੀ। ਪੀਰਾ ਵਿਆਹ ਦੀ ਖੁਸ਼ੀ ਦੇ ਵਿੱਚ ਭੁੱਲ ਗਈ, ਗਿਆਰ੍ਹੀ ਤੇਰੀ।

ਸ਼ਾਮ ਨੂੰ ਹਲਵੇ ਕਰਤੇ, ਪਿੰਡ ਦਿਆਂ ਦੇ ਢਿੱਡ ਜ੍ਹੇ ਭਰਤੇ।
ਖਾਗੇ ਪਰ੍ਹੌਣੇ ਮੁੜ-ਮੁੜ, ਆ ਗਿਆ ਸਰੀਕਾ ਜੁੜ-ਜੁੜ।
ਖੰਡ ਦੀ ਸੀ ਚਾਸ ਕਰੀ ਜੀ, ਥੰਦਾ ਫਿਰਦਾ ਕੜਾਹ ਦੇ ਵਿੱਚੋਂ ਚਿਔਂਦਾ।
ਸੀ ਥਾਲ ਵਿੱਚ, ਖਾਣਾ ਖੁਆਕੇ, ਲੈਣ ਲੱਗੇ ਨਿਔਂਦਾ, ਸੀ ਥਾਲ ਵਿੱਚ।

ਪੱਕਿਆ ਪਕਵਾਨ ਅੱਗਰੀ, ਜੀਮਗੀ ਸਾਰੀ ਨਗਰੀ,
ਮੰਗਤਿਆਂ ਦੀ ਵਾਰੀ ਆਈ, ਡੁੱਬੜੀ ਨੇ ਝਿੜਕ ਸੁਣਾਈ।
ਮੇਲੀਆਂ ਨੂੰ ਜੀਮ ਲੈਣ ਦਿਉ ਵੇ, ਬੁੜ੍ਹੀ ਘਰ ਦਿਆਂ ਕੰਮਾਂ ਦੇ ਵਿੱਚ ਰੁਲ਼ਗੀ,
ਗਿਆਰ੍ਹੀ ਤੇਰੀ। ਪੀਰਾ ਵਿਆਹ ਦੀ ਖੁਸ਼ੀ ਦੇ ਵਿੱਚ ਭੁੱਲ ਗਈ, ਗਿਆਰ੍ਹੀ ਤੇਰੀ।

ਮੇਰੀ ਪਰ ਕਿਸ਼ਮਤ ਖੋਟੀ, ਇੱਕ ਦੇ ਸੀ ਮਾਰੀ ਸੋਟੀ,
ਮਾਰਕੇ ਹਾਅ ਦੇ ਨਾਰ੍ਹੇ, ਭੁੱਖੇ ਮੁੜ ਜਾਂਦੇ ਸਾਰੇ,
ਮੈਥੋਂ ਗੱਲ ਉਲਟੀ ਸਰੀ ਤੇ, ਸੁਆਲੀ ਦੁਰਕੇ ਕੁੱਤਿਆਂ ਦੇ ਵਾਂਗੂੰ,
ਬਾਹਰ ਬਹਿਜੋ, ਫੜ ਹੋਰ ਕਈਆਂ ਨੂੰ ਛਾਂਗੂੰ, ਬਾਹਰ ਬਹਿਜੋ।

ਮੈਨੂੰ ਕਰੋਧ ਚੜਿਆ, ਹੱਥ ਦੇ ਵਿੱਚ ਡੰਡਾ ਫੜਿਆ,
ਬੋਲਾ ਮੈਂ ਆਫਰ-ਆਫਰ, ਦਿੱਤੇ ਸੀ ਗਹਿਰ ਮੁਸਾਫ਼ਿਰ,
ਮੰਗਤਿਆਂ ਨੂੰ ਲੱਪ ਨਾ ਸਰੀ ਤੇ, ਭਰੀ ਦੇਗ ਕੜਾਹ ਦੀ ਰੁਲਗੀ,
ਗਿਆਰ੍ਹੀ ਤੇਰੀ। ਪੀਰਾ ਵਿਆਹ ਦੀ ਖੁਸ਼ੀ ਦੇ, ਵਿੱਚ ਭੁੱਲਗੀ, ਗਿਆਰ੍ਹੀ ਤੇਰੀ।

ਮਾਮੇ ਨੇ ਖਾਰਿਓਂ ਲਾਹਿਆ, ਸੁਆਲੀਆਂ ਸੁਆਲ ਸੁਣਾਇਆ,
ਮੱਥੇ ਵਿਚ ਪਾਲੀ ਤਿਔੜੀ, ਵੰਡੇ ਖੰਡ-ਗੁੜ ਨਾ ਰਿਔੜੀ,
ਹੋਏ ਬੜੇ ਡੂੰਮ ਜਮ੍ਹਾ ਤੇ, ਆਈ ਦੇਣ ਅਸੀਸਾਂ ਟੋਲੀ,
ਮੁੜਨ ਖ਼ਾਲੀ। ਮੈਂ ਨਾ ਗੁੱਥਲੀ ਭਾਨ ਵਾਲ਼ੀ ਖੋਹਲੀ, ਮੁੜਨ ਖ਼ਾਲੀ।

ਪੈਂਦੀ ਵੱਟ-ਵੱਟ ਕੇ ਘੂਰੀ, ਦੇਤੀ ਨਾ ਟਕਾ ਮਸ਼ੂਰੀ,
ਵਿਆਂਹਦੜ ਹੇਠ ਨਚਦੀ ਕੈਸੀ, ਮਿਰਜ਼ੇ ਦੀ ਬੱਕੀ ਜੈਸੀ।
ਜੰਨ ਜਦੋਂ ਪੁੱਤ ਦੀ ਚੜੀ ਜ, ਮਾਤਾ ਦੇਖ-ਦੇਖ ਕੇ ਫੁੱਲ ਗੀ,
ਗਿਅਰ੍ਹੀ ਤੇਰੀ, ਪੀਰਾ ਵਿਆਹ ਦੀ ਖੁਸ਼ੀ ਦੇ ਵਿੱਚ ਭੁੱਲਗੇ, ਗਿਅਰ੍ਹੀ ਤੇਰੀ।

ਬੱਚਦੇ ਚੌਲ ਲਾਤੇ ਜਿੰਦੇ, ਮੰਗਤੇ ਬਦਸੀਸਾਂ ਦਿੰਦੇ,
ਪਹੁੰਚਗੇ ਖਿੰਡ ਕੌਲੇ, ਦੜਾ-ਦੜ ਚੱਲਦੇ ਗੌਲੇ,
ਕੰਨ ਪਾਈ ਵਾਜ ਨਾ ਸੁਣੇ ਜੀ, ਜੀਪ ਉੱਡ ਚੜ੍ਹਗਿਆ, 'ਸਮਾਨੀ, ਗਰਦਾ,
ਢੁਕਾਅ ਦੇ ਵੇਲ਼ੇ॥ਮੇਲਾ ਰਤਨ ਵਾਂਗਰਾਂ ਭਰਦਾ, ਢੁਕਾਅ ਦੇ ਵੇਲ਼ੇ।

ਮੀਰਾਂ ਦਿਆ ਪੀਰ ਸ਼ਾਹਾ, ਹੋ ਗਿਆ ਸੀ ਵਧੀਆ ਸਾਹਾ,
ਲਾੜੇ ਨੂੰ ਜੋੜੀ ਪਾਈ, ਮੂਹਰੀ ਦੀ ਮੱਝ ਵੀ ਆਈ,
ਮੁੜ ਆਣ ਬੇੜੀ 'ਚ ਚੜ੍ਹੇ ਜਾਂ, ਐਸੀ ਆਕੇ ਅੰਧੇਰੀ, ਘੁਲਗੀ,
ਗਿਆਰ੍ਹੀ ਤੇਰੀ, ਪੀਰਾ ਵਿਆਹ ਦੀ ਖੁਸ਼ੀ ਦੇ ਵਿੱਚ ਭੁੱਲਗੀ, ਗਿਆਰ੍ਹੀ ਤੇਰੀ।

॥ ਦੋਹਿਰਾ॥

ਜਾ ਕਰੌਂਲਦੀ ਰਿਵਰ ਤੇ, ਜਾਵੇ ਛੋੜ ਰਹੈਸ਼।
ਮੱਦਾਹ ਪੀਰਾਂਨੇਂ ਪੀਰ ਦੀ, ਗੌਂਦੀ ਫਿਰੇ ਹਮੇਸ਼॥

ਤਰਜ਼ ਦੋਤਾਰਾ—11

ਸੁਣ ਖ਼ਬਰ ਕਹਿਰ ਦੀ ਜੀ, ਬੁੜ੍ਹੀ ਫਿਰੇ ਕੂਜ ਵਾਂਗ ਕਰਲੌਂਦੀ।
ਮਦਾਹ ਪੀਰ ਗਿਲਾਨੀ ਦੀ, ਆਣਕੇ ਨਦੀ ਕਿਨਾਰੇ ਗੌਂਦੀ।
ਅੱਜ ਐਸ ਦਰਿਆ ਤੇ ਮੈਂ, ਲੁੱਟੀ ਗਈ ਮੇਰਿਆ ਸਰਵਣਾਂ ਵੀਰਾ।
ਗੁਨਾਹ ਔਗੁਣਹਾਰੀ ਦੇ ਬਖ਼ਸ਼ ਬਗ਼ਦਾਦ ਵਾਲਿਆਂ ਪੀਰਾ।

ਮੈਂ ਸੁਰਤ ਸੰਭਾਲੀ ਸੀ ਜਦੋਂ ਦੀ ਰਖਦੀ ਗਿਆਰ੍ਹੀ ਤੇਰੀ।
ਅੱਜ ਖੁੰਝਗੀ ਵਿਆਹ ਵਿੱਚ ਮੈਂ, ਕੰਮਾਂ ਨੇ ਹੋਸ਼ ਭੁਲਾਤੀ ਮੇਰੀ।
ਕਦੇ ਖੀਰ ਪਕੌਂਦੀ ਸਾਂ, ਕਦੇ ਚਿੱਟੀ ਖੰਡ ਦਾ ਬਣੌਂਦੀ ਸੀਰਾ।
ਗੁਨਾਹ ਔਗਣਹਾਰੀ ਦੇ ਬਖ਼ਸ਼ ਬਗ਼ਦਾਦ ਵਾਲ਼ਿਆ ਪੀਰਾ।

ਕੱਲ੍ਹ ਹੀਰ ਵਿਔਹਣੇ ਨੂੰ, ਚੜ੍ਹੇ ਨਾਲ਼ ਧੂੰਮ-ਧਾਮ ਦੇ ਖੇੜੇ।
ਐਸ ਜ਼ਾਲਮ ਦਜਲਾ ਮੇਂ ਵਰਤਿਆ, ਗ਼ਜ਼ਬ ਗਏ ਡੁੱਬ ਬੇੜੇ।
ਚਮਕਾਰੇ ਵਜਦੇ ਨਾ, ਦਿਸੇ ਨਾ ਸਿਹਰਿਆਂ ਵਾਲੜਾ ਚੀਰਾ।
ਗੁਨਾਹ ਔਗਣਹਾਰੀ ਦੇ ਬਖ਼ਸ਼ ਬਗ਼ਦਾਦ ਵਾਲ਼ਿਆ ਪੀਰਾ।

ਰਹੀਆਂ ਦਿਲ ਦੀਆਂ ਦਿਲ ਵਿੱਚ ਜੀ, ਜਿਹੜੀਆਂ ਰੱਖੀਆਂ ਅਮੈਦਾਂ ਚਿਰ ਤੋਂ।
ਬਦ-ਕਿਸਮਤ ਅੰਮੜੀ ਨੇ, ਵਾਰਿਆ ਜਲ ਨਾ ਬੱਚੇ ਦੇ ਸਿਰ ਤੋਂ।
ਏਸ ਨਦੀ ਨਿਗਲ਼ ਲੇ ਜੀ ਲਾਲਡੀ ਬਹੂ-ਵਿਆਂਦੜ ਹੀਰਾ।
ਗੁਨਾਹ ਔਗਣਹਾਰੀ ਦੇ ਬਖ਼ਸ਼ ਬਗ਼ਦਾਦ ਵਾਲ਼ਿਆ ਪੀਰਾ।

ਕੋਈ ਵੈਰ ਚਤਾਰਿਆ ਜੀ, ਉਲਟ ਜੇ ਕੰਮ ਕੀ ਦਰਿਆ ਨੇ ਮੱਥਲੇ।
ਨ ਦੇਖੇ ਮੇਲਣਾਂ ਨੇ, ਬਹੂ ਦੀ ਮਛਲੀ ਦਮ੍ਹਕਦੇ ਨਥਲੇ।
ਗੱਲ਼ ਨੌਂਹ ਦੇ ਲਟਕਣਾ ਸੀ, ਗਲੂ-ਬੰਦ ਚੰਨਣ ਹਾਰ ਜਿਹਾ ਤੀਹਰਾ।
ਗੁਨਾਹ ਔਗਣਹਾਰੀ ਦੇ ਬਖ਼ਸ਼ ਬਗ਼ਦਾਦ ਵਾਲ਼ਿਆ ਪੀਰਾ।

ਜੰਨ ਡੁੱਬਗੀ ਚੰਦਰੀ ਦੀ, ਵਹਿਗੀਆਂ ਰਾਹੇਂ ਅਜਲ ਦੀਆਂ ਛੁਰੀਆਂ।
ਪੀਰਾ ਕਰਨੀ ਵਾਲਿਆ 'ਵੇ, ਕਰੀ ਕੁਝ ਮਦਦ ਹੋ ਗੀਆਂ ਬੁਰੀਆਂ।
ਪੈਸੇ ਵਾਰ ਡੋਲੜੀ ਤੋਂ, ਖ਼ੁਸ਼ੀ ਕਰ ਕਰਦੀ ਜਗਤ ਰਵੀਰਾਂ।
ਗੁਨਾਹ ਔਗਣਹਾਰੀ ਦੇ ਬਖ਼ਸ਼ ਬਗ਼ਦਾਦ ਵਾਲ਼ਿਆ ਪੀਰਾ।

ਪੋਤਾ ਬੀਬੀ ਫ਼ਾਤਮਾ ਦਾ, ਜੋੜ ਹੱਥ ਪਾਂਵਾਂ ਵਾਸਤਾ ਰੱਬ ਦਾ।
'ਬਾਬੂ' ਚੜ੍ਹੇ ਦਰਿਆਮੇਂ ਜੀ, ਬਹੂ ਨਾ ਮਿਲਦੀ ਪੁੱਤਰ ਨਾ ਲੱਭਦਾ।
ਰੱਬ ਮੰਨਦਾ ਤੇਰੀਆਂ ਜੀ, ਕਰੀਂ ਨਾ ਦੇਰ ਮਹਿਬੂਬ ਵਜ਼ੀਰਾ
ਗੁਨਾਹ ਔਗਣਹਾਰੀ ਦੇ, ਬਖ਼ਸ਼ ਬਗ਼ਦਾਦ ਵਾਲਿਆਂ ਪੀਰਾ।

ਨਵੀਨ ਤਰਜ਼ ਅਰਜ਼ੋਈ—12

ਫਿਰੇ ਰੋਂਦੀ ਬੁੜ੍ਹੀ ਵਿਚਾਰੀ ਸੀ, ਜਿਹੜੀ ਰੱਖਦੀ ਹਮੇਸ਼ਾ ਗਿਆਰ੍ਹੀ ਸੀ।
ਵਿਆਹ ਵਿੱਚ ਬੱਚਨਾ ਤੋਂ ਹਾਰੀ ਸੀ, ਮੇਰੇ ਗੌਸ਼ ਗਿਲਾਨੀ ਸਰਦਾਰਾ।
ਕਰ ਪਾਰ ਦਰਿਆ ਤੋਂ ਮੰਗਣਾਂ ਸੀ, ਵਿਆਹ ਧਰਲਿਆ ਬੰਨ੍ਹਤਾ ਕੰਗਣਾਂ ਸੀ,
ਮੇਲ ਆਗਿਆ ਲੱਗਗੀ ਰੰਗਣਾ ਸੀ, ਅੱਛੀ ਕਰੀ ਮਹਿਮਾਨੀ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ।

ਪੁੱਤ ਬਖ਼ਸ਼ਿਆ ਖ਼ੁਦਾ ਨੇ ਸੋਹਣਾ ਜੀ, ਜਿਹੜਾ ਯੂਸਫ਼ ਵਰਗਾ ਮੋਹਣਾ ਜੀ।
ਐਸਾ ਜੱਗ ਦੇ ਵਿੱਚ ਨਾ ਹੋਣਾਂ ਜੀ, ਉਹਦੀ ਭਰੀ ਜਵਾਨੀ ਸਰਦਾਰਾ।
ਜਾ ਪੀਰ ਗਲਾਨੀ ਸਰਦਾਰਾ।

ਆ ਕੁੜੀਆਂ ਘੱਤਲੇ ਘੇਰੇ ਜੀ, ਮਲ਼ੇ ਵਟਣੇ ਚਮਕਣ ਚਿਹਰੇ ਜੀ।
ਸੁਹਣੇ ਮੁੱਖ ਪਰ ਸਜਦੇ ਸੇਹਰੇ ਜੀ, ਸੋਹੇ ਹੱਥ ਵਿਚ ਗਾਨੀ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ।

ਬਹਿ ਕੁੜੀਆਂ ਕਰਨ ਸਲਾਹਤਾਂ ਜੀ, ਲੈ ਨਿਔਂਦਾ ਭਰਨ ਪਰਾਤਾਂ ਜੀ।
ਫੇਰ ਲੱਗੀਆਂ ਚੜ੍ਹਨ ਬਰਾਤਾਂ ਜੀ, ਚੜ੍ਹੀ ਗਰਦ ਸਮਾਨੀਂ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ।

ਚੜ੍ਹ ਘੋੜਿਆਂ 'ਤੇ ਅਸਵਾਰ ਗਏ, ਤੇਜ਼ ਅਸਪ ਛਲਾਂਗਾਂ ਮਾਰ ਗਏ।
ਕਿੱਤੇ ਢੁਕਣ ਦਰਿਆ ਤੋਂ ਪਾਰ ਘਏ, ਕੁੱਲ ਜਾਨੀ-ਮਾਨੀ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ।

ਪਿਛਾਂਹ ਮੁੜ ਕੇ ਚਲੌਂਦੀ ਗੋਲ਼ੇ ਜੀ, ਵਗੇ ਨ੍ਹੇਰੀ ਚੜ੍ਹੇ ਬਰੋਲੇ ਜੀ।
ਦਰਿਆ ਪਰ ਰਖਤੇ ਡੋਲੇ ਜੀ, ਬਹੂ ਨੈਣ ਸਿਅਣੀ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ।

ਜੰਨ ਚੜ੍ਹਗੀ ਬੇੜਾ ਭਰਿਆ ਜੀ, ਚੜ੍ਹਿਆ ਵਗੇ ਸਗਾਹੀਂ ਦਰਿਆ ਜੀ।
ਮੁੱਥੇ ਫੁੱਟਗੇ ਨਸੀਬਾਂ ਹਰਿਆ ਜੀ, ਮਰੇ ਡੁੱਬਕੇ ਜਾਨੀ ਸਰਦਾਰਾ।
ਸਾਰੇ ਜਾ ਪੀਰ ਗਿਲਾਨੀ ਸਰਦਾਰਾ।

ਘਰੇ ਖ਼ੁਸ਼ੀ ਮਨਾਂਵਣ ਵਿਆਹਾਂ ਦੀ, ਨਾ ਚਲਦੀ ਪੇਸ਼ ਮਲਾਹਾਂ ਦੀ।
ਮੈਨੂੰ ਸ਼ਾਮਤ ਪਈ ਗੁਨਾਹਾਂ ਦੀ, ਬਣੀ ਫਿਰਾਂ ਦਿਵਾਨੀ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ।

ਮੇਰੇ ਘਰ ਦਾ ਚਾਨਣ ਪੁੱਤਰ ਸੀ, ਲਿਆ ਮੌਤ ਨਿਮਾਣੀ ਕੁੱਤਰ ਸੀ,
ਨਾਵਾਂ ਗਿਆ ਦਫ਼ਤਰੋਂ ਉੱਤਰ ਸੀ, ਨਹੀਂ ਹੋਰ ਨਿਸ਼ਾਨੀ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ

ਤੇਰਾ ਪੱਬਜੇ ਲੱਗਜੇ ਕੰਧਿਆਂ ਨੂੰ, ਰੱਬ ਵਲੀ ਬਣਾ ਦੇ ਬੰਦਿਆਂ ਨੂੰ,
ਤਾਰ ਮੇਰੇ ਵਰਗੇ ਗੰਦਿਆਂ ਨੂੰ, ਜੱਗ ਸਮਝਿਆ ਫ਼ਾਨੀ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ।

'ਬਾਬੂ ਰਜਬਲੀ' ਗੇੜਾ ਮਾਰੋ ਜੀ, ਮੇਰਾ ਵਿਗੜਿਆ ਕਾਜ ਸਵਾਰੋ ਜੀ।
ਮੇਰਾ ਡੁੱਬਿਆ ਬੇੜਾ ਤਾਰੋ ਜੀ, ਪੜ੍ਹ ਐਤ ਕੁਰਾਨੀ ਸਰਦਾਰਾ।
ਜਾ ਪੀਰ ਗਿਲਾਨੀ ਸਰਦਾਰਾ, ਜਾ ਪੀਰ ਸਲਾਨੀ ਸਰਦਾਰਾ।

॥ ਦੋਹਿਰਾ ॥

ਬਾਰਾਂ ਬਰਸ ਗੁਜਾਰਤੇ, ਸੁੱਕਕੇ ਬਣੀਂ ਤਵੀਤ।
ਡੁੱਬਿਆ ਬੇੜਾ ਤਾਰਤਾ, ਕਰੇ ਕਾਲ਼ਜੇ ਸੀਤ।

ਮਨੋਹਰ ਭਵਾਨੀ ਛੰਦ—14

ਹੋਗੀ ਹਾਲ ਤੋਂ ਬੇ-ਹਾਲ, ਓਥੇ ਹਾੜ ਓਥੇ ਸਿਆਲ਼,
ਗਲ਼ ਲੀਰਾਂ ਖੁਲ੍ਹੇ ਵਾਲ਼, ਕਰਲੋਂਦੀ ਡਾਡਲਾ।
ਖੁਸ਼ੀ ਹੋਂਗਿਆ ਬੀਬੀ ਫ਼ਾਤਮਾ ਦਾ ਲਾਡਲਾ।
ਝੱਲੀ ਬੜੀ ਤਕਲੀਫ਼, ਸਾਰੇ ਵਲੀਆਂ ਦਾ ਚੀਫ਼,
ਕਰੇ ਪੀਰ ਦੀ ਤਰੀਫ਼, ਪਲ ਨਾ ਸਵਾਰੀ ਦਾ।
ਬਾਰ੍ਹੀਂ ਸਾਲੀਂ ਬੇੜਾ ਤਾਰਤਾ ਵਿਚਾਰੀ ਦਾ।

ਰਾਜ਼ੀ ਹੋਗੇ ਪੀਰ ਪਿਆਰੇ, ਮਾਰੇ ਜ਼ੋਰ ਨਾਲ ਨਾਹਰੇ,
ਹਿੱਲ ਜਾਂਮਦੇ ਮੁਨਾਰੇ, ਰੱਬ ਦੇ ਅਰਸ਼ ਦੇ।
ਜੁਐਣ ਲੱਗਾ ਮਰੇ ਬਾਰਾਂ ਕੁ ਬਰਸ਼ ਦੇ।
ਦਿੱਤੀ ਸੱਚੇ ਮੇਹਰ ਕਰ, ਪੀਰ ਬੜਾ ਜ਼ੋਰਾਵਰ,
ਲੱਗੇ ਦਰਿਆ ਨੂੰ ਡਰ, ਜੋਸ਼ ਨਾ ਸਹਾਰੀ ਦਾ।
ਬਾਰ੍ਹੀਂ ਸਾਲੀਂ ਬੇੜਾ ਤਾਰਤਾ ਵਿਚਾਰੀ ਦਾ।

ਖਾਗੇ ਕੱਛੂ ਮੱਛ ਡੱਡ, ਮੱਛੀਆਂ ਦੇ ਪੇਟੋਂ ਕੱਢ।
ਜੁੱੜੇ ਦੇਰ ਬਾਹਦ ਹੱਡ, ਸਹੀ ਸਰੀਰ ਬੁਸ ਗਿਆ।
ਦੇਰ ਕਿਉਂ ਲਗਾਈ, ਰੱਬ ਨਾਲ ਰੁੱਸ ਗਿਆ।
ਵਲੀਆਂ ਦਾ ਸਿਰਤਾਜ, ਮਾਰੇ ਜ਼ੋਰ ਸੇ ਅਵਾਜ਼।
ਆਵੇ ਡੋਲ ਦਾ ਜਹਾਜ਼, ਜਿਆ ਜਨੇਤ ਭਾਰੀ ਦਾ।
ਬਾਰ੍ਹੀਂ ਸਾਲੀਂ ਬੇੜਾ ਤਾਰਤਾ ਵਿਚਾਰੀ ਦਾ।

ਓਵੇਂ ਬਣੀ ਸੁਹਣੀ ਛੱਬ, ਲਾੜਾ-ਸਰਵਾਲਾ ਸੱਭ,
ਦੇਖ ਕੁਦਰਤ ਰੱਬ ਦੀ, ਕਮਾਲ ਹੋ ਗਿਆ।
ਹੱਦ ਲਾਹਤੀ ਪੀਰ ਜੀ, ਜਿਐਣ-ਜੋ ਗਿਆ।
ਓਵੇਂ ਲੱਗੀਆਂ ਬਹਾਰਾਂ, ਪੈਣ ਪਾਣੀ 'ਚ ਪਹਾਰਾ,
ਡੋਲਾ ਚੱਕ ਲਿਆ ਕੁਹਾਰਾਂ, ਬਹੁਟੜੀ ਵਿਚਾਰੀ ਦਾ।
ਬਾਰ੍ਹੀ ਸਾਲੀ ਵੇੜਾ ਤਾਰ ਤਾ ਵਿਚਾਰੀ ਦਾ।

ਆ ਮਲਾਹ ਨੇ ਵੇੜੇ ਧੱਸੇ, ਘੱਗਰੇ ਨੂੰ ਦਿਹ ਮੜੱਸੇ
ਨੈਣ ਖਿੜ-ਖਿੜ ਹੱਸੇ, ਚਾਅ ਚੜ੍ਹਿਆ ਵਿਆ ਹੱਸਦਾ।
ਬਹੂ ਨੂੰ ਉਡੀਕ ਦਾ ਪਿਆਲ਼ਾ ਸੱਸ ਦਾ।

ਰਿੰਗੇ ਮੂਹਰੀ ਵਾਲੀ ਖੋਲੀ, ਮਾਰੇ ਚਮਕਾਰੇ ਡੋਲੀ,
ਮਾਰੇ ਬਹੂ ਨੂੰ ਵਿਚੋਲੀ, ਝੱਲ ਫਲਕਾਰੀ ਦਾ।
ਬਾਰ੍ਹੀਂ ਸਾਲੀਂ ਬੇੜਾ ਤਾਰਤਾ ਵਿਚਾਰੀ ਦਾ।

ਜਾਨੀ ਤਿਆਰ ਹੋ ਖੜੋਗੇ, ਵੇੜਾ ਪੱਤਣਾਂ ਨੂੰ ਢੋਗੇ,
ਜਦੋਂ ਸਾਢੇ-ਪੰਜ ਹੋਗੇ, 'ਬਾਬੂ' ਜੀ ਦੀਘੜੀ 'ਚੈ।
ਡੂੰਮ ਫੂਕ ਮਾਰਦਾ, ਹੁਕੇ ਦੀ ਨੜੀ 'ਚੈ।
ਲਾਹ ਦਿਓ ਅਸਵਾਬ ਸੱਭ, ਰਿਹਾ ਸੀ ਪਕੌੜੇ ਚੱਬ
ਹੱਥ ਮੂੰਹ ਨੂੰ ਦਵਾ-ਦੱਬ, ਵੱਜਦਾ ਵਿਗਾਰੀ ਦਾ।
ਬਾਰ੍ਹੀਂ ਸਾਲੀਂ ਬੇੜਾ ਤਾਰਤਾ ਵਿਚਾਰੀ ਦਾ।

ਕਿੱਸਾ
ਗੁਰਨਾਮ ਸਿੰਘ ਰਾਊਕੇ

॥ ਦੋਹਿਰਾ ॥

ਸੁਣੋਂ ਸ੍ਰੋਤਿਉ ਵੀਰਨੋ, ਖੜ੍ਹੇ ਕਵੀਸ਼ਰ ਤਿਆਰ।
ਸ਼ੈਰੀ ਸਿੰਘ ਗੁਰਨਾਮ ਦੀ, ਰਾਊਕੇ ਦੇ ਸਰਦਾਰ।

ਮੁਕੰਦ ਛੰਦ—1

ਸ਼ਾਇਰਾਂ ਦੀ ਜ਼ਬਾਨ ਅੰਮ੍ਰਿਤ ਗੇਰਦੀ,
ਸ਼ੈਰੀ ਮੈਂ ਸੁਣਾ ਦਿਆਂ ਗੁਰਨਾਮ ਸ਼ੇਰ ਦੀ।
ਮਿੱਠੇ ਬੋਲ ਬੋਲਕੇ ਕਰਾਂਗੇ ਮਾਤ ਬੀਨਾਂ ਨੂੰ,
ਟੌਂਟਕਾ ਨਵਾਂ ਸੁਣਾ ਦੀਏ ਸ਼ੁਕੀਨਾਂ ਨੂੰ।

ਬਾਪ ਬਰਿਆਮ ਸੀ ਧਰਮ-ਮੂਰਤੀ,
ਜੀਹਦੀ ਮਾਂ ਦੀ ਕੁੱਖ ’ਚੋਂ ਗੁਣਾਂ ਦੀ ਪੂਰਤੀ।
ਧਾਲੀਵਾਲ ਗੌਤ ਮੰਨਲੋ ਯਕੀਨਾਂ ਨੂੰ,
ਟੌਂਟਕਾ ਨਵਾਂ ਸੁਣਾ ਦੀਏ ਸ਼ੁਕੀਨਾਂ ਨੂੰ।

ਰਾਊਕੇ ਨਗਰ ਮੋਗੇ ਦੀ ਤਸੀਲ ਸੀ,
ਵੱਧਣੀ ਸ਼ਹਿਰ ਐਵੇਂ ਦੋ ਕੁ ਮੀਲ ਸੀ।
ਉਚੇ ਮਹਿਲ ਪਾਣੀ ਲੱਗਦੇ ਜ਼ਮੀਨਾਂ ਨੂੰ,
ਟੌਂਟਕਾ ਨਵਾਂ ਸੁਣਾ ਦੀਏ ਸ਼ੁਕੀਨਾਂ ਨੂੰ।

ਸ਼ੇਰ ਪੁਰੇ ਵਿਆਹੀ ਸੀ ਘਰਾਂ ’ਚੋਂ ਕੰਨਿਆਂ,
ਛੋਟਾ ਸਾਕ ਮੰਗੇ ਨਾ ਪ੍ਰੇਮਾ ਮੰਨਿਆਂ।
ਭਾਨ ਸਿਉਂ ਤੇ ਬਦਨਾ ਤਕੌਂਦਾ ਈਨਾਂ ਨੂੰ,
ਟੌਂਟਕਾ ਨਵਾਂ ਸੁਣਾ ਦੀਏ ਸ਼ੁਕੀਨਾਂ ਨੂੰ।

ਮੱਲੋ-ਮੱਲੀ ਲੈਗੇ ਸੰਨਤੋਂ ਨੂੰ ਚੱਕ ਕੇ,
ਡਾਕੂ ਲੈ ਕੇ ਚਹੜੂ ਗੁਰਨਾਮ ਅੱਕਕੇ।
ਇੱਕ ਮਾਰ ਕਰਦੂ ਫੱਟੜ ਤੀਨਾਂ ਨੂੰ,
ਟੌਂਟਕਾ ਨਵਾਂ ਸੁਣਾ ਦੀਏ ਸ਼ੁਕੀਨਾਂ ਨੂੰ।

ਮਾਰ ਕੇ ਬੰਦੂਕ ਬਦਨੇ ਨੂੰ ਰੌਹੜ ਦੂ,
ਪਿੰਜਣੀ ਪ੍ਰਾਹੁਣੇ ਦੀ ਵਿਚਾਲਿਉਂ ਤੋੜਦੂ।
ਵੈਰੀਆਂ ਤੇ ਜਾਕੇ ਬੀੜ ਦੂ ਮਸ਼ੀਨਾਂ ਨੂੰ,
ਟੌਂਟਕਾ ਨਵਾਂ ਸੁਣਾ ਦੀਏ ਸ਼ੁਕੀਨਾਂ ਨੂੰ।

ਮੋੜ ਲਿਆਊ ਕਾਕੀ ਗੁਰਨਾਮ ਬੱਜਰੀ,
‘ਰਜਬਲੀ’ ਪੀੜ ਤਾਂ ਵੰਡਾਲੂ ਸੱਜਰੀ।
ਟਾਕੀਆਂ ਉਡਾਦੂ ਮਾਰਕੇ ਸੰਗੀਨਾਂ ਨੂੰ,
ਟੌਂਟਕਾ ਨਵਾਂ ਸੁਣਾ ਦੀਏ ਸ਼ੁਕੀਨਾਂ ਨੂੰ।

॥ ਦੋਹਿਰਾ ॥

ਵੱਧਣੀ ਸ਼ਹਿਰ ਅਠੂਰ ਤੇ, ਤਖ਼ਤਪੂਰਾ, ਸਮਾਧ।
ਮਹਿਰ ਮਿੱਠੇ ਸਰਦਾਰ ਦੀ, ਸੰਨ੍ਹ ਵਿੱਚ ਵਸੇ ਔਲਾਦ।

ਦੋ ਭਾਗ ਛੰਦ—2

ਛੰਦ ਸ਼ਾਨ ਆਦਿ ਦਾ ਬਣਾਦੇ ਚਿੱਠੇ ਦੀ,
ਮਹਿਰ ਕੀ ਔਲਾਦ ਜੱਟ ਮਹਿਰ ਮਿੱਠੇ ਦੀ।

ਅਕਬਰ ਜਿੱਤੇ ਜੈਮਲ ਤੇ ਫ਼ਤੇ ਨੂੰ,
ਉਹ ਨਾ ਡੋਲਾ ਦਿੱਤਾ ਬਦਸ਼ਾਹ ਚੁਗੱਤੇ ਨੂੰ।

ਵੱਧਣੀ ਅਠੂਰ ਦੇ ਵਿਚਾਲੇ ਖੱਪਾ ਹੈ,
‘ਤੇਈ’ ਪਿੰਡ ਮੀਆਂ ਦੇ ਸਦਾਉਂਦੇ ਤੱਪਾ ਹੈ।

ਕੌਲੋ-ਕੌਲੀ ਕੁੱਸਾ ਤੇ ਲੁਹਾਰਾ, ਰਾਮਾ ਜੀ,
ਜਿੱਥੇ ਨਾਰਾਂ ਪਾਉਣ ਘੁੱਮਟਾਂ ਪਜਾਮਾਂ ਜੀ।

ਸੈਦੋਂ, ਖਾਈ ਤੇ ਬਿਲਾਸਪੁਰ, ਮੀਨੀਆ,
ਪੱਤੋ-ਤੋਂ ਚੱਲ ਪਈਆਂ ਫ਼ੈਸ਼ਨ ਸ਼ੁਕੀਨੀਆਂ।

ਲੋਪੋ ਤੇ ਨਿਹਾਲੇ ਵਾਲੇ, ਮਾਛੀ ਕੇ ਮਧੇ,
ਐਹੋ ਜਿਹੀਆਂ ਸ਼ਕਲਾਂ ਨਾ ਵੇਖੀਆਂ ਕਦੇ।

ਤਖ਼ਤੂ ਪੁਰਾ ਹੈ ਕਾਂਗੜ ਤੇ ਦੀਨੇ ਜੀ,
ਜਿੱਥੇ ਚੌਬਰਾਂ ਦੇ ਗਜ਼-ਗਜ਼ ਸੀਨੇ ਜੀ।

ਭਾਗੀ ਕੇ ਨਗਰ, ਛੋਟੀ ਵੱਡੀ ਵਧਣੀ,
ਏਹੋ ਜਿਹੇ ਹੋਣਗੇ ਸਰੂ ਜੇ ਕੱਦ ਨ੍ਹੀ।

ਧੂੜ ਕੋਟ, ਮੱਲ੍ਹਾ ਤੇ ਰਸੂਲਪੁਰ ਜੀ,
ਏਹੋ ਜ੍ਹੇ ਨ੍ਹੀ ਹੋਣੇ ਨਗਰਾਂ ਦੇ ਸੁਰ ਜੀ।

ਹੋਰ ਰਾਮੂੰਵਾਲੇ, ਰਣ ਸਿਉਂ ਤੇ ਰਣੀਆਂ,
ਜਿੱਥੇ ਰੱਬ ਰੂਪ ਦੀਆਂ ਪਾ ਗਿਆ ਕਣੀਆਂ।

ਰਾਉਕਿਆਂ 'ਚ ਧਾਲੀਵਾਲ ਸੀ ਪ੍ਰੇਮਾ ਜੀ,
ਜੀਹਦੇ ਦੋ ਕੁ ਕਾਕੀਆਂ ਫ਼ਰਾਸੀ ਮੇਮਾਂ ਜੀ।

ਵੱਡੀ ਸ਼ਾਮੋ ਸਾਂਵੀ ਮਾਝੇ ਵਾਲੀ ਬੰਨਤੋ,
ਉਹਦੇ ਨਾਲੋਂ ਉਤਲਾ ਨੰਬਰ ਸੰਨਤੋ।

ਸ਼ੇਰ ਪੁਰੇ ਸ਼ਾਮੋ ਭਾਨੇ ਨੂੰ ਵਿਆਹੀ ਸੀ,
ਐਵੇਂ ਕੋਇਲਾਂ ਬਾਗ਼ ਦੀ ਮਲੰਗ ਫਾਹੀ ਸੀ।

ਬਦਨਾ ਕੁਆਰਾ ਜੀਹਦੀ ਰੱਖੇ ਝਾਕ ਜੀ,
ਦੇਵੇ ਨਾ ਪ੍ਰੇਮਾ ਸੰਨਤੋ ਦਾ ਸਾਕ ਜੀ।

ਛੱਡਤਾ ਵਿਹਾਰ ਤੁਸੀਂ ਦੋਵੇਂ ਲੁੱਟਰ ਐ,
'ਭੈਣ ਪ੍ਰਤਾਪੋ' ਕੋਲੇ ਰਹਿੰਦੇ ਬੁੱਟਰ ਐ।

ਦੋ ਭਾਗ ਛੰਦ—3

ਭਾਨੇ ਕਾ ਪਰਾਹੁਣਾ ਸਹੁਰਿਆਂ ਦਾ ਦਾਸ ਸੀ,
ਨਾਲੇ ਬੜਾ ਲੈਕ ਤੇ 'ਮਿੱਡਲ' ਪਾਸ ਸੀ।

ਸਿੱਖਕੇ ਤੇ ਕੰਮ ਪਟਵਾਰੀ ਮਾਲ ਦਾ,
ਨੌਕਰੀ ਕਮਾਵੇ ਪੰਜ-ਸੱਤ ਸਾਲ ਦਾ।

ਹੋਗੀ ਐ ਸਬੱਬੀਂ ਰਾਉਕਿਆਂ ਦੀ ਬਦਲੀ,
ਉਥੇ ਪਟਵਾਰਨ ਪਤੀ ਨੇ ਸੱਦਲੀ।

ਖੇਡਦੀ ਚਲਾਕੀ ਕਿਵੇਂ ਲੈਜਾਂ ਡੋਲ਼ੇ ਨੂੰ,
ਮਿੱਠੇ ਪੋਚੇ ਮਾਰਦੀ ਪ੍ਰੇਮੇ ਭੋਲ਼ੇ, ਨੂੰ।

ਨਾਲੇ ਅੰਗ-ਸਾਕ ਦਾ ਝੜ੍ਹਾਤਾ ਕੱਸ ਜੀ,
ਚੜ੍ਹੇ ਨਾ ਅੜਿੱਕੇ ਤੇ ਭਰਾ ਦੀ ਸੱਸ ਜੀ।

ਜਿਹੜੀ ਪ੍ਰਤਾਪੋ ਪੁੱਜਕੇ ਚਲਾਕ ਸੀ,
ਮੰਗਦੀ ਭਰਾ ਨੂੰ ਸੰਨਤੋ ਦਾ ਸਾਕ ਸੀ।

ਚਿੱਠੀ ਪਾਕੇ ਸੱਪੋ 'ਪ੍ਰਤਾਪੋ' ਵੀਰਾਂ ਨੂੰ,
ਆਖਿਆ ਬਥੇਰਾ ਧਾਲੀਵਾਲ ਕੀਰਾਂ ਨੂੰ।

ਮੱਲੋ-ਮੱਲੀ ਲੈਜੋ ਸੰਨਤੋ ਨੂੰ ਚੱਕਕੇ,
ਇਹ ਨ੍ਹੀਂ ਗੱਲ ਮੰਨਦੇ ਸੁਣਾਉਂਦੀ ਅੱਕਕੇ।

ਵੱਧਨੀ ਦੇ ਰਾਹ 'ਚ ਸੰਘਣੇ ਜ੍ਹੇ ਝਾੜ ਵੇ,
ਚਾਰੇ ਪਾਸੇ ਮੀਲ-ਮੀਲ ਦੇ ਉਜਾੜ ਵੇ।

ਉਸ ਜਗ੍ਹਾ ਬੈਠ ਜਿਉ ਲਿਆਕੇ ਬੋਤੇ ਨੂੰ,
ਡਾਰ 'ਚ ਰਲਾਕੇ ਮੈਂ ਲਿਆਉਂ ਤੋਤੇ ਨੂੰ।

ਆਉਣਾ ਅੱਧੀ ਰਾਤ ਨੂੰ ਜ਼ਰੂਰ ਪਰਸੋਂ,
ਤਲੀ ਤੇ ਜਮਾਕੇ ਮੈਂ ਵਖਾਦੂੰ ਸਰਸੋਂ।

ਭੈਣ ਭਾਈ ਨਾਲ ਗੁੰਦਕੇ ਸਲਾਹਾਂ ਨੂੰ,
ਉਹਨੀ ਪੈਰੀਂ ਉੱਠ ਮੋੜਤਾ ਪਿਛਾਂਹਾਂ ਨੂੰ।

ਲੱਗਿਆ ਨ੍ਹੀ ਪਤਾ ਪਟਵਾਰੀ ਨੇਕ ਕੌ,
ਰੰਨਾਂ ਧੋਖਾ ਦੇਣ 'ਬਾਬੂ ਜੀ' ਹਰੇਕ ਕੌ।

॥ ਦੋਹਿਰਾ ॥

ਕੱਢਣ ਕਸੀਦੇ ਕਾਕੀਆਂ, ਪਰਤਾਪੋ ਦੇ ਬਾਰ।
ਪੱਟ ਖਰੀਦਣ ਜਾਂਦੀਆਂ, ਬੱਧਨੀ ਸ਼ਹਿਰ ਬਜ਼ਾਰ।

ਦੋ ਭਾਗ ਛੰਦ—4

ਸ਼ੋਰ ਨਾ ਮਚਾਉਣਾ ਰਹੋ ਭਰਾਵੋ ਹੱਸਦੇ,
ਸੁਣੋ ਦੋ ਕੁ ਟੋਟਕੇ ਭਰੇ 'ਵੇ ਰਸ ਦੇ।

ਲਾਕੇ ਤੇ ਸ਼ਿੰਗਾਰ ਪਹਿਨ ਟੂੰਮਾਂ-ਟਾਕੀਆਂ,
ਰਾਉਕਿਆਂ 'ਚ ਕੱਢਣ ਕਸੀਦੇ ਕਾਕੀਆਂ।

ਵਿੱਚ ਆਕੇ ਬਹਿਗੀ ਸੰਨਤੋ ਲਿਹਾਜਣੈ,
ਨਾਲੇ ਪ੍ਰਤਾਪੋ ਪਟਵਾਰਨ ਮਜਾਜਣ ਐ।

ਪਹਿਲੀ ਕਹਿੰਦੀ ਭੈਣੋਂ ਮੈਂ ਲਿਉਣਾ ਪੱਟ ਨੀ,
ਐਸ ਪਿੰਡੋਂ ਉਜੱੜਿਉਂ ਥਿਉਂਦਾ ਘੱਟ ਨੀ।

ਆ ਗਿਆ ਖ਼ਿਆਲ ਦੂਜੀ ਬੈਠੀ ਗੌਰੀ ਨੂੰ,
ਲਿਉਣਾ ਹਲਵਾਨ ਫੁੱਲ ਲੌਣੇ ਡੌਰੀ ਨੂੰ।

ਤੀਜੀ ਕਹਿੰਦੀ ਮੋਰਾਂ ਦੇ ਖੰਭਾਂ ਦੀ ਕੱਤਣੀ,
ਲੌਗੜੀ ਬਜ਼ਾਰ 'ਚੋਂ ਲਿਆਕੇ ਛੱਤਣੀ।

ਚੌਥੀ ਕਹਿੰਦੀ ਭੈਣੋਂ ਮੈਂ ਰੰਗਾਉਣਾ ਲਹਿਰੀਆ,
ਚੌਣਾਂ ਰੰਗ ਲੀੜੇ ਨੂੰ ਚੜ੍ਹਾਦੇ ਸਹਿਰੀਆ।

ਨਾਲੇ ਸੁੱਚੇ ਪੰਜਵੀਂ ਕੁੜੀ ਨੇ ਪੁੱਛੇ ਜੀ,
ਜ਼ਰੀ ਦੀਆਂ ਹਰੜਾਂ ਜ਼ਰੀ ਦੇ ਗੁੱਛੇ ਜੀ।

ਛੀਵੀਂ ਕਹਿੰਦੀ ਕੱਢਣਾ ਰੁਮਾਲ ਜਾਲ਼ੀ ਦਾ,
ਜਾਕੇ ਮੁਕਲਾਵੇ ਜੇ਼ਬ ਵਿੱਚ ਪਾਲ਼ੀ ਦਾ।

ਸੱਤਵੀਂ ਸੁਣਾਵੇ ਲਿਆਉਣੇ ਮੈਂ ਪ੍ਰਾਂਦੇ ਨੀ,
ਸੁੱਕੇ ਲੰਘੇ ਜੁਆਨੀ ਦੇ ਦਿਹਾੜੇ ਜਾਂਦੇ ਨੀ।

ਅੱਠਵੀਂ ਸੁਣਾਵੇ ਭੈਣੋਂ ਮੈਂ ਵੀ ਜਾਨੀ ਆ,
ਬੁੱਚੀ ਧੋਣ ਮੰਗਦੀ ਤਵੀਤ ਗਾਨੀ ਆਂ।

ਮੋਮ ਲੈਣੀ ਨੌਵੀਂ ਨੇ ਮਸ਼ਹੂਰ ਹੱਟੀਆਂ,
ਮੋਮ ਬਿਨਾ ਰਹਿੰਦੀਆਂ ਖੁਸ਼ਕ ਪੱਟੀਆਂ।

ਦਸਵੀਂ ਸੁਣਾਵੇ ਲਿਉਣੈ ਮੈਂ ਦੰਦਾਸੇ ਨੀ,
ਜਿੰਨ੍ਹਾ ਬਿਨਾ ਬੁੱਲ੍ਹ ਪਾਟਗੇ ਪਤਾਸੇ ਨੀ।

ਰੰਗੋਂ ਰੂਸਣਾਂ 'ਤੇ ਨਕਸ਼ੇ ਤੋਂ ਚੀਨਣਾਂ,
ਝੱਟ ਦੇਣੇ ਤਿਆਰ ਹੋਗੀਆਂ ਸ਼ਕੀਨਣਾਂ।

ਬੰਨ੍ਹਕੇ ਕਤਾਰ ਝੱਟ ਰਵਾਂ ਹੌਲੀਆਂ
ਚੱਲੀਆਂ ਤਲਾ ਨੂੰ ਜਿਉਂ ਤਿਹਾਈਆਂ ਖੋਲੀਆਂ।

ਰਾਊਕਿਆਂ 'ਚੋਂ ਮਾਰਕੇ ਉਡਾਰੀ ਕੂੰਜਾਂ ਦੀ,
ਝਾਂਜਰਾਂ ਦੀ ਛਣਕਾਟ ਸੁਣੇ ਗੂੰਜਾਂ ਦੀ।

ਬੰਨ੍ਹਕੇ ਕਤਾਰ ਉਡਣਿਆਂ ਜਹਾਜ਼ਾਂ ਦੀ,
ਪਿੱਛੇ ਜੋੜੀ ਛੁੱਟਪੀ ਲਗੜ-ਬਾਜ਼ਾਂ ਦੀ।

ਅੱਗੋਂ ਗੇੜਾ ਦੇਕੇ ਤੇ ਨਿਖੇੜੀ ਸੰਤੋ,
'ਰਜਬਲੀ ਚੱਕ ਲੈਣਗੇ ਮਹੰਤੋ।

॥ ਦੋਹਿਰਾ ॥

ਪੇਚ ਖੋਹਲਕੇ ਰਫ਼ਲ ਦੇ, ਭਰੇ ਮਸਾਲੇ ਜੁਆਨ।
ਧੂਲੀ ਬਾਹੋਂ ਪਕੜ ਕੇ, ਸੰਤੋ ਕੁੜੀ ਰਕਾਨ।

ਝੱਕ—5

(1)

ਉੱਤਰ ਕੇ ਖੜ੍ਹਗੇ ਗੱਭਰੂ, ਬੋਤੜੇ ਟੈਰੇ ਤੋਂ।
ਕੁੜੀਆਂ ਨੂੰ ਲੁਕ-ਲੁਕ ਵੇਖਣ, ਨਿਕੱਲ ਕੇ ਮੈਰੇ ਤੋਂ।
ਪਹੁੰਚੀਆਂ ਘੰਟਾ ਪਹਿਲਾਂ, ਸਿੱਖਰ ਦੁਪਹਿਰੇ ਤੋਂ।
ਖੋਲ੍ਹਕੇ ਪੇਚ ਰਫ਼ਲ ਨੂੰ, ਕਰ ਲਿਆ ਹੈ ਲੋਂਢ ਜੀ।
ਡਰਕੇ ਘਬਰਾਈਆਂ ਬੀਬੀਆਂ, ਪਰਬੂ ਦੇਹ ਛੋਡ ਜੀ।
ਦੱੜਾ-ਦੱੜ ਛੱਡਣ ਬੰਦੂਕਾਂ, ਝੱਲੀ ਵੱਡ-ਖਾਣੇ ਐ।
ਬ੍ਰਿਛਾਂ ਦੇ ਝਾੜਨ ਪੱਤਰੇ, ਐੱਲ. ਜੀ. ਦੇ ਦਾਣੇ ਐਂ।
ਕੁੜੀਆਂ ਦੇ ਸਿਰਾਂ ਉਤੋਂ ਦੀ, ਦਿੰਦੇ ਪਏ ਛਾਣੇ ਐ।
ਹਰਨੀਆਂ ਮਾਰਨ ਵਾਲੇ, ਰੌਂਦਾਂ ਵਿੱਚ ਛਰ੍ਹਲੇ ਐ।
'ਬਦਨੇ' ਨੇ ਬਿਰਜਨੋਂਟ ਮੇਂ, ਕਾਰਟਰਿਜ ਭਰਲੇ ਐ।

(2)

ਭੈਣ ਨਾਲ ਭਾਈ ਆਗੇ, ਕਰਕੇ ਕਮੇਟੀ ਐ।
ਲਗਦੀ ਨਾ ਖ਼ਬਰ ਕਿਸੇ ਨੂੰ, ਪੈਂਦੀ ਜਦ ਫੇਟੀ ਐ।
ਗਲ਼ ਦੇ ਵਿੱਚ ਝੂਟੇ ਖਾਂਦੀ, ਰੌਂਦਾਂ ਦੀ ਪੇਟੀ ਐ।
ਗੋਲੀਆਂ ਤੜ੍ਹ-ਤੜ੍ਹ ਚੱਲਣ, ਅੱਗੇ ਤੋਂ ਤੇਜ਼ ਜੀ।
ਜਾਣੀਂ ਦੀ ਚਾਂਦ-ਮਾਰੀ, ਕਰਦੇ ਅੰਗਰੇਜ਼ ਜੀ।
ਜਾਂ ਤਾਂ ਸ਼ਿਕਾਰੀ ਆਗੇ, ਨਾਭੇ ਦੇ ਰਾਜੇ ਜੀ।
ਫਿਰਦੀ ਐ ਮੂਨ ਤਰਹਿੰਦੀ, ਮਾਰ ਵਿੱਚ ਆਜੇ ਜੀ।
ਹੈਂਡਲ ਜੇ ਚਮਕਣ ਰੋਂਗਨ, ਕੀਤੇ 'ਵੇ ਤਾਜੇ ਜੀ।
ਵਧੀਆ ਹਥਿਆਰ ਜੱਟ ਨੇ, ਥੋਹਲੀ ਤੇ ਧਰਲੇ ਐ।
ਬਦਨੇ ਨੇ ਬਿਜਰਜਨੋਂਟ ਮੇਂ, ਕਾਰਟਰਿਜ ਭਰਲੇ ਐ।

(3)

ਨੈਣੋਂ ਚੰਗਿਆੜੇ ਝੜਦੇ, ਬਦਨ ਸਿੰਘ ਖੂਨੀ ਦੇ।
ਭੱਜਕੇ ਹੱਥ ਬਾਂਹ ਨੂੰ ਪਾ ਲਿਆ, ਸੰਤ ਕੁਰ ਕੂਨੀ ਦੇ।
ਗਲ ਨੂੰ ਘੁੱਟ ਵੱਟ ਜਿਆਂ ਦੇ ਲਿਆ, ਚਾਦਰ ਫੜ ਊਨੀ ਦੇ।

ਬੀਣੀ ਮਰੋੜ ਤੋੜਤਾ, ਕੱਚ ਦੀਆਂ ਵੰਗਾਂ ਨੂੰ।
ਮਿਲਦਾ ਨਾ ਸਾਕ ਐਹੋ ਜ੍ਹੇ, ਭਾਨੇ ਕਿਆਂ ਨੰਗਾਂ ਨੂੰ।
ਸੰਤੋ ਨੂੰ ਭੋਇੰ ਨਾ ਝਲਦੀ, ਮਰਗੀ ਨਾਲ ਸ਼ਰਮਾਂ ਦੇ।
ਜੀਜੇ ਤੋਂ ਦੁਸ਼ਮਣ ਬਣਗੇ, ਛੱਡਗੇ ਕੰਮ ਧਰਮਾਂ ਦੇ।
ਕਣਕਾਂ ਨੂੰ ਲੱਤੜੀ ਜਾਂਦੇ, ਤੋੜੇ ਫੁੱਲ ਸਰ੍ਹਮਾਂ ਦੇ।
ਫ਼ਸਲਾਂ ਵਿੱਚ ਧੂਈ ਫਿਰਦੇ, ਮੱਧਤੇ ਪੰਜ ਮਰਲੇ ਐ।
ਬਦਨੇ ਨੇ ਬਿਰਜਨੋਂਟ ਮੇਂ, ਕਾਰਟਰਿਜ ਭਰਲੇ ਐ।

(4)

ਭਾਨੇ ਤਲਵਾਰ ਧੂਕੇ, ਫੜ੍ਹਲੀ ਵਿੱਚ ਮੁੱਠ ਦੇ ਜੀ।
ਡੁੱਬੜੀ ਨੂੰ ਨੂੜਨ ਲੱਗੇ ਕੋਲੇ ਲਿਆ 'ਉੱਠ' ਦੇ ਜੀ।
ਚਾਂਗਾਂ ਵਿੱਚ ਸੁਣਨ ਵੱਜਦੀਆਂ, ਮੈਰੇ ਦੀ ਗੁੱਠ ਦੇ ਜੀ।
ਹੁੜੀਆਂ ਕਰ ਭੱਜ-ਭੱਜ ਪੈਂਦੇ, ਗਸ਼ ਤੇ ਗਸ਼ ਪੈਂਦੀ ਐ।
ਚਲਦੀ ਨਾ ਪੇਸ਼ ਕੁੜੀ ਦੀ, ਦੁਖੜੇ ਜਿੰਦ ਸਹਿੰਦੀ ਐ।
ਭਾਨ ਸਿਉਂ ਜੀਜਾ ਲਗਦਾ, ਸਾਲ਼ੀ ਨੂੰ ਘੂਰੇ ਜੀ।
ਛੋਟਾ ਟੁੱਟ-ਪੈਣਾਂ ਮਾਰੇ, ਸੰਤੋ ਦੇ ਹੂਰੇ ਜੀ।
ਪੈਰਾਂ ਤੇ ਡਿਗਦੀ ਫਿਰਦੀ, ਦੋਹਾਂ ਦੇ ਮੂਹਰੇ ਜੀ।
ਕੰਨਿਆਂ ਹੱਥ ਬੰਨ੍ਹਦੀ ਫਿਰਦੀ, ਲੈਂਦੀ ਪਈ ਤਰਲੇ ਐ।
ਬਦਨੇ ਨੇ ਬਿਰਜਨੋਂਟ ਮੇਂ, ਕਾਰਟਰਿਜ ਭਰਲੇ ਐ।

(5)

ਫੜਲੀ ਇੱਕ ਲੈਕ-ਲੜਕੀ, ਬਾਕੀ ਭੱਜ ਤੁਰੀਆਂ ਜੀ।
ਨਗਰੀ ਨੂੰ ਆਉਣ ਭੱਜੀਆਂ, ਕਰਕੇ ਤੇ ਹੁਰੀਆਂ ਜੀ।
ਸੰਤੋ ਦੇ ਕਾਲਜੇ ਮੇਂ, ਵਜਦੀਆਂ ਛੁਰੀਆਂ ਜੀ।
ਪਿੰਡੇ 'ਚੋਂ ਲਹੂ ਸਿੰਮਦਾ, ਸੂਲਾਂ ਚੁਭ-ਚੁਭਕੇ ਐ।
ਨੈਣਾਂ 'ਚੋਂ ਛਮ-ਛਮ ਗਿਰਦੇ, ਪਾਣੀ ਦੇ ਤੁਬਕੇ ਐ।
'ਬਾਬੂ ਜੀ' ਰਫ਼ਲ ਕੜਮੀਂ, ਰੋਹੀਆਂ ਵਿੱਚ ਬੁੱਕਦੀ ਐ।
ਸੰਤੋ ਦੀ ਕੋਠੜੀਆਂ ਮੇਂ, ਫਿਰਦੀ ਜਿੰਦ ਲੁਕਦੀ ਐ।
ਕੁੜੀਆਂ ਅੱਧ-ਮੋਈਆਂ ਹੋਈਆਂ, ਜਾਂਦੀ ਰੱਤ ਸੁੱਕਦੀ ਐ।
ਵੱਧਨੀ ਤੋਂ ਲੰਘ ਕੇ ਖੜਕੇ, ਸੁਣਦੇ ਪਿੰਡ ਪਰਲੇ ਐ।
ਬਦਨੇ ਨੇ ਬਿਰਜਨੋਂਟ ਮੇਂ, ਕਾਰਟਰਿੱਜ ਭਰਲੇ ਐ।

॥ ਦੋਹਿਰਾ ॥

ਕੁੜੀਆਂ ਮੁੜੀਆਂ ਘਰਾਂ ਨੂੰ, ਮਾਰ-ਮਾਰਕੇ ਚੀਕ।
ਸੰਤੋ ਚੱਕਲੀ ਡਾਕੂਆਂ, ਲੱਗੀ ਕੁਲਾਂ ਨੂੰ ਲੀਕ।
ਮਾਰੇ ਲਸ਼ਕ ਕਟਾਰ ਦੀ, ਹੋਣ ਰਫ਼ਲ਼ ਦੇ ਫ਼ੈਰ।
ਡਿੱਗੀਆਂ ਖਾਕੇ ਗਿਰਦਣੀ, ਵੱਟੇ ਉਖੱੜਗੇ ਪੈਰ।

ਸ਼ਬਦ ਤਰਜ਼—6

(1)

ਭਾਨੇ ਬਦਨੇ ਸੰਨਤ ਕੁਰ ਚੱਕਲੀ, ਬਾਹਾਂ ਨੂੰ ਝੰਜੋੜਾ ਮਾਰਕੇ।
'ਸੰਡ੍ਹ' ਉੱਪਰ ਚੜ੍ਹਾਕੇ ਹੱਕਲੀ, ਚੰਦਰਾ ਇਰਾਦਾ ਧਾਰਕੇ।
ਖੜ੍ਹ ਮਾਰੇ ਲਲਕਾਰੇ ਸ਼ੇਰਾਂ, ਅੱਖੀਆਂ ਦਿਖਾਈਆਂ ਕੌੜੀਆਂ।
ਮਾਰ-ਮਾਰਕੇ ਲੜਕੀਆਂ ਲੇਰਾਂ, ਰਾਊਕਿਆਂ ਨੂੰ ਜਾਣ ਦੌੜੀਆਂ।

(2)

ਤਲਵਾਰ ਨੇ ਮਾਰੀਆਂ ਲਛਕਾਂ, ਹੱਥ ਵਿੱਚ ਭਾਨੇ ਝੱਲੀ ਦੇ।
ਪੀ ਲੂ ਰਫ਼ਲ ਲਹੂ ਦੀਆਂ ਮਸ਼ਕਾਂ, ਸੁਣਨ ਫੁਕਾਰੇ ਕੱਲੀ ਦੇ।
ਰੱਜ ਖਾਧੀ ਵੀ ਖ਼ੁਰਾਕ ਦਲੇਰਾਂ, ਹਿੱਕਾਂ ਗਜ਼-ਗਜ਼ ਚੌੜੀਆਂ।
ਮਾਰ-ਮਾਰਕੇ ਲੜਕੀਆਂ ਲੇਰਾਂ, ਰਾਊਕਿਆਂ ਨੂੰ ਜਾਣ ਦੌੜੀਆਂ।

(3)

ਕਾਕੀ ਡਰੀ 'ਵੀ ਮਾਰਦੀ ਚੀਕਾਂ, ਚੱਕਲੀ ਚੁਰੱਸਤੇ 'ਚੋਂ।
ਧਾਲੀਵਾਲਾਂ ਨੂੰ ਲੱਗਗੀਆਂ ਲੀਕਾਂ, ਛੁਡਾਲੋ ਜੀਜੇ ਮਸਤੇ ਤੋਂ।
ਵੇ ਮੈਂ ਕਦੇ ਵੀ ਦੁਹਾਈਆਂ ਫੇਰਾਂ, ਸੁਣਲੋ ਭਰਾਵੋ ਬੈਹੜੀਆਂ।
ਮਾਰ-ਮਾਰਕੇ ਲੜਕੀਆਂ ਲੇਰਾਂ, ਰਾਊਕਿਆਂ ਨੂੰ ਜਾਣ ਦੌੜੀਆਂ।

(4)

ਸੋਹਣੇ ਮੁੱਖ ਕੁਮਲਾਗੇ ਗੋਰੇ, ਫੇਰਨ ਜ਼ੁਬਾਨ ਬੁੱਲ੍ਹਾਂ ਤੇ।
ਵੀਰ ਲੁਕਗੇ ਵਡਿਆਈ-ਖੋਰੇ, ਆਗੀ ਕਰੜਾਈ ਫੁੱਲਾਂ ਤੇ।
ਔਣ ਤੇਲ਼ੀਆਂ ਮੱਥਿਆਂ ਨੂੰ ਦੱਸ ਵੇਰਾਂ, ਖਾਣ ਜਿਉਂ ਉਬਾਲੇ ਤੌੜੀਆਂ।
ਮਾਰ-ਮਾਰਕੇ ਲੜਕੀਆਂ ਲੇਰਾਂ, ਰਾਊਕਿਆਂ ਨੂੰ ਜਾਣ ਦੌੜੀਆਂ।

(6)

ਕਈ ਉੱਚੀਆਂ ਵੱਟਾਂ ਤੋਂ ਡਿੱਗੀਆਂ, ਲਿਆਈ ਪ੍ਰਤਾਪੋ ਛਲ਼ਕੇ।
ਕਈ ਖਾਗੀਆਂ ਖਾਲ ਤੋਂ ਠਿੱਬੀਆਂ, ਪਾਟਗੇ ਦੁਪੱਟੇ ਗਲ਼ ਕੇ।

ਉਹਨਾਂ ਵੇਖਿਆ ਪਿਛਾੜੀ ਕੇਰਾਂ, ਮੁੜਕੇ ਘਰਾਂ ਨੂੰ ਔਹੜੀਆਂ।
ਮਾਰ-ਮਾਰਕੇ ਲੜਕੀਆਂ ਲੇਰਾਂ ਰਾਊਕਿਆਂ ਨੂੰ ਜਾਣ ਦੌੜੀਆਂ।

(7)

ਪਹਿਲਾਂ ਲਾ ਲੀਆਂ ਛੱਪੜ ਤੇ ਚਿੱਘੀਆਂ, ਅੱਖਾਂ ਪਾਣੀ ਨਾਲ ਭਰੀਆਂ।
'ਬਾਬੂ' ਆਕੇ ਤੇ ਪਿੜਾਂ ਦੇ ਵਿੱਚ ਡਿਗੀਆਂ, ਡਰ ਨੇ ਨਿਸਲ਼ ਕਰੀਆਂ।
ਮੋੜੋ ਸੰਤੋ ਲਗਾਈਆਂ ਡੇਰਾਂ, ਝੱਲੀਆਂ ਤੋਂ ਖਾਲੋ ਫਹੁੜੀਆਂ।
ਮਾਰ-ਮਾਰਕੇ ਲੜਕੀਆਂ ਲੇਰਾਂ, ਰਾਊਕਿਆਂ ਨੂੰ ਜਾਣ ਦੌੜੀਆਂ।

॥ ਦੋਹਿਰਾ ॥

ਚਰਚਾ ਕਰਦੇ ਆਦਮੀ, ਬੁੜੀਆਂ ਸੱਥ ਨੂੰ ਆਉਣ।
ਜਿਸਮਾਂ ਤੇ ਹੱਥ ਫੇਰਕੇ, ਚੁੰਮ-ਚੁੰਮ ਹਿੱਕ ਨੂੰ ਲੌਣ।

ਤਰਜ਼ ਦੋਤਾਰਾ—7

(1)

ਉਹ ਨੌਵੇਂ ਮੁਟਿਆਰਾਂ ਜੀ, ਰੋਂਦੀਆਂ ਸੱਥ ਵੱਲ ਆਈਆਂ ਨੱਠੀਆਂ।
ਸੁਣ ਚੀਕ-ਚੰਘਿਆੜਾਂ ਨੂੰ, ਨਗਰ ਦੀਆਂ ਬੁੜ੍ਹੀਆਂ ਹੋਈਆਂ ਕੱਠੀਆਂ।
ਗੱਲ ਚੰਗੂੰ ਕਰਦੀਆਂ ਨਾ, ਤੁਸਾਂ ਦੇ ਬੋਲ ਸੰਘਾਂ ਵਿੱਚ ਅੜਕਨ
ਕੀ ਕਹਿਰ ਵਰਤ ਗਿਆ ਨੀਂ, ਬੀਬੀਉ ਨਰਮ ਕਾਲਜੇ ਧੜਕਨ?

(2)

ਪੁੱਤ ਗੌਣ ਗਾਉਂਦੀਆਂ ਸੋਂ, ਤੁਰਪੀਆਂ ਘਰੋਂ ਦੁਪਹਿਰੇ ਜੱਦ ਨੀ।
ਦੱਸ ਕਿੱਥੋਂ ਡਰਗੀਆਂ ਨੀ, ਕੁੜੇ ਨਾ ਰਹਿਣ ਚੁੜੇਲਾਂ ਬੱਧਣੀ।
ਕਿਉਂ ਕੰਬੀ ਜਾਂਦੀਆਂ ਨੀ, ਅੱਖਾਂ ਮੋਂ ਨੀਰ ਵਗੇ ਦਿਲ ਫੜਕਣ।
ਕੀ ਕਹਿਰ ਵਰਤ ਗਿਆ ਨੀ, ਬੀਬੀਉ ਨਰਮ ਕਾਲਜੇ ਧੜਕਨ?

(3)

ਆਹ ਕੀਹਨੇ ਦੱਸਿਆ ਨੀ, ਪਾਵਣਾ ਪਹਿਨ ਪਜਾਮੇਂ ਖੜ੍ਹਮੇਂ।
ਇਹਨਾਂ ਸੁੰਨੀਆਂ ਰੋਹੀਆਂ ਮੋਂ, ਕਮਲੀਉ ਰਹਿਣ ਡਕੈਤੀ ਕੜਮੇਂ।
ਨਿੱਤ ਬੱਕਰੇ ਰਿੱਝਦੇ ਨੀ, ਝੱਲਾਂ ਵਿੱਚ ਪੀਣ ਸ਼ਰਾਬਾਂ ਬੜ੍ਹਕਣ।
ਕੀ ਕਹਿਰ ਵਰਤ ਗਿਆ ਨੀਂ, ਬੀਬੀਉ ਨਰਮ ਕਾਲਜੇ ਧੜਕਨ?

(4)

ਸੱਚ ਦੱਸੋ ਕਹਾਣੀ ਨੀ, ਬੀਬੀਉਂ ਨੇਕ ਕੁੱਖਾਂ ਦੀਉ ਜਣੀਉਂ।
ਕੋਈ ਮੰਦਾ ਬੋਲ ਗਿਆ ਜੇ, ਤੁਸਾਂ ਨੂੰ ਜੁਆਨ ਦੌਧਰੋਂ, ਰਣ੍ਹੀਉਂ।
ਇੱਕ ਚੜ੍ਹੀ ਜੁਆਨੀ ਸੀ, ਦੂਸਰੇ ਜਿਉਰ ਸੁਨਹਿਰੀ ਭੜਕਣ।
ਕੀ ਕਹਿਰ ਵਰਤ ਗਿਆ ਨੀ, ਬੀਬੀਉ ਨਰਮ ਕਾਲਜੇ ਧੜਕਨ?

(5)

ਇੱਕ ਡਾਰ ਹਰਨੀਆਂ ਦੀ, ਬਾਘ ਨੂੰ ਬੀੜ ਵਿਚਾਲੇ ਟੱਕਰੀ।
ਹੈ ਝੱਟਕਣ ਧੌਣਾਂ ਨੂੰ ਲੱਗਗੀ ਅੌਣ ਦੋਹਾਂ ਨੂੰ ਚੱਕਰੀ।
ਇਸ ਸਿਆਲ ਮਹੀਨੇ ਮੇਂ, ਕਾਸਤੋਂ ਐਨੀ ਲੱਗਗੀ ਸੜਕਣ?
ਕੀ ਕਹਿਰ ਵਰਤ ਗਿਆ ਨੀਂ, ਬੀਬੀਉ ਨਰਮ ਕਾਲਜੇ ਧੜਕਨ?

(6)

ਹੈ ਕਸਮ ਭਰਾਵਾਂ ਦੀ, ਤੁਸਾਂ ਦੇ ਨਾਲ ਗਈ ਸੀ ਸੰਤੀ।
ਰੋ ਟੱਕਰਾਂ ਮਾਰਨਗੇ, ਜਿੰਨ੍ਹਾਂ ਦੀ ਧੀ ਚੱਕਲੀ ਸਤਵੰਤੀ।
ਆਹ ਕੰਨੀਂ ਸੁਣਦੀਆਂ ਨੀ, 'ਰਜਬਲੀ ਖ਼ਾਨ' ਬੰਦੂਕਾਂ ਖੜਕਣ।
ਕੀ ਕਹਿਰ ਵਰਤ ਗਿਆ ਨੀ, ਬੀਬੀਉ ਨਰਮ ਕਾਲਜੇ ਧੜਕਨ?

॥ ਦੋਹਿਰਾ ॥

ਕੁੜੀਆਂ ਮੁੜੀਆਂ ਘਰਾਂ ਨੂੰ, ਮਾਰ-ਮਾਰ ਕੇ ਚੀਕ।
ਸੰਤੋ ਚੱਕਲੀ ਡਾਕੂਆਂ, ਲੱਗੀ ਕੁਲਾਂ ਨੂੰ ਲੀਕ।

ਮੁਕੰਦ ਛੰਦ—8

ਮਾਰ ਚੰਘਿਆੜਾਂ ਰਸਤੇ 'ਚੋਂ ਮੁੜੀਆਂ,
ਸਾਹ ਨੂੰ ਸਾਹ ਨਾ ਰਲਦੇ ਨਰਮ ਕੁੜੀਅ।
ਸ਼ਾਮਾਂ ਜੀਤ ਚੰਦ ਜਗਰਾਜ ਕਾਕੂ ਵੇ,
ਸੰਤੋਂ ਗ਼ਰੀਬਣੀ ਨੂੰ ਲੈਗੇ ਡਾਕੂ ਵੇ।

ਜਿਹੜਾ ਸੱਨ੍ਹ ਵਧਣੀ ਵਿਚਾਲੇ ਮੈਰਾ ਹੈ,
ਉਥੇ ਦਸਤਾਰੀ ਬੋਤੜੀ ਤੇ ਟੈਰਾ ਹੈ।
ਲਾਲ-ਲਾਲ ਆਨੇ, ਆਦਮੀ ਲੜਾਕੂ ਵੇ,
ਸੰਤੋਂ ਗ਼ਰੀਬਣੀ ਨੂੰ ਲੈਗੇ ਡਾਕੂ ਵੇ।

ਜਦੋਂ ਘੇਰਾ ਆਣ ਪਾਇਆ ਸੀ ਖਰੂਦੀਆਂ,
ਅਸੀਂ ਦੇਖ ਜਾ ਪੀਆਂ ਵਣਾਂ 'ਚ ਮੂਧੀਆਂ।
ਉਹਨਾਂ ਕੋਲ ਤੇਜ਼ ਤਲਵਾਰੋਂ ਚਾਕੂ ਵੇ।
ਸੰਤੋ ਗ਼ਰੀਬਣੀ ਨੂੰ ਲੈਗੇ ਡਾਕੂ ਵੇ।

ਜਦੋਂ ਵੀਰ ਘੇਰੀ ਚਿਤਰਿਆ ਨੇ ਹਰਨੀ,
ਥਰ-ਥਰ ਕੰਬੇ ਅਸਮਾਨ-ਧਰਨੀ।
ਗੁੰਮ-ਸੁੰਮ ਹੋਗੀ, ਜਿਉਂ ਪਸ਼ੂ ਨੂੰ 'ਟਾਕੂ' ਵੇ,
ਸੰਤੋਂ ਗ਼ਰੀਬਣੀ ਨੂੰ ਲੈਗੇ ਡਾਕੂ ਵੇ।

ਥੋਡੀ ਲਾਜ ਘੱਟ ਚੂਹੜਿਆਂ ਤੋਂ ਚੂਹਿੜਉ,
ਐਵੇਂ ਮਾਰੋਂ ਫੋਕੀਆਂ ਵਡਿਆਈਆਂ ਬੂੜਿਉ।
ਜਣਾ-ਖਣਾ ਮੈਲ਼ੀ ਜ੍ਹੀ ਨਜ਼ਰ ਝਾਕੂ ਵੇ,
ਸੰਤੋਂ ਗ਼ਰੀਬਣੀ ਨੂੰ ਲੈਗੇ ਡਾਕੂ ਵੇ।

ਚੱਕਲੀ ਸਹੇਲੀ ਰੋਂਦੀਆਂ ਨੂੰ ਛੱਡਗੇ,
ਧਾਲੀਵਾਲ਼ੋਂ ਡੁੱਬਗੇ ਤਪੇ ਦੀ ਵੱਢਗੇ।
ਗੁਰੂਦੁਆਰੇ ਵਿੱਚ ਸਿੱਟ੍ਹਗੇ ਤਮਾਕੂ ਵੇ,
ਸੰਤੋਂ ਗ਼ਰੀਬਣੀ ਨੂੰ ਲੈਗੇ ਡਾਕੂ ਵੇ।

ਕੌਣ ਸਿਆਣੇ ਪਿੰਡ 'ਚ ਪ੍ਰੇਮੇ ਟਿੰਗ ਨੂੰ,
'ਬਾਬੂ ਜੀ' ਵੰਗਾਰੋ ਗੁਰਨਾਮ ਸਿੰਘ ਨੂੰ।
ਲਾਦੇ ਸਰਦਾਰ ਨਾਕੂ ਨਾਲ ਨਾਕੂ ਵੇ,
ਸੰਤੋਂ ਗ਼ਰੀਬਣੀ ਨੂੰ ਲੈਗੇ ਡਾਕੂ ਵੇ।

॥ ਦੋਹਿਰਾ ॥

ਧਾਰੋ ਪਿੰਜਰ ਪੈ ਗਿਆ, ਰਾਊਕਿਆਂ ਦੇ ਨਗਰ।
ਗਿਆ ਸਰੋਤਿਉ ਵੀਰਨੋ, ਖੂਨ-ਖੂਨ ਤੇ ਪੰਘਰ।

ਦੋ ਭਾਗ ਛੰਦ—9

ਸੁਣ ਕੁਰਲਾਟ ਲੋਕ ਪਾਗੇ ਨੀਵੀਆਂ,
ਫੜੀ ਆਉਣ ਕਾਲਜੇ ਘਰਾਂ 'ਚੋਂ ਤੀਵੀਆਂ।

ਇਹ ਕੀ ਬਿੱਜ ਪੈਗੀ ਅਸਮਾਨੋਂ ਅੰਬਰੀਂ,
ਵਿਲਕੇ ਪ੍ਰੇਮੇ ਦੀ ਨਿਆਣੀ ਟੱਬਰੀ।

ਨਿਆਂਣਿਆਂ ਦਾ ਹੋਵੇ ਕੁਰਲਾਟ ਬੰਦ ਨਾ,
ਰੋਵੇ ਬਾਪ, ਪੈਂਦੀਆਂ ਬੁੜ੍ਹੀ ਨੂੰ ਦੰਦਣਾਂ।

ਹੌਗੇ ਮੌਮ ਵੇਖਕੇ, ਕਠੌਰ ਹਿਰਦੇ,
ਠਣਕ-ਠਣਕ ਨੈਣੋਂ ਨੀਰ ਗਿਰਦੇ।

ਪਿੱਟ-ਪਿੱਟ ਸ਼ਕਲ ਵਿਗਾੜੀ ਵਿੱਢ ਦੀ,
ਕਮਲਿਆਂ ਜਹਾਨਾਂ ਬੁਰੀ ਅੱਗ ਢਿੱਡ ਦੀ।

ਕਿਹੜੇ ਖੂਹ 'ਚ ਡੋਬੀ-ਡੁੱਬ ਗਿਆਂ ਨੀ ਸੰਤੀ,
ਅਸੀਂ ਬੇ-ਗੁਨਾਹੇ ਕੀਹਨੇ ਧੌਣ ਭੰਨ ਤੀ?

ਪਹਿਲਾਂ ਕਹਿੰਦਾ ਕਰਗੇ ਚਲਾਕੀ ਬੌਰੀਏ।
ਜਿੰਨ੍ਹਾਂ ਲੁੱਟਲੇ ਧਰਮ ਕੌਟ ਨੌਹਰੀਏ।

ਦੂਸਰਾ ਸੁਣਾਵੇ ਸੈਹਿੰਸੀ ਲੈਗੇ ਰਾਮੇ ਦੇ,
ਮੋੜ ਲਿਆਂਵਗੇ ਸ਼ਰੀਕਾਂ ਨੂੰ ਅਲਾਂਮੇ ਦੇ।

ਤੀਜਾ ਕਹਿੰਦਾ ਚੂਹੜੇ-ਚੱਪੜੇ ਅਠੂਰ ਕੇ,
ਚੱਲੋ ਵਾਹਰ ਚੱਲਕੇ ਮੁੜਾਈਏ ਘੂਰ ਕੇ।

ਚੌਥਾ ਕਹਿੰਦਾ ਹੋਣੇ ਤੱਪੜਾਂ ਦੇ ਹਾਰਨੀ,
ਡਾਕੂਆਂ ਬਗੈਰ ਇਹ ਕਿਸੇ ਦੀ ਕਾਰ ਨ੍ਹੀਂ।

ਦੁੱਲਾ ਰਾਏ ਕੌਟ ਦਾ ਗੁੱਜਰ ਝੰਡਾ ਜੀ,
ਜੀਹਨੇ ਵੱਢਿਆ ਔਲੀਏ ਸੁੱਚੇ ਦਾ ਡੰਡਾ ਜੀ।

ਹਰੀ ਕਾ ਇੰਦਰ ਸ਼ਾਮ ਹੌਰੀ ਹੌਣਗੇ,
ਜਾਕੇ ਦਸਤਾਰੀ ਮੱਲਣ ਖੜੌਣਗੇ।

ਜਾਂ ਤਾਂ ਧੱਕਾ ਕਰ ਗਿਆ ਦਲੀਪ ਹਿੱਕ ਦਾ,
ਨਾਲ ਦੇਵੀ ਦਾਸ ਬਾਹਮਣ ਚੜ੍ਹਿੱਕ ਦਾ।

ਭੰਮਿਆਂ ਦਾ ਬਾਵਾ ਟੇਕੂ ਹੌਰੀਂ ਬਹੁੜਗੇ,
ਜਿਹੜੇ ਜੇਲ੍ਹ ਭੰਨਕੇ ਬਠਿੰਡਿਉਂ ਦੌੜਗੇ।

ਦਿਆਲ ਸਿਉਂ ਤੇ ਮੱਲ ਆਖਦੇ ਹਿਸਾਬ ਲਾ,
ਜਿੰਨ੍ਹਾਂ ਤਿਉਣੇ ਕੀਤਾ ਠਾਣੇ ਦਾ ਮੁਕਾਬਲਾ।

ਰਾਮਣ ਘੁਮਿਆਰ ਚੱਕਾ ਵਾਲਾ ਜੰਗੂ ਜੀ,
ਆਗੇ ਸੱਪ ਉੱਡਣੇ ਕਈਆਂ ਨੂੰ ਡੰਗੂ ਜੀ।

ਜਗੇਇਉਂ ਗੁਰਦਿਆਲ ਗੰਗਾ ਵਾਲਾ ਖੇਮ ਜੀ,
ਛਾਲ ਮਾਰੀ ਲੁੱਟਕੇ ਗੱਡੀ 'ਚੋਂ ਮੇਮ ਜੀ।

'ਰਜਬਲੀ ਗੱਲ ਅਸਲੀ ਨ੍ਹੀਂ ਬੋਲ ਦੇ,
ਸ਼ੇਰ ਪੁਰਿਉਂ ਜੁਆਨ ਜਗਰਾਵਾਂ ਕੌਲ ਦੇ।

॥ ਦੋਹਿਰਾ ॥

ਏਕ 'ਸਮਾਧੋਂ' ਬਾਹਮਣੀ, ਉਸਦੇ ਪੇਕੇ ਪਾਰ।
ਸੰਤੋ ਮਿਲਗੀ ਬਿਲਕਦੀ, ਪੁਛਦੀ ਦੇਹ ਹਿਤਕਾਰ।

ਮਨੋਹਰ ਭਵਾਨੀ ਛੰਦ-10

ਅੱਗੇ ਤੋਰਾਂ ਨਵੀਂ ਸਾਖੀ, ਲੀੜੇ ਡਾਕੂਆਂ ਦੇ ਖਾਖੀ, ਸੀ ਬੁੜ੍ਹੀ ਨੇ ਗੱਲ ਆਖੀ, ਬਾਹਮਣੀ ਸਮਾਧ ਦੀ। ਲੈਕੇ ਤੇ ਖਬਰ ਮੁੜੀ ਆਵੇ ਪੁਆਧ ਦੀ। ਕਾਕੀ ਤੁਸੀਂ ਕਿਹੜੇ ਗੋਂ ਕੇ? ਘੜੀ-ਘੜੀ ਦੇਖੇ ਭਉਂ ਕੇ, ਲਵੇਂ ਲੰਮੇ-ਲੰਮੇ ਹੌਕੇ, ਜਿਉਂ ਸਤਾਈ ਰਾਂਦੀ ਨੇ। ਤੈਂ ਕਿਉਂ ਪੁੱਤ ਰੌਣਾ ਮੁਕਲਾਵੇ ਜਾਂਦੀ ਨੇ?

ਐਨੀ ਖੜ੍ਹੀ ਕਿਉਂ ਮਸੌਸੇ, ਖੜ੍ਹੀ ਸੀਸ ਨੂੰ ਪਲੌਸੇ, ਕੀ ਅਸਾਂ ਦੇ ਨਾਲ ਰੌਸੇ, ਕੀ ਨਰਾਜ਼ੀ ਡਿੱਡੇ ਨੀ? ਮਾਰੇਂ ਕੂਕਾਂ ਉੱਚੀਆਂ, ਹਰਖ ਕਿੱਡੇ ਨੀ? ਕਰੇਂ ਕਿਹੜੀ ਗੱਲੋਂ ਝੋਰਾ? ਨਾ ਸੁਖਾਲੀ ਦਿਸੇਂ ਭੋਰਾ, ਕੀ ਕਿਸੇ ਕਲਹਿਰੀ ਮੋਰਾ। ਆਖਿਆ ਰਾਹੀ-ਪਾਂਧੀ ਨੇ। ਤੈਂ ਕਿਉਂ ਪੁੱਤ ਰੌਣਾ ਮੁਕਲਾਵੇ ਜਾਂਦੀ ਨੇ?

ਤੈਨੂੰ ਸੰਸਾ ਕੀ ਖਾਵੇ? ਰੋਹੀ ਜੰਗਲ ਡਰਾਵੇ, ਕੌਣ ਰੋਂਦੀ ਨੂੰ ਵਰਾਵੇ?
ਰੋ ਸੁਜਾਈਆਂ ਅੱਖੀਆਂ। ਉਹਨੂੰ ਪਤਾ ਦੁੱਖਾਂ ਦਾ ਜਿੰਨ੍ਹਾਂ ਨੇ ਰੱਖੀਆਂ।
ਖੜ੍ਹੀ ਨੀਵੀਂ ਧੌਣ ਸਿੱਟ੍ਹੀ, ਤੇ ਪਿੰਡੇ ਨੂੰ ਲੱਗੀ ਮਿੱਟੀ, ਮੈਂ ਬਥੇਰੀ ਗੋਰੀ-ਚਿੱਟੀ,
ਕਿਉਂ ਲਬੇੜੀ ਫਾਂਦੀ ਨੇ। ਤੈਂ ਕਿਉਂ ਪੁੱਤ ਰੋਣਾ ਮੁਕਲਾਵੇ ਜਾਂਦੀ ਨੇ?

ਮੂੰਨੇ ਛੱਡ ਚੱਲੀ ਗਾਡ, ਯਾਦ ਆਗੇ ਮਾਂ ਦੇ ਲਾਡ, ਮਾਰੇ ਡਾਡ ਉਤੇ ਡਾਡ,
ਸਮਝਾਉਂਦੀ ਨਿਆਣੀ ਨੂੰ। ਵਗੇ ਰਜਵਾਹਾ ਪੁੱਤ ਪੀਲੈ ਪਾਣੀ ਨੂੰ।
ਕਾਲੇ ਲੀੜੇ ਕੀਤੇ ਮੱਧਕੇ, ਤੂੰ ਕਿਸੇ ਦੀ ਕੁੜੀ ਵੱਧਕੇ, ਕੇਰਾਂ ਬੋਲ ਹਾਂ ਮਾਂ—ਸਦਕੇ,
ਹੱਥ ਜੋੜੇ ਬਾਂਦੀ ਨੇ। ਤੈਂ ਕਿਉਂ ਪੁੱਤ ਰੋਣਾ ਮੁਕਲਾਵੇ ਜਾਂਦੀ ਨੇ?

ਪਿਆਰ ਦੇ ਕੇ ਬਾਹੋਂ ਖਿੱਚ, ਫੜ ਲੈਲੀ ਜੱਫੀ ਵਿੱਚ, ਕਿਉਂ ਖੜੋਤੀ ਐਨੀ ਜਿੱਚ,
ਫੋੜੇ ਵਾਂਗੂੰ ਭਰੀ ਪਈ, ਹੈ ਮੈਂ ਡੁੱਬ ਮਰਜਾਂ ਗ਼ਮਾਂ ਨੇ ਚਰੀ ਪਈ।
ਤੈਨੂੰ ਕਾਹਤੋਂ ਲੱਗੇ ਡਰ, ਹਾਣ ਪ੍ਰਵਾਨ ਵਰ, ਕਾਕੀ ਸਹੁਰਿਆਂ ਦੇ ਘਰ,
ਜਾਣਾ ਸੀ ਦੌੜਾਂਦੀ ਨੇ। ਤੈਂ ਕਿਉਂ ਪੁੱਤ ਰੋਣਾ ਮੁਕਲਾਵੇ ਜਾਂਦੀ ਨੇ?

ਬੱਸ ਰੋ ਨਾ ਭੰਨ ਵੰਗਾਂ, ਜੇ ਉਠਾਈ ਡਾਕੂ ਨੰਗਾਂ, ਅੱਜ ਰਾਊਕਿਆਂ 'ਚੋਂ ਲੰਘਾਂ,
ਦੇ ਸੁਨੇਹੇ ਵੀਰਾਂ ਨੂੰ। ਚੜ੍ਹਜੇ ਸ਼ਮੀਰ ਸਹਿਬਾਂ ਤੋਂੜੇ ਤੀਰਾਂ ਨੂੰ।
'ਰਜਬਲੀ ਖਾਂ' ਤੂੰ ਕੂੰਨੀ, ਤੇਰੇ ਮਾਪੇ ਸੁਣੇ ਖ਼ੂਨੀ, ਚੱਲਣਾ ਦੜੂੰ-ਦੜੂੰ ਨੀ,
ਰਫ਼ਲ ਲਿਆਂਦੀ ਨੇ। ਤੈਂ ਕਿਉਂ ਪੁੱਤ ਰੋਣਾ ਮੁਕਲਾਵੇ ਜਾਂਦੀ ਨੇ?

॥ ਦੋਹਿਰਾ ॥

ਸੰਤੋ ਧਾਹਾਂ ਮਾਰਦੀ, ਰੋ-ਰੋ ਕਰੇ ਬਿਆਨ।
ਚੜ੍ਹਜੋ ਵੀਰ ਸ਼ਮੀਰ ਖਾਂ, ਲੈ ਕੇ ਤੀਰ-ਕਮਾਨ।

ਡੂਢਾ ਛੰਦ—11

ਪੁੱਛਿਆ ਜਾ ਦਾਦੀ ਨੇ ਕਹਾਣੀ ਹਿੱਤ ਦੀ, ਕੀ ਲੱਗੇਂ ਮਨੁੱਖਾਂ ਦੀ?
ਸੰਤੋ ਨੇ ਖੋਲ੍ਹਤੇ ਭੜਾਸ ਚਿੱਤ ਦੇ, ਸੁਣਾਤੀ ਪੋਥੀ ਦੁੱਖਾਂ ਦੀ।
ਦੇਦੀਂ ਤੂੰ ਸੁਨੇਹੇ ਰਾਊਕਿਆਂ ਦੇ ਛੋਹਰਾਂ ਨੂੰ, ਉਤੇ ਸੂਏ-ਸੱਪੇ ਦੇ।
ਜਾਂਦੀ-ਜਾਂਦੀ ਕਹਿਦੀਂ ਗੁਰਨਾਮ ਹੋਰਾਂ ਨੂੰ, ਜੋ ਸਰਦਾਰ ਤੱਪੇ ਦੇ।

ਆਖਦੀਂ ਬੁੱਟਰ ਵਾਲੀ ਪਟਵਾਰਨ ਐ, ਮੈਂ ਲਿਉਣਾ ਪੱਟ ਨੀ।
ਵਧਨੀ ਦੇ ਸੰਨ੍ਹ 'ਚ ਕਰਾਗੀ ਕਾਰਨ ਐ, ਬਹਾਗੀ ਰਾਹ 'ਚ ਜੱਟ ਨੀ।

ਪਹਿਰੂਆਂ ਨੂੰ ਦੱਸਗੀ ਲਗਾਕੇ ਚੋਰਾਂ ਨੂੰ, ਪ੍ਰਤਾਪੇ ਛੱਪੇ ਦੇ।
ਜਾਂਦੀ-ਜਾਂਦੀ ਕਹਿਦੀਂ ਗੁਰਨਾਮ ਹੋਰਾਂ ਨੂੰ, ਜੋ ਸਰਦਾਰ ਤੱਪੇ ਦੇ।

ਬੇੜੀ ਬਹਿਗੀ ਦੁਨੀਆਂ ਗ਼ਰਕ ਚੱਲੀ ਐ, ਐਂ ਕੀ ਪੈਣ ਗੌਲ਼ੇ ਨੀ।
ਮਾੜਿਆਂ ਕੰਮਾਂ ਦੇ ਉਤੇ ਹੋਗੇ 'ਝੱਲੀ' ਐ, ਨਾ ਥਿਉਂਦੇ ਡੋਲ਼ੇ ਨੀ।
ਚੁਗ ਲੈਣ ਪੀੜ ਕਰਕੇ ਟਕੋਰਾਂ ਨੂੰ, ਸੁਆਦ ਤਾਂ ਮਲੱਪੇ ਦੇ।
ਜਾਂਦੀ-ਜਾਂਦੀ ਕਹਿਦੀਂ ਗੁਰਨਾਮ ਹੋਰਾਂ ਨੂੰ, ਜੋ ਸਰਦਾਰ ਤੱਪੇ ਦੇ।

ਸ਼ੇਰਪੁਰੇ ਵਾਲੇ ਭਾਨ ਸਿਉਂ ਤੇ ਬਦਨਾ, ਕਲੰਕ ਖੱਟੀ ਜਾਂਦੇ ਐ।
ਐਸਾ ਕੰਮ ਕਰੂ ਨਾ ਕੰਗਾਲ ਅਦਨਾਂ, ਮੈਨੂੰ ਚੱਕੀ ਜਾਂਦੇ ਐ।
ਕਹਿੰਦੀ ਸਾਕ ਪੁਜੇ 'ਵੇ ਚਲਾਗੇ ਜ਼ੋਰਾਂ ਨੂੰ, ਨਾ ਕੰਮ ਚੂਹੜੇ-ਚੁੱਪੇ ਦੇ।
ਜਾਂਦੀ-ਜਾਂਦੀ ਕਹਿਦੀਂ ਗੁਰਨਾਮ ਹੋਰਾਂ ਨੂੰ, ਜੋ ਸਰਦਾਰ ਤੱਪੇ ਦੇ।

ਪਰ੍ਹੋਂ ਵਿੱਚ ਦਾਹੜੀ ਮੁੰਨਗੇ ਦਲੇਰਾਂ ਦੀ, ਉਚੇ ਟੌਰੇ ਵਾਲਿਆਂ ਦੀ।
ਰੋਂਦੀ ਜਾਵਾਂ ਭੈਣ ਮੈਂ ਭਰਾਵਾਂ ਸ਼ੇਰਾਂ ਦੀ, ਮਾਪੇ ਉਘੇ ਬਾਲ੍ਹਿਆਂ ਦੀ।
ਗੋਲੀ ਮਾਰ ਭਾਨੇ ਦੇ ਕੱਢਣ ਖੋਰਾਂ ਨੂੰ, ਜਗਰਾਵਾਂ ਟੱਪੇ ਦੇ।
ਜਾਂਦੀ-ਜਾਂਦੀ ਕਹਿਦੀਂ ਗੁਰਨਾਮ ਹੋਰਾਂ ਨੂੰ, ਜੋ ਸਰਦਾਰ ਤੱਪੇ ਦੇ।

'ਰਜਬਲੀ' ਰਹੀ ਕੁਰਲਾਉਂਦੀ ਖੌਹਜ ਨੂੰ, ਮੇਰੀ ਲੰਮੀ ਬੌਹੜੀ ਜਾ।
ਜਾਕੇ ਧਾਲੀਵਾਲਾਂ ਦੀ ਚੜ੍ਹਾਦੇ ਫੌਜ ਨੂੰ, ਛੇਤੀ-ਛੇਤੀ ਦੌੜੀ ਜਾ।
ਮੇਰਾ ਵੀਰ ਸੂਰਮਾ ਉਡਾਦੂ ਮੌਰਾਂ ਨੂੰ, ਜੇ ਸੂਤ ਆਗੇ 'ਭੱਪੇ' ਦੇ।
ਜਾਂਦੀ-ਜਾਂਦੀ ਕਹਿਦੀਂ ਗੁਰਨਾਮ ਹੋਰਾਂ ਨੂੰ, ਜੋ ਸਰਦਾਰ ਤੱਪੇ ਦੇ।

॥ ਦੋਹਿਰਾ ॥

ਡਿਗਦੀ ਢਹਿੰਦੀ ਬਾਹਮਣੀ, ਗਈ ਨਗਰ ਮੇਂ ਪਹੁੰਚ।
ਉੱਚੀਆਂ ਕੂਕਾਂ ਮਾਰਦੀ, ਬੁੜ੍ਹੀ ਖੜ੍ਹੋਤੀ ਗਾਉਂ 'ਚ।

ਦੋ ਭਾਗ ਛੰਦ—12

ਡਿੱਗ ਢਹਿਕੇ ਆਗੀ ਪੰਡਤਾਣੀ ਰਾਊਕੀ,
ਤੁਸੀਂ ਐਨਾ ਰੁੱਝਗੇ ਕੰਮਾਂ 'ਚ ਸਾਊ ਕੀ?

ਝਾੜਕੇ ਤੇ ਪੇਂਦੂ ਬੇਰੀਆਂ ਦੀ ਕਾਕੜੀ,
ਰਾਹ 'ਚ ਮਿਲੇ ਚੱਕੀ ਜਾਂਵਦੇ ਜਵਾਕੜੀ।

ਕੱਠੇ ਹੋਕੇ ਸੁਣਲੋ ਕਹਾਣੀ ਦੁੱਖ ਦੀ,
ਸਾਰੀ ਲਾਲੀ ਉੱਡਗੀ ਸੁਰਖ ਮੁੱਖ ਦੀ।
ਲੰਮੇ ਕੇਸ ਪੱਟਤੇ ਭੁਜੰਗ ਕਾਲ਼ੇ ਵੇ,
ਮਖਣੀ ਦੇ ਨਾਲ ਮਾਂ ਸੱਚਿਆਰੀ ਪਾਲ਼ੇ 'ਵੇ।

ਰੋਂਦੀ ਜਾਵੇ ਬੋਤੇ ਤੇ ਸੁਜਾਈਆਂ ਅੱਖੀਆਂ,
ਉਹਨੂੰ ਪਤਾ ਦੁੱਖਾਂ ਦਾ ਜਿੰਨ੍ਹਾਂ ਨੇ ਰੱਖੀਆਂ।

ਕੇਰਾਂ ਦੜ ਦੇਣੇ ਡਿੱਗਪੀ ਕਰੀਰ ਮੇਂ,
'ਘੂਰ' ਨਾਲ ਖਿੱਚਲੇ ਕੁੜੀ ਦੇ ਸੀਰਮੇਂ।

ਜਾਣ ਜਜਮਾਨੋ ਨਾ ਸੁਣਾਈਆਂ ਸਾਰੀਆਂ,
ਨਾਲੇ ਟੁੱਟ ਪੈਣਿਆਂ ਨੇ ਚਪੇੜਾਂ ਮਾਰੀਆਂ।

ਵੇਖ ਕੇਸ ਨਿਆਣੀ ਜੀ ਕੁੜੀ ਦੇ ਕੋਹੀ ਦੇ,
ਖੜ੍ਹੇ ਧਾਹਾਂ ਮਾਰਦੇ ਜਨੌਰ ਰੋਹੀ ਦੇ।

ਗਲ ਪਾਕੇ ਕੱਪੜੇ ਸਦੈਣਾਂ ਵਾਂਗਰਾਂ,
ਦੂਰੋਂ ਸੁਣਨ ਵੈਰਾਗ ਦੀਆਂ ਚਾਂਗਰਾਂ।

ਸੁੱਕਾ ਸੰਘ ਮਰਦੀ ਤਿਹਾਈ ਨਿਆਣੀ ਸੀ,
ਸੂਏ ਤੇ ਉਤਾਰੀ ਪੀਣ ਲੱਗੇ ਪਾਣੀ ਸੀ।

ਜਦੋਂ ਡਾਕੂ ਰਤਾ ਕੁ ਪਰ੍ਹਾਂ ਨੂੰ ਤਿਲ੍ਹਕੇ,
ਮੈਂ-ਵੀ ਐਨੇ ਪਹੁੰਚਗੀ ਖੜੋਤੀ ਬਿਲਕੇ।

ਹੱਥ ਰੱਖ ਪਿੰਡੇ ਤੇ ਪਲੋਸਿਆ ਸਿਰ ਮੈਂ,
ਲਾਈ ਰੱਖੀ ਹਿੱਕ ਨੂੰ ਬਥੇਰਾ ਚਿਰ ਮੈਂ।

ਦੱਸੇ ਹਾਲ ਰੋ ਕੇ ਆਹ ਸੁਨੇਹੇ ਦੇਤੇ ਜੀ,
ਵੱਢ ਲੈਣ 'ਮਾਰੂ' ਜਮਾਂ ਨੂੰ ਅਗੇਤੇ ਜੀ।

ਕਿਹੜਾ ਜੁਆਨ ਨਾਮ 'ਗੁਰਨਾਮ' ਜਿਹੜੇ ਦਾ,
ਜਿਹੜਾ ਸਰਦਾਰ ਹੈ ਨਗਰ-ਖੇੜੇ ਦਾ।

ਹੱਥ ਬੰਨ੍ਹ ਸਾਰੀਆਂ ਸੁਣਾਈਆਂ ਬੀਤੀਆਂ,
ਤੈਨੂੰ ਪੁੱਤ ਸੰਤੋ ਤਾਕੀਦਾਂ ਕੀਤੀਆਂ।

ਨਸ਼ਾ-ਪੱਤਾ ਪੀਣਾ, ਜਗਰਾਵਾਂ ਵੈਰੀਆਂ,
ਅੱਗੋਂ ਰਾਹ-ਮੇ ਰੋਕਲੋ ਭਜਾਕੇ ਟੈਰੀਆਂ।

ਐਨੀ ਕਹਿਕੇ ਸਿੱਟ੍ਹਤੀ ਚੰਗਿਆੜੀ ਸਰ ਤੇ,
'ਰਜਬਲੀ' ਢਾਲਕੇ ਨਿਢਾਲ ਕਰਤੇ।

॥ ਦੋਹਿਰਾ ॥

ਸੰਤੋ ਲਿਆਂਦੀ ਚੱਕਕੇ, ਖੁਸ਼ੀਆਂ ਝੱਲੀ ਮਨਾਉਣ।
ਦੋਸਤ ਕੱਠੇ ਕਰ ਲਏ, ਕੁੱਲ ਨੂੰ ਨਸ਼ਾ ਪਿਲਾਉਣ।

ਮੁਕੰਦ ਛੰਦ—13

ਚੱਕ ਕੇ ਕੁਆਰੀ ਕਾਕੀ ਆਗੇ ਪਿੰਡ ਜੀ,
ਡੰਗਗੇ ਪ੍ਰੇਮ ਸਿੰਘ ਨੂੰ ਭਰਿੰਡ ਜੀ।
ਰਾਊਕਿਆਂ 'ਚੋਂ ਮੁਛੱਕੇ ਨਰਮ ਬੱਲੀਆਂ,
ਨਸ਼ੇ ਦੀਆਂ ਸ਼ੀਸ਼ੀਆਂ ਮੰਗਾਈਆਂ ਝੱਲੀਆਂ।

ਦੇਤੇ ਖੋਹਲ ਛਿੱਲੜ ਭਜਾਤਾ ਦੌੜੇ ਨੂੰ,
ਕੌੜੇ ਮੂੰਹ ਕਰਾਤੇ, ਪਾਣੀ ਲਿਆਕੇ ਕੌੜੇ ਨੂੰ।
ਠੇਕਾ ਜਗਰਾਵੀਂ ਟੈਰੀਆਂ ਦਬੱਲੀਆਂ,
ਨਸ਼ੇ ਦੀਆਂ ਸ਼ੀਸ਼ੀਆਂ ਮੰਗਾਈਆਂ ਝੱਲੀਆਂ।

ਤਿੜਿਆ ਫਿਰੇ ਬਦਨਾ ਚਿਬਡ ਖੱਡੂ ਜੀ,
ਜੀਹਨੂੰ ਖੁਆਤੇ ਲੈ ਤੇ ਹੱਟੀ ਤੋਂ ਲੱਡੂ ਜੀ।
ਕੋਕਰੀ ਤੇ ਗਾਲਬ ਮਠਿਆਈਆਂ ਘੱਲੀਆਂ,
ਨਸ਼ੇ ਦੀਆਂ ਸ਼ੀਸ਼ੀਆਂ ਮੰਗਾਈਆਂ ਝੱਲੀਆਂ।

ਘਰ ਸੱਦ ਰੱਖੇ ਮਿੱਤਰਾਂ ਦਾ ਆਂਮਣਾ,
ਲਿਆਣ ਕੇ ਬਜ਼ਾਰ 'ਚੋਂ ਲੁਕਾਟ ਜਾਮਣਾਂ।
ਅੰਬ, ਅਮਰੂਦ, ਕੇਲੇ ਦੀਆਂ ਛੱਲੀਆਂ,
ਨਸ਼ੇ ਦੀਆਂ ਸ਼ੀਸ਼ੀਆਂ ਮੰਗਾਈਆਂ ਝੱਲੀਆਂ।

ਬੀਸ-ਤੀਸ ਬੋਤਲਾਂ ਖਰਚ ਕਰਕੇ,
'ਸੋਹਣੀ ਸੱਦੇ ਰਾਮ' ਦੀ ਉਡੌਂਦੇ ਧਰਕੇ।
ਪਿੰਡ ਵਿਚੋਂ ਢਾਣੀਆਂ ਅਨੇਕਾਂ ਰਲੀਆਂ,
ਨਸ਼ੇ ਦੀਆਂ ਸ਼ੀਸ਼ੀਆਂ ਮੰਗਾਈਆਂ ਝੱਲੀਆਂ।

ਰੱਜੇ 'ਵੇ ਸ਼ਰਾਬ ਦੇ ਘੰਗੂਰੇ ਠੋਕਦੇ,
ਨਾਲੇ ਲੱਤਾਂ ਮਾਰੀਆਂ ਗ਼ਰੀਬ ਦੋ-ਕੁ ਦੋ।
ਚੂਹੜੇ ਘੁਮਿਆਰਾਂ ਨੂੰ ਦਖੌਂਦੇ ਮੱਲੀਆਂ,
ਨਸ਼ੇ ਦੀਆਂ ਸ਼ੀਸ਼ੀਆਂ ਮੰਗਾਈਆਂ ਝੱਲੀਆਂ।

ਘਰ ਮੂਧੇ ਕਰਕੇ ਮਿਲਣ ਡੌਲੇ ਜੀ,
ਸੁਣ ਲੰਮੀ ਖੜਕੇ ਚੱਲਣ ਗੌਲੇ ਜੀ।
ਹੋਰ ਕਈ ਪਿੰਡਾਂ 'ਚੋਂ ਹਵਾਈਆਂ ਰੱਲੀਆਂ,
ਨਸ਼ੇ ਦੀਆਂ ਸ਼ੀਸ਼ੀਆਂ ਮੰਗਾਈਆਂ ਝੱਲੀਆਂ।

ਨਾਸ, ਫ਼ੀਮ, ਭੰਗ ਤੇ ਗੁੜਾਵਾ ਹੁੱਕਾ ਜੀ,
ਰਹਿਜੇ ਨਾ ਅਮਲ ਵਾਲਾ ਕੋਈ ਸੁੱਕਾ ਜੀ।
'ਰਜਬਲੀ' ਗੱਲਾਂ ਕਰਦੇ ਕਲੱਲੀਆਂ,
ਨਸ਼ੇ ਦੀਆਂ ਸ਼ੀਸ਼ੀਆਂ ਮੰਗਾਈਆਂ ਝੱਲੀਆਂ।

॥ ਦੋਹਿਰਾ ॥

ਡਰਦਾ ਫਿਰਦਾ ਭਾਨ ਸਿਉਂ, ਕਹੇ ਦੋਸਤਾਂ ਪਾਸ।
ਯਾਰ ਨਸ਼ੇ ਦੇ ਲੋਰ ਮੇਂ, ਦੇਣ ਖੜ੍ਹੇ ਧਰਵਾਸ।

ਦੋ ਭਾਗ ਛੰਦ—14

ਕੌੜਾ ਪਾਣੀ ਘੁੱਟ ਕੁ ਪਿਆਤਾ ਇੱਕ ਨੂੰ,
ਜਿੰਦ-ਜਾਨ ਆਪਣੀ ਠਕੌਰੇ ਹਿੱਕ ਨੂੰ।

ਕਿਸੇ ਵੇਲੇ ਰੱਖੀ ਨਾ ਭਰਾਵਾ ਸੰਗ ਨੂੰ,
ਮੁੜਾਂ ਨਾ ਪਿਛ੍ਹਾੜੀ ਭਾਵੇਂ ਢੋ ਦੀਂ ਜੰਗ ਨੂੰ।

ਨਾਸ ਵਾਲਾ ਨਾਸ ਦਾ ਚੜ੍ਹਾਕੇ ਚੁਟਕਾ,
ਫੋਕੀਆਂ ਵਡਿਆਈਆਂ ਦਾ ਸੁਣਾ ਗਿਆ ਗੁਟਕਾ।

ਪੰਜ ਜੁਆਨ ਕੱਢਦੀਂ ਕੱਲੇ ਨੂੰ ਚੁਣਕੇ,
ਮੈਨੂੰ ਨਸ਼ਾ ਚੜ੍ਹਦਾ ਭੜਾਕੇ ਸੁਣਕੇ।

ਪੌਸਤ ਦਾ ਬੱਠਲ ਪਿਆਤਾ ਭੰਗੀ ਨੂੰ,
ਭੀੜ 'ਚ ਵੰਗਾਰੀਂ ਨਾ ਸਹਾਰੀ ਤੰਗੀ ਨੂੰ।

ਹੋਂਗੇ ਜਦੋਂ ਟਾਕਰੇ ਬਣਾਦੂੰ ਲਾਂਗੀਆਂ,
ਕਈਆਂ ਦੀਆਂ ਬਾਹਾਂ ਮੇਲਿਆਂ ਤੇ ਛਾਂਗੀਆਂ।

ਇੱਕ ਮਾਸ-ਖਾਣੇ ਨੂੰ ਲਿਆਤਾ ਬੱਕਰਾ,
'ਲਾਟ' ਦੀ ਵੀ ਰੱਖੀਂ ਪਰਵਾਹ ਨਾ ਫੱਕਰਾਂ।

ਹੋਂਗੇ ਜੇ ਸਬੱਬੀਂ ਮੇਲ ਪਾਦੂੰ ਧਾਂਗ ਨੂੰ,
ਪਾਣੀ ਕੀ ਲੰਘਾਂਜੇ ਖਾ ਕੇ ਮੇਰੀ ਡਾਂਗ ਨੂੰ।

ਦੇਤਾ ਚਾਹ ਦੇ ਪਿਆਕ ਨੂੰ ਗੁੜਾਣਾ ਕਰਕੇ,
ਵੇਖਿਉ ਫਿਰੋਂ ਮੂਤਦੇ ਕਿਸੇ ਤੋਂ ਡਰਕੇ।

ਮਿੱਤਰ-ਧਰੋਹ ਜੋ ਧੋਖਾ ਦੇਵੇ ਸਾਥੀ ਨੂੰ,
ਭੀਮ ਵਾਂਗੂੰ ਚਾੜਦੂੰ ਸਮਾਨ ਹਾਥੀ ਨੂੰ।

ਲੈਤਾ ਸੇਰ ਹੁੱਕਾ ਪੀਣੇ ਨੂੰ ਤਮਾਕੂ ਜੀ,
ਮੇਰੇ ਜਿਉਂਦੇ ਪਿੰਡ ਨਾ ਵੜਨ ਡਾਕੂ ਜੀ।

ਵੇਖ ਪਰਤਿਆਕੇ ਮੈਂ ਬਥੇਰਾ ਛੁਲਕੇ,
ਰੇਲ ਦੇ ਸਿੰਗਲ ਵਾਂਗੂੰ ਮਾਰੂ ਉਲ ਕੇ।

ਦੋ ਕੁ ਮਾਵੇ ਫ਼ੀਮ ਦੇ ਫੜਾਤੇ ਫ਼ੀਮੀਂ ਨੂੰ,
ਸੂਰਮੇਂ ਦੇ ਜ਼ੋਰ ਤੇ ਵਸਾਲੂੰ ਤੀਮੀਂ ਨੂੰ।

'ਰਜਬਲੀ' ਅਮਲੀ ਖੜੋਤਾ ਗਿੱਬੇ ਜੀ,
ਮਾਰ-ਮਾਰ ਲਾਦੂੰਗਾ ਧੜਾਂ ਦੇ ਟਿੱਬੇ ਜੀ।

॥ ਦੋਹਿਰਾ ॥

ਪੁੱਛਣ ਲੋਕ ਪੰਚਾਇਤ ਦੇ, ਜਾ ਭਾਨੇ ਦਾ ਹਾਲ।
ਦਸਦਾ ਮੋੜ ਪੰਚੈਤ ਨੂੰ, ਗਿਣ-ਗਿਣ ਸਾਰਾ ਮਾਲ।

ਮਨੋਹਰ ਭਾਵਨੀ ਛੰਦ—15

ਧੀ ਦੇ ਹਿਕ 'ਚ ਜਲੇਮੇਂ, ਤੋਂ ਦੁੱਖਾਂ ਦੇ ਫੁੱਟੇ ਸੇਮੇ, ਗੀਤਾ ਖੋਲ੍ਹਤੀ ਪ੍ਰੇਮੇ,
ਤੇ ਸੁਨਾਉਣ ਬਹਿ ਗਿਆ। ਫਟੀ ਕੂੰਜ ਵਾਂਗ ਕੁਰਲਾਉਣ ਡੈਹ ਗਿਆ।
ਸਾਕ ਆਦੀ ਐ ਕੰਗਾਲ, ਮੈਂ ਸੁਣਾਵਾਂ ਗਿਣ ਮਾਲ, ਕੋਲੇ ਪੈਲੀ ਨਾ ਕਨਾਲ,
ਇੱਕ ਥਾਂ ਦਾ ਪੰਗਾ ਹੈ। ਗੁਜ਼ਾਰਾ ਤਾਂ ਪ੍ਰਾਹੁਣੇ ਦਾ ਬਥੇਰਾ ਚੰਗਾ ਹੈ।

ਰੰਬਾ ਕਹੀ ਕੁਹਾੜੀ ਦਾਤ, ਹੈ ਨਾ ਦੇਜਕੀ ਪ੍ਰਾਤ, ਇੱਕ ਢੱਠੀ ਜ੍ਹੀ ਸਵ੍ਹਾਤ,
ਤੋੜਿਉਂ ਨੂੰ ਸਿਉਂਕ ਜੀ। ਵਣ ਦੀ ਲਟੈਣ ਲੈਕੇ ਚਾਹੜੀ ਕਿਉਂਕਿ ਜੀ।
ਇਕ ਬਾਰ ਅੱਗੇ ਟੱਪ, ਪਾਣੀ ਚਿਉਂਦਾ ਲੱਪ-ਲੱਪ, ਵਿੱਚ ਕਿਰਲੀਆਂ ਤੇ ਸੱਪ,
ਲਾਂਵਦੇ ਦੜੰਗਾ ਹੈ। ਗੁਜ਼ਾਰਾ ਤਾਂ ਪ੍ਰਾਹੁਣੇ ਦਾ ਬਥੇਰਾ ਚੰਗਾ ਹੈ।

ਨੰਗ ਡੇਰੇ ਦੇ ਫ਼ਕੀਰ, ਵਾਣ ਖਾਵੇ ਚੀਰ-ਚੀਰ, ਕੀਤਾ ਛਾਣਨੀ ਸਰੀਰ,
ਲੀਰ-ਲੀਰ ਜੁੱਲੀਆਂ। ਵਿੱਚ ਘੀਸਾਂ ਖੇਡਣ ਕਬੱਡੀ ਖੁੱਲ੍ਹੀਆਂ।
ਰੂੜ੍ਹੇ ਤੌੜੇ-ਮੱਘੀ ਫੁੱਟੀ, ਕਿਸੇ ਕੋਲੋਂ ਪੀੜ੍ਹੀ ਲੁੱਟੀ, ਦੌਣ ਮੰਜਿਆਂ ਦੀ ਟੁੱਟੀ,
ਨਾ ਸਬੂਤ ਸੰਘਾ ਹੈ। ਗੁਜ਼ਾਰਾ ਤਾਂ ਪ੍ਰਾਹੁਣੇ ਦਾ ਬਥੇਰਾ ਚੰਗਾ ਹੈ।

ਪਾਏ ਕੋਠੀਆਂ ਭੜੋਲੇ, ਘਰੇ ਖਾਣ ਨੂੰ ਨਾ ਛੋਲੇ, ਚਾਰੇ ਗੁਆਂਢੀਆਂ ਦੇ ਖੋਲੇ,
ਡੋਲੇ ਮੀਆਂ ਰਾਣਿਆਂ ਦੇ। ਛੱਕ ਚੰਦ ਗੁਝੇ ਨਾ ਰਹਿਣ ਸਿਆਣਿਆਂ ਦੇ।
ਗੋਡੇ-ਗੋਡੇ ਭੁੱਖ ਨੰਗ, ਟੁੱਕ ਪੱਕੇ ਲੰਬੇ ਡੰਗ, ਵੇਖਿਆ ਬੈਠਕੇ ਤੇ ਰੰਗ,
ਰੋਟੀਆਂ ਤੇ ਦੰਗਾਂ ਹੈ। ਗੁਜ਼ਾਰਾ ਤਾਂ ਪ੍ਰਾਹੁਣੇ ਦਾ ਬਥੇਰਾ ਚੰਗਾ ਹੈ।

ਕਿਤੋਂ ਲੈਕੇ ਇੱਕੜ-ਦੁੱਕੜ, ਢੱਗਾ ਲੈ ਲਿਆ ਸੁੱਕੜ, ਇੱਕ ਬਾਂਦਰੀ ਦੋ ਕੁੱਕੜ,
ਤੇ ਕਤੂਰੇ ਕਾਰੀ ਐ। ਬੱਕਰੀ ਬੁੱਢੀ ਜੀ ਨੇਤਰਾਂ ਤੋਂ ਆਰੀ ਐ।
ਊਠ ਚੰਗੜਾਂ ਤੋਂ ਲੈਂਦਾ, ਪਾਪੀ ਵੱਢਣੇ ਨੂੰ ਪੈਂਦਾ, ਤੇ ਮਹੀਨਾਂ ਲਾਉਂਦਾ ਬਹਿੰਦਾ,
ਪੌਣੇ ਚਾਰ ਟੰਗਾ ਹੈ। ਗੁਜ਼ਾਰਾ ਤਾਂ ਪ੍ਰਾਹੁਣੇ ਦਾ ਬਥੇਰਾ ਚੰਗਾ ਹੈ।

ਮਾਰੇ ਬਦਨੇ ਨੇ ਡਾਕੇ, ਅੱਠੀਂ ਨਵੀਂ ਥਾਈਂ ਝਾਕੇ, ਕਿਸੇ ਮੂਸਲ਼ ਬਣਾਕੇ,
ਮੱਥੇ ਮਾਰਿਆ ਇਹਨਾਂ ਦੇ। ਅੱਸੂ ਨੂੰ ਵਟਾਉਂਦੇ, ਤਾਰਾ-ਮੀਰਾ ਝੋਨਾ ਦੇ।
'ਰਜਬਲੀ' ਹੈਨਾ ਸ਼ੱਕ, ਕਾਲਾ ਰੰਗ ਪਵੇ ਹੱਕ, ਲਾਇਆ ਬੌਰੀਏ ਦਾ ਨੱਕ,
ਸਹਿੰਸੀ ਦਾ ਮਝੁੰਗਾ ਹੈ। ਗੁਜ਼ਾਰਾ ਤਾਂ ਪ੍ਰਾਹੁਣੇ ਦਾ ਬਥੇਰਾ ਚੰਗਾ ਹੈ।

॥ ਦੋਹਿਰਾ ॥

ਗਈ ਪੰਚੈਤ ਮੁੜਾਉਣ ਨੂੰ, ਨਾਲ ਗਿਆ ਗੁਰਨਾਮ।
ਜੱਫੀ ਪਾਲੀ ਭੈਣ ਨੇ, ਪੀੜੇਂ ਆਉਣ ਅਰਾਮ।

ਮੁਕੰਦ ਛੰਦ—16

ਭੱਜਕੇ ਭਰਾ ਨੂੰ ਜੱਫੀ ਪਾਲੀ ਘੁਟਕੇ,
ਰੋ ਕੇ ਲੱਗੀ ਪੜ੍ਹਨ ਗ਼ਮਾਂ ਦੇ ਗੁਟਕੇ।
ਫੁੱਲ ਵਾਂਗੂੰ ਖਿੜੀ ਨਾ ਚੱਕੀ ਦਾ ਚਾਵਾਂ ਨੂੰ,
ਸੰਤੋ ਡਡਿਆਕੇ ਚਿੰਬੜੀ ਭਰਾਵਾਂ ਨੂੰ।

ਆਂਹਦਾ ਹਊ ਜੱਗ ਕੀ? ਖੜੋਂਦਾ ਚਿੱਤ ਨੀ,
ਹੈ ਮੈਂ ਡੁੱਬ ਮਰਜਾਂ ਨਮੋਸ਼ੀ ਕਿਤਨੀ।
ਮੇਰੇ ਪਿੱਛੋਂ ਲਾਹਜੇ ਲੱਗੀਆਂ ਬਲਾਵਾਂ ਨੂੰ,
ਸੰਤੋ ਡਡਿਆਕੇ ਚਿੰਬੜੀ ਭਰਾਵਾਂ ਨੂੰ।

ਪੇਚ ਵਿੱਚ ਆਗੀ ਸ਼ਾਮੋ ਦੀ ਨਣਾਨ ਦੇ,
ਕਹਿੰਦੀ ਚੰਗੇ ਪੱਟ ਬਧਨੀ ਦੁਕਾਨ ਦੇ।
ਪੱਟੋ ਪਟਵਾਰਨ ਚਲਾਗੀ ਦਾਵਾਂ ਨੂੰ,
ਸੰਤੋ ਡਡਿਆਕੇ ਚਿੰਬੜੀ ਭਰਾਵਾਂ ਨੂੰ।

ਹੁਣ ਭਾਨੇ ਨਾਲ ਕੀ ਸਕੀਰੀ ਬਾਪੂ ਦੀ?
ਰਾਸ਼ਿਆਂ ਚੱਕੀ ਚੀਨਣ ਹਾਂਗਕਾਂਗ ਟਾਪੂ ਦੀ।
ਖਿੱਚਲੇ ਲੁਕਾਟ ਮੂੰਹ 'ਚੋਂ ਮਾਰ ਕਾਵਾਂ ਨੂੰ,
ਸੰਤੋ ਡਡਿਆਕੇ ਚਿੰਬੜੀ ਭਰਾਵਾਂ ਨੂੰ।

ਤੀਵੀਆਂ 'ਚ ਬੈਠਕੇ ਵਖਾਉਂਦੇ ਆਕੜਾਂ,
ਮਾਸ ਦੀਆਂ ਵੀਹਾਂ 'ਚ ਖਿੰਡਾ ਦਿਉ ਫਾਕੜਾਂ।
ਪੰਜ-ਸੱਤ ਲੋਥਾਂ ਜਾਣ ਜਗਰਾਵਾਂ ਨੂੰ,
ਸੰਤੋ ਡਡਿਆਕੇ ਚਿੰਬੜੀ ਭਰਾਵਾਂ ਨੂੰ।

ਹੱਥਾਂ ਵਿਚ ਡਾਂਗਾਂ ਮੋਢੇ ਤੇ ਰਮਾਲੀਆਂ,
ਬਦਨਾਂ ਗਿਲੱਜ ਅੱਖਾਂ ਤਾੜੇ ਲਾਲੀਆਂ।

ਬੂੰਡੇ ਖਾਣੇ ਪੁਆਧੜੇ ਪੁਨਣ ਮਾਵਾਂ ਨੂੰ,
ਸੰਤੋ ਡਡਿਆਕੇ ਚਿੰਬੜੀ ਭਰਾਵਾਂ ਨੂੰ।

ਇੱਲਾਂ ਅਸਮਾਨ 'ਚ ਘਰਾਂ 'ਚ ਭੌਣ ਕਾਂ,
ਕੀਤੀਆਂ ਨਾ ਆਂਣਕੇ ਮਕਾਣਾ ਰੌਣਕਾਂ।
'ਰਜਬਲੀ' ਉਤਲੀਆਂ ਉਡਾ ਦਿਉ ਥਾਵਾਂ ਨੂੰ,
ਸੰਤੋ ਡਡਿਆਕੇ ਚਿੰਬੜੀ ਭਰਾਵਾਂ ਨੂੰ।

॥ ਦੋਹਿਰਾ ॥

ਸ਼ੇਰ ਪੁਰੇ ਮੇਂ ਪਹੁੰਚਗੇ, ਬੜੀ ਚਲਾਕ ਨਣਾਨ।
ਮਿਹਣੇ ਦੇ ਪਾਤਾਪ ਕੁਰ, ਰਹੀ ਕਾਲਜਾ ਛਾਣ।

ਮੁਕੰਦ ਛੰਦ—17

ਖੜ੍ਹੀ ਪਟਵਾਰਨ ਚਲਾਵੇ ਤੁੱਕਰਾਂ,
ਪਤਾ ਲੱਗੂ ਜਦੋਂ ਜਾ ਜੁੜਨ ਨੁੱਕਰਾਂ।
ਡਾਹਡਾ ਜਿੱਤ ਜਾਊ ਕਮਜ਼ੋਰ ਹਾਰੂ ਵੇ,
ਭਾਨ ਸਿਉਂ ਦੇ ਸਹੁਰੇ ਦੇ ਮਲੰਗ ਵਾਹਰੂ ਵੇ।

ਆਗੇ ਕੱਢ ਧੌਲ ਦਾਹੜੇ ਥੱਬੇ-ਥੱਬੇ ਦੇ,
ਡਿਗਦੇ ਫਿਰਨ ਪੈਰੀਂ ਵੀਰ ਕੱਬੇ ਦੇ।
ਇੰਦਰ, ਨਰੈਣ, ਗੁਰਦਿਆਲ, ਬਾਰੂ ਵੇ,
ਭਾਨ ਸਿਉਂ ਦੇ ਸਹੁਰੇ ਦੇ ਮਲੰਗ ਵਾਹਰੂ ਵੇ।

ਸਾਨੂੰ ਲੁੱਟ ਖਾ ਗਿਆ ਪ੍ਰੇਮਾ ਅਮਲੀ,
ਐਵੇਂ ਚੜ੍ਹ ਆਗੀ ਜੱਟਵਾਧ ਕਮਲ਼ੀ।
ਸਾਥੋਂ ਨ੍ਹੀ ਰਜਾਈ ਦਾ ਬਲ੍ਹਦ ਚਾਰੂ ਵੇ,
ਭਾਨ ਸਿਉਂ ਦੇ ਸਹੁਰੇ ਦੇ ਮਲੰਗ ਵਾਹਰੂ ਵੇ।

ਸੱਪ ਮਿੱਤ ਨਾ, ਲੱਗਣ ਅੰਬ ਅੱਕ ਦੇ,
ਲਿਆਏ ਮੰਗ ਆਪਦੀ ਮਰਨ ਹੱਕ ਦੇ।
ਬਹਿਜੇ ਭੁਖਿਆਂ ਸੂਰਮਾ ਕਿਸੇ ਨੂੰ ਮਾਰੂ ਵੇ,
ਭਾਨ ਸਿਉਂ ਦੇ ਸਹੁਰੇ ਦੇ ਮਲੰਗ ਵਾਹਰੂ ਵੇ।

ਜਿੱਥੇ ਨਾ ਬਿਰਛ ਪ੍ਰਧਾਨ ਰਿੰਡ ਨੇ,
ਸੀਸ ਤੇ ਚੜ੍ਹਾ ਲਿਆ ਗੁਰਨਾਮ ਪਿੰਡ ਨੇ।
ਐਵੇਂ ਲੱਟ ਜੱਟ ਨੂੰ ਪਿਉਂਦੇ ਦਾਰੂ ਵੇ,
ਭਾਨ ਸਿਉਂ ਦੇ ਸਹੁਰੇ ਦੇ ਮਲੰਗ ਵਾਹਰੂ ਵੇ।

ਮੈਨੂੰ ਚੰਗੂ ਪਤੈ, ਬਦਨਾਮ ਅੱਗੇ ਐ,
ਟੈਰੇ, ਬੋਤੇ, ਖੋਲੀਆਂ ਕਢਾਤੇ ਢੱਗੇ ਐ।
ਗੁੱਜਰਾਂ ਦੇ ਖਾ ਗਿਆ ਚੱਕਕੇ ਪਹਾਰੂ ਵੇ,
ਭਾਨ ਸਿਉਂ ਦੇ ਸਹੁਰੇ ਦੇ ਮਲੰਗ ਵਾਹਰੂ ਵੇ।

ਐਵੇਂ ਸੁੱਕੀ ਆਕੜ ਦਖਾਉਂਦੇ ਦੇਸ ਨੂੰ,
ਮੇਰੇ ਛੋਟੇ ਵੀਰ ਸੇ ਲੜਾਲੋ ਏਸਨੂੰ।
ਬਦਨੇ ਦੀ ਡਾਂਗ ਇੱਕ ਨਾ ਸਹਾਰੂ ਵੇ,
ਭਾਨ ਸਿਉਂ ਦੇ ਸਹੁਰੇ ਦੇ ਮਲੰਗ ਵਾਹਰੂ ਵੇ।

'ਰਜਬਲੀ' ਦੰਦੀਆਂ ਚਿੜਾਵੇ ਛੋਕਰਾ,
ਜੁਆਨਾਂ ਦੀ ਧੰਗੇੜ ਨਾ ਝੱਲਣ ਜੋਕਰਾ।
ਐਵੇਂ ਟਾਂ-ਟਾਂ ਕਰੇ, ਟੋਲੇ ਦਾ ਬਤਾਰੂ ਵੇ,
ਭਾਨ ਸਿਉਂ ਦੇ ਸਹੁਰੇ ਦੇ ਮਲੰਗ ਵਾਹਰੂ ਵੇ।

॥ ਦੋਹਿਰਾ ॥

ਸ਼ਾਮੋ ਕਹੇ ਨਨਾਣ ਨੂੰ, ਨਾ ਦੇਹ ਐਡ ਤਰਾਹਟ।
ਖਾਕੇ ਮਾਲ ਹਰਾਮ ਦਾ, ਗਈ ਪ੍ਰਤਾਪੋ ਪਾਟ।

ਮਕੰਦ ਛੰਦ—18

ਰੱਬ ਕੰਮ ਆਉਣ ਨੂੰ ਬਣਾਏ ਬੁੱਤ-ਰੂਹ,
ਕਦੋਂ ਪਟਵਾਰਨੇ ਅਫਰੇਵਾਂ ਉੱਤਰੂ?
ਸੱਥਾਂ 'ਚ ਖੜੋਤੀ ਮਾਰਦੀ ਤਰ੍ਹਾਨੇ ਨੀ,
ਖੂਨ ਨਾ ਕਰਾ ਲੜਾਕੀਏ ਨਣਾਨੇ ਨੀ।

ਤੂੰ ਹੀ ਸਾਰੇ ਟੱਬਰੋਂ ਖ਼ਰਾਬ ਦੰਦਲੇ,
ਪਿੱਟੇਂਗੀ ਭਰਾ ਨੂੰ ਬੰਨ੍ਹ-ਬੰਨ੍ਹ ਸੰਦਲੇ।

ਪ੍ਰਤਾਪੋ ਪਟਵਾਰਨ ਸ਼ਤਾਨੇ ਨੀ,
ਖ਼ੂਨ ਨਾ ਕਰਾ ਲੜਾਕੀਏ ਨਣਾਨੇ ਨੀ।

ਬੇੜੀ ਪਟਵਾਰੀ ਦੀ ਬਹਾਤੀ ਥੱਲੇ ਨੀ,
ਖ਼ਤਰਾ ਖਤਾਨੀ ਪੈਸਾ ਰਿਹਾ ਪੱਲੇ ਨੀ।
ਕਰੇ ਭਲੀ ਮਾਣਸੇ ਕੰਜਰ ਖਾਨੇ ਨੀ।
ਖ਼ੂਨ ਨਾ ਕਰਾ ਲੜਾਕੀਏ ਨਣਾਨੇ ਨੀ।

ਸਾਡੇ ਵੀਰ ਨਿਆਣੇ ਮਾਪਿਆਂ ਦੀਆਂ ਹੀਣੀਆਂ,
ਝੱਲਾਂ ਵਿੱਚ ਸੁੰਦੀਆਂ ਅਨੇਕਾਂ ਸ਼ੀਹਣੀਆਂ।
ਭਲੀ ਪੱਤ ਨਾਲ ਮੋੜਦੇ ਜਨਾਨੇ ਨੀ,
ਖ਼ੂਨ ਨਾ ਕਰਾ ਲੜਾਕੀਏ ਨਣਾਨੇ ਨੀ।

ਸੰਤੋ ਕੁਆਰੀਨੂੰ ਵਿਆਉਣਾ ਔਂਡ ਸੀ,
ਭਾਲਦੇ ਸਹੇ ਨੂੰ ਤੁਸੀਂ ਉਸੇ ਖੱਡ ਸੀ।
ਉਹੋ ਪ੍ਰਤਾਪੋਂ ਲੱਦਗੇ ਜ਼ਮਾਨੇ ਨੀ,
ਖ਼ੂਨ ਨਾ ਕਰਾ ਲੜਾਕੀਏ ਨਣਾਨੇ ਨੀ।

ਝੋਲੀ 'ਚ ਅੰਗਿਆਰ ਪਏ ਕਿਉਂ ਨੀ ਸਿੱਟ੍ਹਦੀ,
ਧਾਲੀਵਾਨ ਯੱਕੇ, ਝੱਲੀ ਦੁੱਕੀ ਇੱਟ ਦੀ।
ਸੂਤ ਆਗੇ ਤਿਹਾਂ ਦੇ ਕਢਾਦੂ ਆਨੇ ਨੀ,
ਖ਼ੂਨ ਨਾ ਕਰਾ ਲੜਾਕੀਏ ਨਣਾਨੇ ਨੀ।

ਨਾਮ ਬਦਲਾਦੀਂ ਮੀਢੀਆਂ ਨਾ ਚੁਟਰੋਂ,
ਬਦਨੇ ਦੀ ਕਾਣ ਨਾ ਮੰਗਾਲੀ ਬੁੱਟਰੋਂ।
ਸ਼ਗਨਾਂ ਦੇ ਹੱਥਾਂ ਤੇ ਬੰਨ੍ਹਾਦੂੰ ਗਾਨੇ ਨੀ,
ਖ਼ੂਨ ਨਾ ਕਰਾ ਲੜਾਕੀਏ ਨਣਾਨੇ ਨੀ।

'ਰਜਬਲੀ' ਸ਼ੇਰ ਨੇ ਰਤੀ ਕੁ ਸ਼ਿਸਕਰੇ,
ਮੋਟੇ ਸ਼ਰ੍ਹੇ ਮਾਰ ਜਾਣਗੇ ਖਿਸਕਰੇ।
ਮੇਰੇ ਵੀਰ ਲੌਣ ਜਾਣਦੇ ਨਿਸ਼ਾਨੇ ਨੀ,
ਖ਼ੂਨ ਨਾ ਕਰਾ ਲੜਾਕੀਏ ਨਣਾਨੇ ਨੀ।

॥ ਦੋਹਿਰਾ ॥

ਭਾਨਾ ਕਹੇ ਪੰਚਾਇਤ ਨੂੰ, ਤੁਸੀਂ ਭਨਾਉਣੇ ਬੁੱਲ੍ਹ।
ਨਹੀਂ ਜ਼ਨਾਨੀ ਮੋੜਦੇ, ਜ਼ੋਰ ਲਗਾਲੋ ਕੁੱਲ।

ਦੋ ਭਾਗ ਛੰਦ—19

ਗੱਲ ਸ਼ਾਮ ਕੌਰ ਦੀ ਵਿਚਾਲਿਉਂ ਟੁੱਟਕੇ,
ਪੰਜ-ਸੱਤ ਵਾਰੀ ਮੋਢਿਆਂ ਤੋਂ ਥੁੱਕ ਕੇ।

ਭਾਨ ਸਿੰਘ ਬੋਲਦਾ ਮੁੱਛਾਂ ਨੂੰ ਵੱਟ ਦੇ,
ਮੀਲ-ਮੀਲ ਸੁਣਦੇ ਖੰਘੂਰੇ ਜੱਟ ਦੇ।

ਬੰਨ੍ਹਕੇ ਤੇ ਸਿਹਰੇ ਫੇਰੇ ਲੈਲੂ ਇੱਕ ਦੇ,
ਸੰਤੋ ਵਸਾਉਣੀ ਜ਼ੋਰ ਨਾਲ ਹਿੱਕ ਦੇ।

ਲਹੂ ਵੀ ਕਢਾਉਣਾ, ਖ਼ੌਫ਼ ਖਾਣਾ ਪੱਛਾਂ ਤੋਂ,
ਦਰਿਆ ਤੇ ਰਹਿਣ ਵਾਲੇ ਨਾ ਡਰਨ ਮੱਛਾਂ ਤੋਂ।

ਸੱਪ ਸ਼ੇਰ ਰਹਿਣ ਨਾ ਕਿਸੇ ਦੀ ਘੂਰ ਮੇਂ,
'ਮਾਰ' ਮਾਰੀ ਮੋੜਦੇ ਪਿਛਾਂਹ ਨ੍ਹੀਂ ਸੂਰਮੇਂ।

ਬੋਲ ਪਿਆ ਵਿਚਾਲਿਉਂ ਗੁਰਨਾਮ ਗੱਭਰੂ,
ਰੱਖਲੈ ਤੂੰ ਆਇਆਂ ਦੀ ਨਲੈਕਾ ਅੱਬਰੂ।

ਚੰਗਾ ਚਾਹੁਨੈ ਬਾਹਾਂ ਨੂੰ ਪਿਛਾੜੀ ਮੋੜਦੇ,
ਨਹੀਂ ਭਾਨ ਸਿੰਘਾ ਤੂੰ ਸਕੀਰੀ ਤੋੜਦੇ।

ਫੇਰ ਪਛਤਾਉਂਗੇ ਤੁਸਾਂ ਨੇ ਸੋਚੀ ਨਾ,
ਮੂੰਹ ਤੇ ਹੱਥ ਫੇਰ ਗ੍ਰਾਂ ਜੁਲਾਹੇ ਮੋਚੀ ਨਾ।

ਐਨੀ ਕਹਿਕੇ ਹਰਖ ਚੜ੍ਹਾਤਾ ਭਾਨੇ ਨੂੰ,
ਚੱਕੀ ਫਿਰੇ ਮੌਤ ਗੁਰਨਾਮ ਫਾਨੇ ਨੂੰ।

ਘੋਲੇ ਸਰਦਾਰੀਆਂ ਟਡੇਰਾਂ ਸੁੱਕੀਆਂ,
ਫੇਹ ਦੂੰਗਾ ਚਿੱਬੜ੍ਹ ਵਾਂਗ ਮਾਰ ਮੁੱਕੀਆਂ।

ਮੈਥੋਂ ਛੋਟਾ ਚੌਬਰ ਲੜਾਕਾ ਬਦਨਾ,
ਦੇਖਿਉ ਕਿਤੇ ਦੇਵੇ ਮਾਰਕੇ ਉਲੱਦ ਨਾ।

ਪਾੜਕੇ ਕਪਾਲ ਮਾਰ ਧੌਣ ਵੱਢ ਦੂੰ,
ਸੂਤ ਦੇ ਗਲੌਟੇ ਵਾਂਗੂੰ ਘੂਰ ਕੱਢ ਦੂੰ।

ਚੰਗੀ ਗੱਲ ਕਰੋ ਤਾਂ ਖਿੜਾਜੋ ਕੰਗਣੇ,
ਨਹੀਂ ਬਾਹਾਂ ਭੰਨ ਕੇ ਪੁਆਦੂੰ ਬੰਗਣੇ।

ਆਕੇ ਢੱਗੇ ਲੱਗਗੇ ਡਰੌਣ ਰੋਹੀ ਦੇ,
ਐ ਨੀ ਥੋਥੋਂ ਫੱਨੂੰ 'ਝੱਲੀਆਂ' ਦੇ ਖੋਹੀ ਦੇ।

ਹੱਥੀ ਡੌਲਾ ਦੇਕੇ, ਮੁਗ਼ਲਾਂ ਨੂੰ ਕਾਂਗੜੋਂ,
'ਰਜਬਲੀ' ਅਜੇ ਵੀ ਨਲੈਕੋਂ ਤਾਂਘੜੋਂ।

॥ ਦੋਹਿਰਾ ॥

ਕਹੇ ਸੂਰਮਾ ਭਾਨ ਸਿਆਂ, ਨਾ ਪਾ ਐਡ ਖਰੂਦ।
ਮੋਟੇ ਛਰਰੇ ਮਾਰਕੇ, ਦੇਊਂ ਛਾਣ ਵਜੂਦ।

ਮਕੰਦ ਛੰਦ—20

ਐਨੀ ਗੱਲ ਸੁਣ ਸੁਰਦਾਰ ਹਰਖੇ,
ਜੌਹਰੀ ਬੱਚਾ ਲਾਲ ਦੀ ਕਦਰ ਪਰਖੇ?
ਯਾਦ ਰੱਖੀ ਧੱਕੀ ਤੈਂ ਪੰਚੈਤ ਭਾਨਿਆ,
ਭੈਣ ਗੁਰਨਾਮ ਸਿਉਂ ਦੀ ਚੱਕੀ ਭਾਨਿਆਂ।

ਤੁਸੀਂ ਨੱਕ ਵੱਢਦੇ ਹਿੱਕਾਂ ਤੇ ਬੁਰਸ਼ੀ,
ਮੋਗੇ ਦਾ ਤਸੀਲਦਾਰ ਦੇਵੇ ਕੁਰਸੀ।
ਫੰਨੇ ਖ਼ਾਂ ਸਦਾਉਂਦੇ ਕੀਤੇ ਛੱਕੀ ਭਾਨਿਆਂ,
ਭੈਣ ਗੁਰਨਾਮ ਸਿਉਂ ਦੀ ਚੱਕੀ ਭਾਨਿਆਂ।

ਮੈਂ ਵੀ ਮਸਾਂ ਖਾਵਾਂ ਟੁੱਕਰ ਭਰਾਵਾਂ ਮੇਂ,
ਸੂਰਮੇਂ ਦੀ ਤੜ੍ਹੀ ਪੰਦਰਾਂ ਗਰਾਵਾਂ ਮੇਂ।
ਸੰਤੋ ਕੁਮਾਰੀ ਰੋਂਦੀ ਥੱਕੀ ਭਾਨਿਆਂ,
ਭੈਣ ਗੁਰਨਾਮ ਸਿਉਂ ਦੀ ਚੱਕੀ ਭਾਨਿਆਂ।

ਫਿੱਟੇ-ਮੂੰਹ ਨਲੈਕੋਂ ਕਾਹਤੋਂ ਜੰਮੇ ਘਾਟੇ ਨੂੰ,
ਮੁਰਗ਼ੇ ਸਮਾਨ ਮੈਂ ਮਰੋੜ੍ਹੂੰ ਗਾਟੇ ਨੂੰ।
ਭਾਵੇਂ ਪੀਹਣੀ ਪੈਜੇ ਗਿੱਲੀ ਮੱਕੀ ਭਾਨਿਆਂ,
ਭੈਣ ਗੁਰਨਾਮ ਸਿਉਂ ਦੀ ਚੱਕੀ ਭਾਨਿਆਂ।

ਤੇਰਾ ਮਾਸ ਕਾਵਾਂ-ਕੂਕਰਾਂ ਨੂੰ ਵੰਡਦੇ,
'ਖਰਲ' ਵਾਂਗੂੰ ਮਾਰਕੇ ਅਠਾਹਾਂ ਜੰਡ ਦੇ।
ਮੁਜੜੂ ਘਰਾਂ ਨੂੰ ਖਾਲੀ ਬੱਕੀ ਭਾਨਿਆਂ,
ਭੈਣ ਗੁਰਨਾਮ ਸਿਉਂ ਦੀ ਚੱਕੀ ਭਾਨਿਆਂ।

ਏਵੇਂ ਸਹੀ ਤੁਸੀਂ ਰਾਜ਼ੀ ਜੇ ਕਪੱਤ ਤੇ,
ਚੀਰਦੂੰ ਵਿਚਾਲਿਉਂ ਲੱਤ ਰੱਖ ਲੱਤ ਤੇ।
ਮਾਰ-ਮਾਰ ਕੇ ਉਡਾਣੂੰ ਫੱਕੀ ਭਾਨਿਆਂ,
ਭੈਣ ਗੁਰਨਾਮ ਸਿਉਂ ਦੀ ਚੱਕੀ ਭਾਨਿਆਂ।

ਮੀਏਂ ਸਰਦਾਰਾਂ ਦੀ ਉਠਾਕੇ ਛੌਕਰੀ,
ਐਵੇਂ ਮਾਰ ਪਾਏ ਸ਼ਾਹ ਭੜ੍ਹਾਕੇ ਕੌਕਰੀ।
ਰਫ਼ਲ ਗਿਆਰਾਂ ਗੌਲੀ ਪੱਕੀ ਭਾਨਿਆਂ,
ਭੈਣ ਗੁਰਨਾਮ ਸਿਉਂ ਦੀ ਚੱਕੀ ਭਾਨਿਆਂ।

ਮੌੜ ਲੈਜੂੰ ਤੇਰੇ ਮਾਰਕੇ ਉਲੱਥੇ ਮੈਂ,
ਫੜ ਦੋਹਾਂ ਭਾਈਆਂ ਦੇ ਭੜਾਦੂੰ ਮੱਥੇ ਮੈਂ।
'ਬਾਬੂ ਜੀ' ਖੁਦਾ ਦੀ ਓਟ ਤੱਕੀ ਭਾਨਿਆਂ,
ਭੈਣ ਗੁਰਨਾਮ ਸਿਉਂ ਦੀ ਚੱਕੀ ਭਾਨਿਆਂ।

॥ ਦੋਹਿਰਾ ॥

ਭਾਨੇ ਬਦਨੇ ਹੋਰਾਂ ਨੇ, ਮੋੜੇ ਲਾਹ ਪੱਤ-ਪਾਣ।
ਹੋ ਸ਼ਰਮਿੰਦੇ 'ਮਹਿਰ ਕੇ', ਪਿੰਡ ਵੱਲ ਰੋਂਦੇ ਜਾਣ।

ਸ਼ਬਦ ਤਰਜ਼—21

(1)

ਕਾਕੀ ਮੋੜੀ ਨਾ ਮਚਾਤੇ ਰੌਲੇ, ਅੰਦਰੋਂ ਉਠਾਤੇ ਗਹਿਰ ਕੇ।
ਊਂ ਤਾਂ ਕੌਡੀਉਂ ਬਣਾਤੇ ਹੌਲੀ, ਝੱਲੀ ਦੇ ਨੀ ਰੋਂਦੇ 'ਮਹਿਰ ਕੇ'।

ਚਿੱਤ ਕਰੇ ਗੁਰਨਾਮ ਸਿਉਂ ਦਾ, ਹਿੱਕ ਵਿੱਚ ਮਾਰਾਂ ਵਰਮਾ।
ਕਹੇ ਜ਼ਿਮੀਂ 'ਚ ਗਰਕ ਜਾ ਜਿਉਂਦਾ, ਗੱਭਰੂ ਨੂੰ ਔਣ ਸ਼ਰਮਾਂ।

(2)

ਵੈਰੀ ਬਣ ਗਿਆ ਜੁਆਈ ਸਾਂਵਾਂ, ਜੜਾਂ 'ਚੋਂ ਨੱਕ ਲਾਹਤਾ ਸਹੁਰੇ ਦਾ।
ਆਖੇ ਲੱਗਜਾ ਮੋੜੀਆਂ ਬਾਹਵਾਂ, ਮਿਲਿਆ ਨਾ ਪਿਆਲਾ ਮਹੁਰੇ ਦਾ।
ਚੰਗਾ ਰਹਿੰਦਾ ਨਾ ਪੰਚਾਇਤ ਲਿਉਂਦਾ,ਚੁੱਪ ਕਰ ਬਹਿੰਦਾ ਘਰ ਮਾਂ।
ਕਹੇ ਜ਼ਿਮੀਂ 'ਚ ਗਰਕ ਜਾ ਜਿਉਂਦਾ, ਗੱਭਰੂ ਨੂੰ ਔਣ ਸ਼ਰਮਾਂ।

(3)

ਸਗੋਂ ਦੇਵੇ ਪ੍ਰਤਾਪੋ ਖਾਰਾਂ, ਛੱਡਦੇ ਭਰਾ ਨਾ ਹਿੰਡ ਜੀ।
ਕਹਿੰਦੀ ਰਾਊਕੀ ਸਸਤੀਆਂ ਨਾਰਾਂ, ਵੇਚ ਜਾਣਾ ਸਾਡੇ ਪਿੰਡ ਜੀ।
ਹੱਥ ਬੰਨ੍ਹ ਕੇ ਪ੍ਰੇਮਾ ਨਿਉਂਦਾ, ਅੱਜ ਹਾਰ ਦੇਲੀ ਕਰਮਾਂ।
ਕਹੇ ਜ਼ਿਮੀਂ 'ਚ ਗ਼ਰਕ ਜਾਂ ਜਿਉਂਦਾ, ਗੱਭਰੂ ਨੂੰ ਔਣ ਸ਼ਰਮਾਂ।

(4)

ਬੁਰੇ ਚਿੰਬੜੇ ਕੁੜੀ ਨੂੰ ਜਿੰਨ ਜ੍ਹੇ, ਪੁੱਠੀਆਂ ਦਲੀਲਾਂ ਧਾਰਕੇ।
ਟੰਗਾਂ ਆਖਦੇ ਸਹੇ ਦੀਆਂ ਤਿੰਨ ਜੇ, ਘਰੇ ਬਹਿਗੇ ਬੱਤ ਮਾਰਕੇ।
ਜਾਮੇਂ ਵਿੱਚ ਬਦਨਾਂ ਨਾ ਮਿਉਂਦਾ, ਫੂਕਤੇ ਕਲੇਜੇ ਗਰਮਾਂ।
ਕਹੇ ਜ਼ਿਮੀਂ 'ਚ ਗ਼ਰਕ ਜਾਂ ਜਿਉਂਦਾ, ਗੱਭਰੂ ਨੂੰ ਔਣ ਸ਼ਰਮਾ।

(5)

ਜੁਆਨ ਕਿਸੇ ਨਾ ਨਗਰ 'ਚੋਂ ਲੰਘਦੇ, ਤੁਰੇ ਜਾਣ ਲਾਹਮ-ਲਾਹਮ ਦੀ।
ਭੁੱਜੇ ਕਾਲਜੇ ਤਰਕ ਤੋਂ ਸੰਗਦੇ, ਐਨੇ ਹੱਦ ਆਗੀ ਗਾਮ ਦੀ।
ਕੂਕਾਂ ਮਾਰਦਾ ਅੱਖਾਂ ਨੂੰ ਭਿਉਂਦਾ, ਜੁਆਨ ਗੁਰਨਾਮ ਭਰਮਾਂ।
ਕਹੇ ਜ਼ਿਮੀਂ 'ਚ ਗਰਕ ਜਾ ਜਿਉਂਦਾ, ਗੱਭਰੂ ਨੂੰ ਔਣ ਸ਼ਰਮਾਂ।

(6)

ਉੱਚੀ ਧਾ ਜਾ ਨਗਰ ਵਿੱਚ ਮਾਰੀ, ਧੀਆਂ ਰੱਖ ਹੋਗੇ ਠਿੱਠ ਜੀ।
ਸੂਤ ਆਗੇ ਤਾਂ ਲਵਾਂਗੇ ਵਾਰੀ, ਝੱਲੀਆਂ ਨੇ ਲਾਤੀ ਪਿੱਠ ਜੀ।
'ਬਾਬੂ' ਸੀਸ ਨਾ ਵੱਢਿਆ ਜੇ ਤਿਹੁੰ ਦਾ, ਮੇਰੇ ਧਰਕਾਰ ਜਰਮਾ।
ਕਹੇ ਜ਼ਿਮੀਂ 'ਚ ਗ਼ਰਕ ਜਾਂ ਜਿਉਂਦਾ, ਗੱਭਰੂ ਨੂੰ ਔਣ ਸ਼ਰਮਾਂ।

॥ ਦੋਹਿਰਾ ॥

ਬਹੁਟੀ ਓਸ ਗਵਾੜ ਦੀ, ਮੁੜਗੀ ਪਾ ਕਰ ਝਾਤ।
ਬੀਬੀ ਸੰਤੋ ਨਾ ਮੁੜੀ, ਜਾ ਦੱਸ ਤੀ ਘਰ ਬਾਤ।

ਦੂਹਰੀ ਝੋਕ—22

(1)

ਪਿੰਡ ਦੇ ਵਿੱਚ ਧਾਹਾਂ ਵੱਜੀਆਂ, ਬਹੁਟੀ ਇੱਕ ਜਾਂਦੀ ਸੀ।
ਬਾਹਾਂ ਨਾ ਮੋੜੀਆਂ ਜੀ, ਬੀਬੀ ਨਾ ਲਿਆਂਦੀ ਸੀ।
ਸੁਣਕੇ ਗੱਲ ਚੱਕਮੇਂ ਪੈਰੀਂ, ਓਧਰ ਨੂੰ ਨੱਸਦੀ ਐ।
ਸੰਨਤੋ ਦੀ ਮਾਤਾ ਕੋਲੇ, ਬੀਤੀ ਗੱਲ ਦੱਸਦੀ ਐ।
ਝੱਲੀਆਂ ਨੇ ਉਹੋ ਕੀਤੀ, ਨਵੇਂ ਚੰਦ ਚਾਹੜੇ ਨੀ।
ਉਸਤਰਾ ਫੜਕੇ ਮੁੰਨ ਤੇ, ਸੁਹਰਿਆਂ ਦੇ ਦਾਹੜੇ ਨੀ।
ਪੁੱਜਕੇ ਬਦਨਾਮੀ ਖੱਟਲੀ, ਕਸਰ ਕੋਈ ਛੋਡੀ ਨਾ।
ਆਗੀ ਪੰਚਾਇਤ ਖਾਲੀ, ਬੀਬੀ ਜੀ ਮੋੜੀ ਨਾ।

(2)

ਪੈਰੀਂ ਡਿੱਗ ਮਿੰਨਤਾਂ ਕਰੀਆਂ, ਬੰਨ੍ਹਕੇ ਹੱਥ ਸਾਲ਼ਿਆਂ ਨੇ,
ਆਕੜ ਕੇ ਗਾਲ੍ਹਾਂ ਕੱਢੀਆਂ, ਕਾਲੇ-ਮੂੰਹ ਵਾਲ਼ਿਆਂ ਨੇ।
ਆਂਹਦੇ ਨਾ ਦੱਸੀ ਜਾਂਦੀ, ਹਾਲਤ ਜੋ ਸੰਤੀ ਦੀ।
ਫੜਕੇ ਗੁੱਤ ਪੱਟਤੀ ਸਾਰੀ, ਸ਼ਾਮੋਂ ਸਤਵੰਤੀ ਦੀ।
ਮਾਰਨ ਚੰਘਿਆੜਾਂ ਦੋਵੇਂ, ਮਗਰੇ ਭੱਜ ਆਈਆਂ ਸੀ।
ਬਾਬੇ ਦੇ ਗਲ ਦੇ ਨਾਲੋਂ, ਤੋੜਕੇ ਲਾਹੀਆਂ ਸੀ।
ਸਾਕਾਂ ਨੇ ਛਾਪਾਂ ਦਿੱਤੀਆਂ, ਕਸਰ ਕੋਈ ਛੋੜੀ ਨਾ।
ਆਗੀ ਪੰਚਾਇਤ ਖਾਲੀ, ਬੀਬੀ ਜੀ ਮੋੜੀ ਨਾ।

(3)

ਕੁੱਛੜ ਵਿੱਚ ਬਹਿਕੇ ਝੱਲੀਆਂ, ਲਾਹਤੀ ਕੁੱਲ ਅੱਬਰੂ ਐ।
ਬਾਰਾਂ ਦੇ ਬੱਗੇ ਦਾਹੜੇ, ਪੰਦਰਾਂ-ਵੀਹ ਗੱਭਰੂ ਐ।
ਉੱਤਰਕੇ ਬੋਤੜਿਆਂ ਤੋਂ, ਆਗੀ ਕੁੱਲ ਢਾਣੀ ਐ।
ਹੋਗੇ ਮੂੰਹ ਹਲਦੀ ਵਰਗੇ, ਅੱਖੀਆਂ 'ਚੋਂ ਪਾਣੀ ਐ।
ਅੰਮਾਂ ਜੀ ਦੀਂਹਦੀਆਂ ਨਾ, ਨਣਦਾਂ ਰਕਾਨਾਂ ਨੀ।
ਵੇਖਕੇ ਨਿੱਕਲ ਗਈਆਂ, ਜਾਣੀਂ ਦੀ ਜਾਨਾਂ ਨੀ।
ਸ਼ਾਮੋ ਤੇ ਸੰਤੋ ਦੀਂਹਦੀ, ਕੁੜੀਆਂ ਦੀ ਜੋੜੀ ਨਾ।
ਆਗੀ ਪੰਚਾਇਤ ਖਾਲੀ, ਬੀਬੀ ਜੀ ਮੋੜੀ ਨਾ।

(4)

ਪੁੱਛਿਅ ਨਾ ਚਾਹਟਾ-ਚੂਹਟਾ, ਸਹੁਰਿਆਂ ਦੀ ਵਾਹਰ ਨੂੰ।
ਨਾਲ਼ੇ ਦੱਸ ਗਾਲ੍ਹਾਂ ਕੱਢੀਆਂ, ਪਿੰਡ ਦੇ ਸਰਦਾਰ ਨੂੰ।
ਬਹਿਗੇ ਬਣ ਚਿੱਤੂ ਮਿੱਤੂ, ਝੱਲੀ ਇੱਕ ਘਰੀਏ ਨੀ।
ਜਾਨ ਨਾ ਕੱਢੀ ਜਾਂਦੀ, ਅੰਮਾਂ ਕੀ ਕਰੀਏ ਨੀ।
ਸਾਰਾ ਪਿੰਡ ਰੋਂਦਾ ਫਿਰਦਾ, ਹੋਈਆਂ ਹੜਤਾਲਾਂ ਨੇ।
ਸੀਨੇ ਵਿੱਚ ਮੋਘ ਖੋਹਲਤੇ, ਭਾਨੇ ਦੀਆਂ ਗਾਲ੍ਹਾਂ ਨੇ।
ਬਦਨਾ ਲਲਕਾਰੇ ਮਾਰੇ, ਹਟਦਾ ਵੀ ਕੌਹੜੀ ਨਾ।
ਆਗੀ ਪੰਚਾਇਤ ਖਾਲੀ, ਬੀਬੀ ਜੀ ਮੋੜੀ ਨਾ।

(5)

ਜਿਹੜੀ ਪਟਵਾਰਨ ਕੜਮੀ, ਕਾਰੇ ਕਰਵਾਦੂਗੀ।
ਕਿਸੇ ਦਾ ਕੁਛ ਨ੍ਹੀ ਜਾਣਾ, ਵੀਰਨ ਮਰਵਾਦੂਗੀ।
ਜਿਹੜੀ ਅੱਗ ਲਾਤੀ ਉਹਨੇ, ਸੌਖੀ ਨਾ ਬੁਝਦੀ ਐ।
ਬਹਿਗੇ ਬਣ ਕਹਾਂ ਖੁਦਾ ਜੀ, ਓਸੇ ਦੀ ਪੁਗਦੀ ਐ।
ਮਿਹਣੇ ਪ੍ਰਤਾਪੋ ਮਾਰੇ, ਸੀਨਿਆਂ ਨੂੰ ਚੀਰਨ ਜੀ।
ਉੱਧਲਾਂ ਨੂੰ ਮਿਲਣ ਆਉਂਦੇ, ਉੱਧਲਾਂ ਦੇ ਵੀਰਨ ਜੀ।
ਮੂੰਹੋਂ ਗੱਲ ਕਹਿਣ ਲੱਗੀ, ਹਟਦੀ ਸੀ ਬੋੜੀ ਨਾ।
ਆਗੀ ਪੰਚਾਇਤ ਖਾਲੀ, ਬੀਬੀ ਜੀ ਮੋੜੀ ਨਾ।

(6)

ਸ਼ਾਮੋਂ ਦੀ ਸੱਸ ਦੇ ਮੇਹਣੇ, ਸੁਣਕੇ ਤੇ ਬੰਡੀ ਦੇ।
ਮਹਿਰ ਕੇ ਸਿਰ ਕੱਢ ਗੱਭਰੂ, ਹੋਗੇ ਇੱਕ ਕੌਡੀ ਦੇ।
ਬਾਬੇ ਪ੍ਰੇਮ ਸਿੰਘ ਦੇ ਖੜ੍ਹਕੇ ਬਰੋਬਰ ਜੀ।
ਕੰਧਾਂ ਨਾਲ ਟੱਕਰਾਂ ਮਾਰਦੇ ਚੌਬਰ ਜੀ।
ਬੁੱਲ੍ਹਾਂ ਤੇ ਸਿੱਕਰੀ ਆਗੀ, ਹੋਗੇ ਮੂੰਹ ਫਿੱਕੇ ਐ।
ਦੇਸ ’ਚੋਂ ਖੱਟਕੇ ਬਹਿਗੇ, ਕਾਲਸ ਦੇ ਟਿੱਕੇ ਐ।
ਰਲਕੇ ਤੇ ਕਸਮਾਂ ਖਾਂਦੇ, ਛਕਲਾਂਗੇ ਜ਼ਹਿਰ ਨੂੰ।
ਮਹਿਰਕੇ ਸਹਿ ਨ੍ਹੀਂ ਸਕਦੇ, ਐਹੋ ਜ੍ਹੇ ਕਹਿਰ ਨੂੰ।
‘ਬਾਬੂ ਜੀ’ ਕਾਹਦੀ ਗੱਲ ਐ, ਗਰਦਣ ਜੇ ਤੋੜੀ ਨਾ।
ਆਗੀ ਪੰਚਾਇਤ ਖਾਲੀ, ਬੀਬੀ ਜੀ ਮੋੜੀ ਨਾ।

॥ ਦੋਹਿਰਾ ॥

ਮਾਂ ਨੂੰ ਗਸ਼ੀਆਂ ਪੈਗੀਆਂ, ਇਹ ਗੱਲ ਸੁਣਦਿਆਂ ਸਾਰ।
ਰੋ ਕੇ ਅੱਖੀਆਂ ਮੀਟਗੀ, ਉੱਠਦੀ ਦਿਲੋਂ ਕਹਾਰ।

ਤਰਜ਼ ਦੋਤਾਰਾ—23

(1)

ਬਹਿ ਵੈਣ ਪਾਂਵਦੀ ਐ, ਕਦੇ ਵੀ ਨਾ ਮਿਲਣੀ ਧੀ ਪਿਆਰੀ।
ਹੱਥ ਦੂਰ ਹਟਾਕੇ ਤੇ, ਪੱਟਾਂ ਤੇ ਜੋੜ ਦੁਹੱਥੜ ਮਾਰੀ।
ਬਹਿ ਅੱਡੀਆਂ ਰਗੜੇ ਜੀ, ਜ਼ਿਮੀਂ ਤੇ ਰਹੀ ਘਮਾਉਂਦੀ ਵੱਖੀਆਂ।
ਮਾਂ ਤੜਫ-ਤੜਫ ਕੇ ਤੇ, ਮਾਰਕੇ ਚੀਕ ਫੇਰ ਗਈ ਅੱਖੀਆਂ।

(2)

ਕੋਈ ਪੇਸ਼ ਨਾ ਚੱਲਦੀ ਐ, ਬੁੜ੍ਹੀ ਜੀ ਬੈਠੀ ਅੱਖੀਆਂ ਮੀਟੀ।
ਧੀ ਬਿਨਾਂ ਟਿਕਟ ਤੋਂ ਗਈ, ਰਾਹਾਂ ’ਚੋਂ ਫੜਕੇ ਲੈਗੇ ਟੀਟੀ।
ਵਗ ਨੀਰ ਨੇਤਰੋਂ ਗਿਆ, ਬੜੀ ਦਿਲਗੀਰ ਉੱਡਣ ਨਾ ਮੱਖੀਆਂ।
ਮਾਂ ਤੜਫ-ਤੜਫ ਕੇ ਤੇ, ਮਾਰਕੇ ਚੀਕ ਫੇਰ ਗਈ ਅੱਖੀਆਂ।

(3)

ਮੈਂ ਤੁਰੀ ਮੁਸਾਫ਼ਰ ਹੋ, ਆਣਕੇ ਇਕ ਵਾਰ ਹਿੱਕ ਨੂੰ ਲਗਦੀ।
ਝੱਟ ਢਿੱਡ ਭਰ ਜਾਂਦਾ ਨੀ, ਬੱਚੜੀਏ ਬੁਝ ਜਾਂਦੀ ਅੱਗ ਮੱਘ੍ਹਦੀ।
ਓ ਦਰਦ ਜਾਣਦੇ ਐ, ਮਾਪਿਆਂ ਜਿੰਨ੍ਹਾਂ ਲੜਕੀਆਂ ਰੱਖੀਆਂ।
ਮਾਂ ਤੜਫ-ਤੜਫ ਕੇ ਤੇ, ਮਾਰਕੇ ਚੀਕ ਫੇਰ ਗਈ ਅੱਖੀਆਂ।

(4)

ਅੱਜ ਜਿੰਦ ਨੂੰ ਬਣੀਆਂ ਵੇ, ਜਹਾਨਾਂ ਬੁਰੇ ਵਿਛੋੜੇ ਚੰਦਰੇ।
ਤੂੰ ਛੋਪ ਪਾਂਵਦੀ ਸੈਂ, ਉਸ ਥਾਂ ਚਿਖਾ ਬਣਾਲੂੰ ਅੰਦਰੇ।
ਸਭ ਰੋਣ ਲੱਗਗੀਆਂ ਜੀ, ਆਣਕੇ ਕੁੱਲ ਸੰਨਤੋ ਦੀਆਂ ਸਖੀਆਂ।
ਮਾਂ ਤੜਫ-ਤੜਫ ਕੇ ਤੇ, ਮਾਰਕੇ ਚੀਕ ਫੇਰ ਗਈ ਅੱਖੀਆਂ।

(5)

ਜੋ ਉਸ ਗਵਾੜ ਦੀਆਂ, ਬੂਹੇ ਦੇ ਝੱਟ ਪੱਟ ਲੱਗੀਆਂ ਮਗਰੀ।
ਆ ਸ਼ੋਰ ਪੈ ਗਿਆ ਸੀ, ਸੁਣਦਿਆਂ ਸਾਰ ਉਲਟ ਗਈ ਨਗਰੀ।
ਆ ਮਾਰਨ ਕੂਕਾਂ ਨੂੰ, ਦਰਦਣਾਂ ਜੋ ਸੰਨਤੋ ਨਾਲ ਹੱਸੀਆਂ।
ਮਾਂ ਤੜਫ-ਤੜਫ ਕੇ ਤੇ, ਮਾਰਕੇ ਚੀਕ ਫੇਰ ਗਈ ਅੱਖੀਆਂ।

(6)

ਆ ਸੁਣ-ਸੁਣ ਗੱਲਾਂ ਨੂੰ, ਸਾਰੀਆਂ ਹੋਣ ਤੇਲ਼ੀਉ-ਤੇਲ਼ੀ।
ਆ ਕਿੱਧਰੋਂ ਪੈਗੀ ਨੀ, ਸੁਣਦੀਉਂ ਏਸ ਘਰੇ ਪਟਮੇਲ਼ੀ।
ਬਹਿ ਭੰਨਣ ਦੰਦਣ ਨੂੰ, 'ਰਜਬਲੀ' ਝੱਲਣ ਲੱਗਗੀਆਂ ਪੱਖੀਆਂ।
ਮਾਂ ਤੜਫ-ਤੜਫ ਕੇ ਤੇ, ਮਾਰਕੇ ਚੀਕ ਫੇਰ ਗਈ ਅੱਖੀਆਂ।

ਸ਼ਰਮ ਕਰੇ ਗੁਰਨਾਮ ਸਿਉਂ, ਅੰਦਰ ਰਹੇ ਹਮੇਸ਼।
ਝੱਲੀ ਮੁੰਨਗੇ ਦਾਹੜੀਆਂ, ਬਣਕੇ ਖ਼ਾਸ ਮਲੇਸ਼।

ਮਕੰਦ ਛੰਦ—24

ਮਾਰਕੇ ਉਡਾਰੀ ਪਿੰਡ ਆਗੇ ਬਗਲੇ,
ਰਹੇ ਸਰਦਾਰ ਜੀ ਅੰਦਰ ਅਗਲੇ।
ਮਾਰਦੀ ਸ਼ਰਮ ਜਾਨ ਦੇਦੇ ਅੱਜੇ ਨਾ,
ਜੁਆਨ ਗੁਰਨਾਮ ਦਾ ਖੰਗੂਰਾ ਵੱਜੇ ਨਾ।

ਗੱਭਰੂ ਦਾ ਮੁੜ ਗਿਆ ਨਸ਼ੇ ਤੋਂ ਨੱਕ ਜੀ,
ਕਦੇ ਨਾ ਮੰਗਾਵੇ ਕਿੱਕਰਾਂ ਦੇ ਸੱਕ ਜੀ।
ਪੈਗੀ ਨਕਸ਼ਨ ਪੀ ਸ਼ਰਾਬ ਰੱਜੇ ਨਾ,
ਜੁਆਨ ਗੁਰਨਾਮ ਦਾ ਖੰਗੂਰਾ ਵੱਜੇ ਨਾ।

ਅੱਗੇ ਟੰਗੇ ਰਹਿੰਦੇ ਸੀ ਹਵੇਲੀ ਛੱਤਰੇ,
ਹੁਣ ਸਰਦਾਰਨੀ ਚਿੱਬੜ ਕੱਤਰੇ।
ਪਿੰਡ ਵਿੱਚ ਕਿੱਤੇ ਮੁਰਗਾਨ ਲੱਭੇ ਨਾ,
ਜੁਆਨ ਗੁਰਨਾਮ ਦਾ ਖੰਗੂਰਾ ਵੱਜੇ ਨਾ।

ਦਿਨ ਰਾਤ ਆਉਣ ਰਹਿੰਦੀਆਂ ਅਵਾਸੀਆਂ,
ਖੂੰਜਿਆਂ 'ਚ ਪਈਆਂ ਰੁਲਣ ਗੰਡਾਸੀਆਂ।
ਲੱਗਗੀ ਜੰਗਾਲ ਲੈ ਰਫਲ ਗੱਜੇ ਨਾ,
ਜੁਆਨ ਗੁਰਨਾਮ ਦਾ ਖੰਗੂਰਾ ਵੱਜੇ ਨਾ।

ਭਾਣਾ ਬੀਤ ਗਿਆ ਜੀ ਐਹੋ ਜਾ ਈਸ਼ਰ ਦਾ,
ਜਿੰਨਾ ਚਿਰ ਖਾੜਾ ਲੱਗੇ ਨਾ ਕਵੀਸ਼ਰ ਦਾ।

ਚੌਬਰਾਂ ਦੀ ਸੱਥ 'ਚ ਕਚਹਿਰੀ ਲੱਗੇ ਨਾ,
ਜੁਆਨ ਗੁਰਨਾਮ ਦਾ ਖੰਗੂਰਾ ਵੱਜੇ ਨਾ।

ਬਦਲੇ ਨਾ ਸੂਟ ਸਰਦਾਰ ਫੌਜ ਦਾ,
ਛਿੜਕਿਆ ਕਦੇ ਨ੍ਹੀ ਅਤਰ ਕਨੌਜ ਦਾ।
'ਬਾਬੂ' ਕਿਸੇ ਕੰਮ ਤੇ ਦਲੀਲ ਬੱਝੇ ਨਾ,
ਜੁਆਨ ਗੁਰਨਾਮ ਦਾ ਖੰਗੂਰਾ ਵੱਜੇ ਨਾ।

॥ ਦੋਹਿਰਾ ॥

ਸੰਤੋ ਦੀ ਮਾਂ ਆਣਕੇ, ਹੱਥ ਬੰਨ੍ਹ ਕਰ ਪ੍ਰਨਾਮ
ਮੈਂ ਪੁੱਤ ਤੇਰੇ ਰੱਖਣ ਦੀ, ਬੀੜਾ ਚੱਕ ਗੁਰਨਾਮ।

ਮੁਕੰਦ ਛੰਦ—25

ਆਕੇ ਹੱਥ ਫੇਰਿਆ ਬੁੜ੍ਹੀ ਨੇ ਸਿਰਤੇ,
ਵਸਣ ਗ਼ਰੀਬ ਤੱਕੜਿਆਂ ਦੇ ਸਿਰ ਤੇ।
ਹੋ ਗਿਆ ਖ਼ਰਾਬ ਹਾਲ ਤੇਰੇ ਪੱਖਣ ਦੇ,
ਅਸੀਂ ਗੁਰਨਾਮ ਪੁੱਤ ਤੇਰੇ ਰੱਖਣ ਦੇ।

ਕਿਸੇ ਵੇਲੇ ਅੱਖ ਲੱਗਦੀ ਨਾ ਮੱਚੜੀ,
ਚੜ੍ਹੇ ਆਣ ਹਿੱਕ ਤੇ ਨਿਆਣੀ ਬੱਚੜੀ।
ਧੀ ਨੂੰ ਹਵਾ ਮਾਪਿਆਂ ਦੇ ਪਿੰਡਾਂ ਦੀ ਫੱਕਣ ਦੇ,
ਅਸੀਂ ਗੁਰਨਾਮ ਪੁੱਤ ਤੇਰੇ ਰੱਖਣ ਦੇ।

ਆਪਾਂ ਕੁਆਰੀ ਕੁੜੀ ਨ੍ਹੀਂ ਜ਼ਰੂਰ ਛੌੜਨੀ,
ਬਦਨੇ ਦੀ ਸੱਥ 'ਚ ਲਵਾਉਣੀ ਗੌਡਣੀ।
ਆਉਣ ਦੇ ਸੁਆਦ ਕਾਕੀਆਂ ਨੂੰ ਚੱਕਣ ਦੇ,
ਅਸੀਂ ਗੁਰਨਾਮ ਪੁੱਤ ਤੇਰੇ ਰੱਖਣ ਦੇ।

ਐਂ ਨ੍ਹੀਂ ਲਾਲ ਸਰਨਾ ਅੰਦਰ ਵੜਕੇ,
ਸ਼ੇਰ ਪੁਰੇ ਗੁੱਡੀਆਂ ਘੁਕਾ ਦਿਉ ਲੜਕੇ।
ਹੋਜੋ ਖਾਂ ਤਿਆਰ ਪੇੜੇ ਖਾਕੇ ਮੱਖਣ ਦੇ,
ਅਸੀਂ ਗੁਰਨਾਮ ਪੁੱਤ ਤੇਰੇ ਰੱਖਣ ਦੇ।

ਪੰਜ ਸੱਤ ਭੇਈ ਨਗਰਾਂ ’ਚੋਂ ਨਿੱਤਰਿਉ,
ਭੱਜ ਜਾਣ ‘ਪੁਆਧੜੇ ਗਿੱਦੜ ਚਿੱਤਰਿਉ।
ਰਾਊਕਿਆਂ ਦੇ ਚੌਬਰ ਮਰੱਹਟੇ ਦੱਖਣ ਦੇ,
ਅਸੀਂ ਗੁਰਨਾਮ ਪੁੱਤ ਤੇਰੇ ਰੱਖਣ ਦੇ।

ਮਾਰਕੇ ਬੰਦੂਕ ਬਦਨੇ ਨੂੰ ਰੋਹੜ ਦੀਂ,
ਪਿੰਜਣੀ ਪਰਾਹੁਣੇ ਦੀ ਵਿਚਾਲਿਉਂ ਤੋੜਦੀਂ।
ਉਹਨੂੰ ਪਿਉਂਦੀ ਬੇਰਾਂ ਦੇ ਸੁਆਦ ਚੱਖਣ ਦੇ,
ਅਸੀਂ ਗੁਰਨਾਮ ਪੁੱਤ ਤੇਰੇ ਰੱਖਣ ਦੇ।

ਸਾਰਾ ਸਾਜ਼ ਕਰਲੈ ਤਿਆਰ ਬੱਕੀ ਦਾ,
ਤੇਰੇ ਬਿਨਾ ਬੀੜਾ ਨਾ ਕਿਸੇ ਤੋਂ ਚੱਕੀ ਦਾ।
ਜਿੱਤਜੇਂਗਾ ਲਾਉਣ ‘ਬਾਬੂ ਜੀ’ ਨੂੰ ਲੱਖਣ ਦੇ,
ਅਸੀਂ ਗੁਰਨਾਮ ਪੁੱਤ ਤੇਰੇ ਰੱਖਣ ਦੇ।

ਕਬਿੱਤ—26

ਬੁੜ੍ਹੀ ਨੇ ਪਿਆਰ ਦੇਕੇ, ਤਿਆਰ ਕੀਤਾ ਸੂਰਮੇਂ ਨੂੰ,
ਟਿੱਬਿਆਂ ’ਚ ਪੈਦਲ ਤੁਰਿਆ ਨਾ ਜਾਵੇ ਸਫ਼ਲਾਂ।
ਝੱਟ-ਪੱਟ ਜੀਨ ਤੁਸੀਂ ਕੱਸਲੋ ਵਛੇਰਿਆਂ ਤੇ,
ਛਾਂਟਾ ਨਾ ਲੱਗਣ ਦੇਣਾ ਇਹਨਾਂ ਉੱਠਾਂ ਡਫਲਾਂ।
ਤਿੰਨ-ਚਾਰ ਜੁਆਨ ਬਹਿਕੇ ਮਾਂਜਲੋ ਹਥਿਆਰ ਸਾਰੇ,
ਲੱਗੀ ’ਵੀ ਜੰਗਾਲ ਤੇ ਖ਼ਰਾਬ ਹੋਈਆਂ ਰਫ਼ਲਾਂ।
‘ਰਜਬਲੀ’ ਦੂਰੋਂ ਡਰ ਜਾਂਵਦੇ ਹਰਨ ਸਹੇ,
ਇਹਨਾਂ ਨਾਲ ਉਡਦੇ ਤਿੱਤਰ ਕਿਵੇਂ ਝੱਫਲਾਂ।

ਕਬਿੱਤ—27

ਚੱਕਲੀ ਰਫ਼ਲ ਤੇ ਸ਼ਿਕਾਰ ਨੂੰ ਤਿਆਰ ਹੋਂਗੇ,
ਨਜ਼ਰਾਂ ਲੱਗਣ ਤੇ ਜੁਆਨ ਮੁੰਡੇ ਹਾਣੀ-ਹਾਣੀ।
ਹਰਨਾਂ ਦੀ ਗਾਡ ਸੀ ਜਲਾਲ ਤੇ ਦਿਆਲਪੁਰੇ,
ਪੰਜ-ਸੱਤ ਕੋਸ ਤੋਂ ਪਹੁੰਚ ਜਾਂਦੇ ਵਾਹਣੀਂ-ਵਾਹਣੀਂ।
ਉਸ ਦਿਨ ਮਿਲੇ ਨਾ ਸ਼ਿਕਾਰਟੇ ਸ਼ਿਕਾਰੀਆਂ ਨੂੰ,
ਲੁੱਕਗੇ ਤਿੱਤਰ ਤੇ ਨਜ਼ਰ ਮਾਰੀ ਡਾਹਣੀ-ਡਾਹਣੀ।
‘ਰਜਬਲੀ’ ਬੱਕਰਾ ਉਠਾ ਲਿਆ ਰੰਡੀ ਗੁਜਰੀ ਦਾ,
ਮਾਰਕੇ-ਤਰ੍ਹਾਨੇ ਜੁਆਨ ਕਰ ਦਿੱਤਾ ਪਾਣੀ-ਪਾਣੀ।

॥ ਦੋਹਿਰਾ ॥

ਚੌਬਰ ਚੜ੍ਹੇ ਸ਼ਿਕਾਰ ਨੂੰ, ਮਿਲੇ ਕੂੰਜ ਨਾ ਹਰਨ।
ਚੱਕ ਗੁੱਜਰਾਂ ਦੇ ਬੋਕ ਨੂੰ, ਉਸਦਾ ਗੋਸ਼ਤ ਧਰਨ।
ਗੁਜਰੀ ਤਾਹਨੇ ਮਾਰਦੀ, ਹੁਣ ਲੁੱਚਿਆਂ ਦਾ ਰਾਜ।
ਕੱਲ੍ਹ ਉਠਾਲੀ ਬਾਲਕੀ, ਕੀ ਇਹਨਾਂ ਨੂੰ ਲਾਜ?

ਮੁਕੰਦ ਛੰਦ—28

ਗੁਜਰੀ ਸੁਣਾਵੇ ਪੁੱਤਰ ਵਰਿਆਮ ਦਿਆ,
ਨਿੱਕਲ ਚੁਬਾਰਿਉਂ ਉੱਤਰ ਹਰਾਮ ਦਿਆ।
ਮਾਰਦੀ ਸੀ ਤਾਹਨੇ ਗੁਰਨਾਮ ਆਕੀ ਨੂੰ,
ਉਚੇ ਟੌਰੇ ਵਾਲਿਆ ਛੁਡਾਲੈ ਕਾਕੀ ਨੂੰ।

ਜੰਮ ਸਰਦਾਰਾਂ ਦੇ ਚੜ੍ਹਾਤਾ ਚੰਦ ਵੇ,
ਅੱਜ-ਕੱਲ੍ਹ ਕਿਸੇ ਤੋਂ ਭੰਨਾਵੇਂ ਦੰਦ ਵੇ।
ਤਿੜਿਆਂ ਫਿਰੇਂ ਪਹਿਨਕੇ ਲਿਬਾਸ ਖ਼ਾਕੀ ਨੂੰ,
ਉਚੇ ਟੌਰੇ ਵਾਲਿਆ ਛੁਡਾਲੈ ਕਾਕੀ ਨੂੰ।

ਮਾੜਿਆਂ ਤੇ ਵੱਡਣ-ਜੋਗਿਆ ਪਾਵੇਂ ਦਾਬੇ ਨੂੰ,
ਚਿੱਠੀ ਨੇਕ-ਨਾਮੀ ਦੀ ਫੜਾਤੀ ਬਾਬੇ ਨੂੰ।
ਜਣੇ-ਖਣੇ ਨਾਲ ਖੇਡਦਾ ਚਲਾਕੀ ਨੂੰ,
ਉਚੇ ਟੌਰੇ ਵਾਲਿਆ ਛੁਡਾਲੈ ਕਾਕੀ ਨੂੰ।

ਰੰਡੀ ਬੁੜ੍ਹੀ ਮੇਮਣੇ ਚਰੌਂਦੀ ਹਫ਼ਲਾਂ,
ਖਾਨੈ ਚੱਕ ਬੱਕਰੇ ਵਖਾਕੇ ਰਫ਼ਲਾਂ।
ਲਹੂ-ਲੁਹਾਨ ਕੀਤਾ ਪੁੱਤ ਮਾਰ ਹਾਕੀ ਨੂੰ,
ਉਚੇ ਟੌਰੇ ਵਾਲਿਆ ਛੁਡਾਲੈ ਕਾਕੀ ਨੂੰ।

ਲਵੇਂ ਰੌਜ਼ ਮਾੜੀ ਜਾਤ ਤੋਂ ਉਲਾਂਭੇ ਵੇ,
ਤੈਨੂੰ ਮਰ-ਜਾਣਿਆਂ ਖੁਦਾ ਨਾਂ ਸਾਂਭੇ ਵੇ।
ਫਿੱਟੇ-ਮੂੰਹ ਘਰੇ ਵਾੜਲੈ ਇੱਜੜ ਬਾਕੀ ਨੂੰ,
ਉਚੇ ਟੌਰੇ ਵਾਲਿਆ ਛੁਡਾਲੈ ਕਾਕੀ ਨੂੰ।

ਸਾਡੇ ਪਿੱਛੋਂ ਲਹੇ ਤੂੰ ਲੱਗੀ ਵੀ ਦੱਦ ਨਾ,
ਲੈ ਗਿਆ ਕੁਆਰੀ ਕੁੜੀ ਨੂੰ ਉਠਾਕੇ ਬਦਨਾ।

ਸ਼ੇਰ ਪੁਰੇ ਜਾਵੇਂ ਨਾ ਭਜਾਕੇ ਰਾਕੀ ਨੂੰ,
ਉਚੇ ਟੌਰੇ ਵਾਲਿਆ ਛੁਡਾਲੈ ਕਾਕੀ ਨੂੰ।

ਤੀਵੀਆਂ 'ਚ ਬੈਠਕੇ ਦਿਖਾਉਂਦੈ ਸ਼ੇਖੀਆਂ,
ਇੱਜ਼ਤਾਂ ਨਾ ਹੁੰਦੀਆਂ ਖ਼ਰਾਬ ਦੇਖੀਆਂ।
'ਰਜਬਲੀ' ਦੇਖ ਛੇੜਕੇ ਲੜਾਕੀ ਨੂੰ,
ਉਚੇ ਟੌਰੇ ਵਾਲਿਆ ਛੁਡਾਲੈ ਕਾਕੀ ਨੂੰ।

॥ ਦੋਹਿਰਾ ॥

ਗੁਜਰੀ ਤਾਹਨੇ ਮਾਰਦੀ, ਦਿੱਤਾ ਕਾਲਜਾ ਚੀਰ।
ਭੈਣ ਮੁੜਾਲੈ ਆਪਦੀ, ਜੇ ਸੰਨਤੋਂ ਦਾ ਵੀਰ।
ਬੋਲੀ ਲੱਗੀ ਜੁਆਨ ਨੂੰ, ਜਿਉਂ ਜ਼ਖ਼ਮਾਂ ਪਰ ਨਮਕ।
ਰਫ਼ਲਾਂ ਰੌਂਦ ਜਮ੍ਹਾਂ ਕਰੇ, ਗਿਆ ਸੂਰਮਾ ਭੰਮਕ।

ਮੁਕੰਦ ਛੰਦ—29

ਐਨੀ ਗੱਲ ਆਖ ਅਫਰੇਵਾਂ ਲਾਹ ਦਿੱਤਾ,
ਗੁਰਨਾਮ ਸਿਉਂ ਦਾ ਹੌਸਲਾ ਘੜੀ 'ਚ ਢਾ ਦਿੱਤਾ।
ਗੁਜਰੀ ਜ਼ਬਾਨ 'ਚੋਂ ਚਲਾਗੀ ਬਾਣ ਨੂੰ,
ਸਿੱਕੇ ਵਾਂਗੂੰ ਢਾਲਤਾ ਇਨਾਮੀ ਜੁਆਨ ਨੂੰ।

ਭੇਜ ਬੰਦਾ ਚੌਬਰ ਸਦਾਲੇ ਨਾਲ ਦੇ,
ਗੁੱਝੇਗੁੱਝੇ ਫਿਰਦੇ ਹਥਿਆਰ ਭਾਲਦੇ।
ਕਰਦੇ ਤਿਆਰ ਜੰਗ ਦੇ ਸਮਾਨ ਨੂੰ,
ਸਿੱਕੇ ਵਾਂਗੂੰ ਢਾਲਤਾ ਇਨਾਮੀ ਜੁਆਨ ਨੂੰ।

ਇੱਕ-ਇੱਕ ਨਾਲੀ ਤਾਂ ਮੰਗਾਲੀ ਰਾਜ ਦੀ,
ਸ਼ੇਰਪੁਰੇ ਵੇਖਲਿਉਂ ਕਈਆਂ ਨੂੰ ਪਾਜਦੀ।
ਵਾਲ ਬਿੱਧੀ ਮਾਰੇ ਦੂਰ ਤੋਂ ਨਿਸ਼ਾਨ ਨੂੰ,
ਸਿੱਕੇ ਵਾਂਗੂੰ ਢਾਲਤਾ ਇਨਾਮੀ ਜੁਆਨ ਨੂੰ।

ਪਸਤੌਲ ਮੋਮਾਂ ਦੇ ਸੁੱਚੇ ਤੋਂ ਮੰਗਿਆ।
ਡੂਢ ਗਿੱਠ ਜਾਵੇ ਲੱਕ 'ਚ ਉੜੰਗਿਆ।

ਜਿਹੜਾ ਅੱਗੇ ਆਜੇ ਛਾਣਦੇ, ਸ਼ਤਾਨ ਨੂੰ,
ਸਿੱਕੇ ਵਾਂਗੂੰ ਢਾਲਤਾ ਇਨਾਮੀ ਜੁਆਨ ਨੂੰ।

ਸ਼ੇਰੇ ਦੀ ਦੁਨਾਲੀ ਦੇ ਅੰਦਰ ਘੋੜੇ ਐ,
ਜਦੋਂ ਸੇਫ਼ ਖੋਹਲਤਾ ਉਡਾਉਂਦੀ ਗੌਹੜੇ ਐ।
ਜੀਹਨੇ ਤੇਰਾਂ ਜਾਣਿਆਂ ਦੀ ਮੁਕਾਤਾ ਜਾਨ ਨੂੰ,
ਸਿੱਕੇ ਵਾਂਗੂੰ ਢਾਲਤਾ ਇਨਾਮੀ ਜੁਆਨ ਨੂੰ।

ਜੁਆਨ ਗੁਰਨਾਮ ਦੀ ਰਫ਼ਲ ਛੌਹਲੀ ਐ,
ਸੂਬੇਦਾਰ ਧੂੜਕੋਟ ਦੇ ਤੋਂ ਖੋਹਲੀ ਐ।
ਚੀਜ਼ ਕੀ ਮਰਦ, ਡੇਗਦੇ ਮਕਾਨ ਨੂੰ,
ਸਿੱਕੇ ਵਾਂਗੂੰ ਢਾਲਤਾ ਇਨਾਮੀ ਜੁਆਨ ਨੂੰ।

ਇੱਕ ਹੋਰ ਰਫ਼ਲ ਬਣੀ 'ਵੀ ਰੂਸ ਦੀ,
ਖਾਵੇ ਮਾਸ ਰੱਤ ਵੈਰੀਆਂ ਰੱਤ ਵੈਰੀਆਂ ਦੀ ਚੂਸਦੀ।
ਮਾਰ ਦੇਣਾ ਬਦਨੇ ਹੰਕਾਰੇ ਸਾਹਨ ਨੂੰ,
ਸਿੱਕੇ ਵਾਂਗੂੰ ਢਾਲਤਾ ਇਨਾਮੀ ਜੁਆਨ ਨੂੰ।

ਸ਼ੇਰਪੁਰੇ ਆਕੇ ਜਾਂ ਬੰਦੂਕਾਂ ਚੱਲੀਆਂ,
ਭੱਜ ਜਾਣ ਸਾਰੇ ਨਾ ਖੜੋਣਾਂ ਝੱਲੀਆਂ।
'ਰਜਬਲੀ' ਪਤਾ ਲੱਗਜੂ ਜਹਾਨ ਨੂੰ,
ਸਿੱਕੇ ਵਾਂਗੂੰ ਢਾਲਤਾ ਇਨਾਮੀ ਜੁਆਨ ਨੂੰ।

॥ ਦੋਹਿਰਾ ॥

ਗੱਭਰੂ ਸ਼ਹਿਰੋਂ ਜਾਇਕੇ, ਜਾਂਦੇ ਲੈਣ ਬਰੂਦ।
ਸ਼ੇਰ ਪੁਰੇ ਮੋਂ ਪਹੁੰਚਕੇ, ਪਾਉਣਾ ਪਊ ਖ਼ਰੂਦ।

ਮੁਕੰਦ ਛੰਦ—30

ਮਿਲਗੇ ਹਥਿਆਰ ਰਤੀ ਨਾ ਫ਼ਿਕਰ ਜੀ,
ਜਾਕੇ ਹੱਲਾ ਬੋਲ ਦਿਉ ਮਹੀਨੇ ਤਿੱਕਰ ਜੀ।
ਪਹਿਲਾਂ ਲਿਖ ਖਤ ਭੇਜ ਦਿਉ ਜਸੂਸਾਂ ਦੇ,
ਡੱਬੇ ਨੌਂ ਲਹੌਰੋਂ ਲਿਆਂਦੇ ਕਾਰਤੂਸਾਂ ਦੇ।

ਲੈਲੇ ਰੌਂਦ ਪੱਚੀ-ਤੀਹ ਰਫ਼ਲ ਪੱਕੀ ਦੇ,
ਵੇਖਿਉ ਤਿੰਨ ਮੀਲ ਤੋਂ ਨਰ੍ਹਾਤੇ ਚੱਕੀ ਦੇ।
ਛਾਣ ਦੂੰ ਮੈਂ ਸੀਨੇ ਐਹੋ ਜ੍ਹੇ ਕੰਜੂਸਾਂ ਦੇ,
ਡੱਬੇ ਨੌਂ ਲਹੌਰੋਂ ਲਿਆਂਦੇ ਕਾਰਤੂਸਾਂ ਦੇ।

ਇੱਕ ਪਸਤੌਲ ਤਾਂ ਮੰਗਾਲਿਆ ਚੋਰੀ ਦਾ,
ਮੁਢੋਂ ਛੋਟਾ ਹੱਥ ਜਿਉਂ ਬੰਗਾਲੀ ਛੋਹਰੀ ਦਾ।
ਜੰਗ ਸ਼ੁਰੂ ਹੋਣਗੇ ਜਪਾਨ-ਰੂਸਾਂ ਦੇ,
ਡੱਬੇ ਨੌਂ ਲਹੌਰੋਂ ਲਿਆਂਦੇ ਕਾਰਤੂਸਾਂ ਦੇ।

ਤੋੜੇਦਾਰਾਂ ਨੂੰ ਬਰੂਦ ਦੀ ਨਾ ਤੋਟ ਜੀ,
ਡੂਢ ਸੌਂ ਚਲਾਦੂਗੀ ਬਿਰਜਨੌਟ ਜੀ।
ਛਾਣਦੂ ਬੱਬਰ ਝੱਲੀ ਮੱਖੀ-ਚੂਸਾਂ ਦੇ,
ਡੱਬੇ ਨੌਂ ਲਹੌਰੋਂ ਲਿਆਂਦੇ ਕਾਰਤੂਸਾਂ ਦੇ

ਪੈਕਟ ਖਰੀਦਲੇ ਰੀਵਾਲਵਰ ਦੇ,
ਹੌਰ ਲੌੜ ਪੈਗੀ ਜੇ ਮਸ਼ੀਨ ਭਰਦੇ।
ਸਾਡੇ ਨਾਲ ਹੱਥ ਜੁੜਗੇ ਮਨੂਸ਼ਾਂ ਦੇ,
ਡੱਬੇ ਨੌਂ ਲਹੌਰੋਂ ਲਿਆਂਦੇ ਕਾਰਤੂਸਾਂ ਦੇ

ਲਿਆਇਆ ਬਾਰਾਂ ਪੇਟੀਆਂ ਅੰਬਾਲੇ ਛੌਣੀ ਤੋਂ,
ਕਰਨਾ ਅਟੈਕ ਪਹਿਲਾਂ ਆਉਂਦੀ ਸਾਉਣੀ ਤੋਂ।
ਉੱਡਦੇ ਵਖਾਦੂੰ ਤਿੱਤਰ ਗੜੂਸਾਂ ਦੇ,
ਡੱਬੇ ਨੌਂ ਲਹੌਰੋਂ ਲਿਆਂਦੇ ਕਾਰਤੂਸਾਂ ਦੇ

ਸਾਡੇ ਹੌਂਸਲੇ ਜਿਉਂ ਛੱਤਰੀ ਰਮੈਲਾਂ ਦੇ,
ਤੇ ਮਰੱਹਟੇ ਠਾਰਵੀਂ ਸਦੀ ਤੋਂ ਪਹਿਲਾਂ ਦੇ।
ਬੜੇ ਤਾਜ਼ੇ ਦਿਲ ਕਾਬਲੀ ਸਾੜੂਸਾਂ ਦੇ,
ਡੱਬੇ ਨੌਂ ਲਹੌਰੋਂ ਲਿਆਂਦੇ ਕਾਰਤੂਸਾਂ ਦੇ।

ਜਦੋਂ ਸ਼ੇਰਪੁਰੇ ਤੇ ਚੜ੍ਹਾਈ ਕਰਲੀ,
ਧੂਫ ਦੇਲੀ ਜੁਆਨ ਨੇ ਤਲੀ ਤੇ ਧਰਲੀ।
'ਬਾਬੂ' ਰੰਗ ਵੇਖੀਂ ਸਾਡਿਆਂ ਜਲੂਸਾਂ ਦੇ,
ਡੱਬੇ ਨੌਂ ਲਹੌਰੋਂ ਲਿਆਂਦੇ ਕਾਰਤੂਸਾਂ ਦੇ।

॥ ਦੋਹਿਰਾ ॥
ਰਾਊਕੇ ਖ਼ਤ ਭੇਜਦੇ, ਕਰਲੋ ਝੱਲੀਉ ਫ਼ਿਕਰ।
ਆਣ ਵਹੀਰਾਂ ਪਾਉਣੀਆਂ, ਏਕ ਮਹੀਨੇ ਤਿੱਕਰ।

ਮਨੋਹਰ ਭਵਾਨੀ ਛੰਦ—31

ਗੱਲ ਸੱਥ ਵਿੱਚੋਂ ਹੱਲੀ, ਤੋੜੀ ਝੱਲੀਆਂ ਨੇ ਛੱਲੀ, ਚਿੱਠੀ ਧਾਲੀਵਾਲਾਂ ਘੱਲੀ,
ਸੀ ਲਿਖਾਕੇ ਨਗਰੋਂ। ਕਰੋ ਤਕੜਾਈ ਪਛਤਾਉਂ ਮਗਰੋਂ।
ਤਾਹਨੇ ਮਾਰਕੇ ਤੇ ਸਾੜ, ਖੁੱਲ੍ਹੇ ਕਾਲਜੇ ਭਰਾੜ, ਸਾਨੂੰ ਜਾਣਕੇ ਕਰਾੜ,
ਛੇੜਿਆ ਫ਼ਸਾਦ ਨੂੰ। ਇੱਕ ਦਿਨ ਮੁਜਰੇ ਵਖਾਉਣੇ ਪੁਆਧ ਨੂੰ।

ਥੋਡੀ ਕੀਤੀ ਐਸੀ-ਵੈਸੀ, ਖ਼ਾਕ 'ਚ ਰਲਾਤੀ ਰੈਸੀ, ਨਾਲੇ ਸੰਨਤਾਂ ਤੇ ਕੈਸੀ,
ਗੁਰਦਿਆਲ ਦਾਸ ਜੀ। ਮੋੜੀਆਂ ਨਾ ਬਾਹਾਂ ਕੀਤੇ ਨਾ ਮਨਾਸ ਜੀ।
ਨਾਲ ਸ਼ੇਰ ਖ਼ਾਂ ਬਲੋਚ, ਜੋ ਮਸ਼ਹੂਰ ਸੌ-ਸੌ ਕੋਹ 'ਚ, ਜੀਹਨੇ ਆਉਣਾ ਐਸੇ ਪੋਹ 'ਚ,
ਪੀੜਨਾ ਕਮਾਦ ਨੂੰ। ਇੱਕ ਦਿਨ ਮੁਜਰੇ ਵਖਾਉਣੇ ਪੁਆਧ ਨੂੰ।

ਸੁੱਖ ਰੱਖ ਪਰਮੇਸ਼ਰ, ਸੇਵਾ, ਫੰਮਣ, ਥਨੇਸਰ, ਤੇ ਨਰਿੰਦਰ, ਇੰਦਰ, ਕੇਸਰ,
ਸਰਦਾਰਾ ਚੰਨਣ ਐ। ਮਾਨ ਸਿਉਂ ਲਿਆਊਂ ਨਾਲ ਬਾਹਾਂ ਬੰਨ੍ਹਣ ਐ।
ਨੱਥੂ ਤਾਰਾ ਚਿੜਾ ਦਰਜ਼ੀ, ਬਾਲੇ, ਬਿਸ਼ਨੇ ਦੀ ਮਰਜ਼ੀ, ਨਾ ਦਲੇਲ ਸੁਣੇ ਅਰਜ਼ੀ।
ਚਾਹੜ ਦੂੰ ਖਰਾਦ ਨੂੰ। ਇੱਕ ਦਿਨ ਮੁਜਰੇ ਵਖਾਉਣੇ ਪੁਆਧ ਨੂੰ।

ਸਾਡੇ ਵੱਸ ਕਾਲੇ ਜਿੰਨ, ਤੇ ਬ੍ਰਿਜਨੌਟਾਂ ਤਿੰਨ, ਮਾਰ ਕਾਰਤੂਸ ਸਿੰਨ੍ਹ,
ਡੇਗਣ ਪਹਾੜੀਆਂ। ਮਣ-ਮਣ ਮਾਸ ਖਾਂਦੀਆਂ ਬਘਿਆੜੀਆਂ।
ਇੱਕ ਹੌਰ ਪਸਤੌਲ, ਹੈ ਲਹੂ ਦਾ ਪੀਂਦਾ ਕੌਲ, ਤੁਸੀਂ ਜਾਣਿਆਂ ਮਖ਼ੌਲ,
ਸੁਣੋਂ ਨਾ ਫ਼ਰਿਆਦ ਨੂੰ। ਇੱਕ ਦਿਨ ਮੁਜਰੇ ਵਖਾਉਣੇ ਪੁਆਧ ਨੂੰ।

ਦਿਲ ਰੱਖਣਾ ਦਲੇਰਾ, ਤੇ ਬਰੂਦ ਵੀ ਬਥੇਰਾ, ਚੱਕਣਾ ਨਰ੍ਹਾਤਾ ਤੇਰਾ,
ਸ਼ੇਰਨੀ ਦਿਆ ਬੱਚਿਆਂ ਨੇ। ਝੱਲਣੀ ਨਾ ਰੱਤ ਛੱਪੜ ਚੁੱਬਜਿਆਂ ਨੇ।
ਮਾਰ ਗਲੀਆਂ 'ਚ ਗੋਥਾਂ, ਮੈਂ ਦਖਾਦੂੰ ਤੈਨੂੰ ਉਹ ਥਾਂ, ਜਿੱਕੇ ਡਾਕਟਰ ਲੋਥਾਂ,
'ਚੋਂ ਕੱਢਣ ਰਾਧ ਨੂੰ। ਇੱਕ ਦਿਨ ਮੁਜਰੇ ਵਖਾਉਣੇ ਪੁਆਧ ਨੂੰ।

ਤੂੰ ਮੱਦਦ ਲੈਲੀਂ ਗਾਉਂਕੀ, ਤੇ ਬਠਲੈ ਠਾਣਾ-ਚੌਂਕੀ, ਅਸੀਂ ਰਫ਼ਲਾਂ ਦੇ ਸ਼ੌਂਕੀ,
ਆਣਕੇ ਚਲਾਉਣੀਆਂ। ਭਾਵੇਂ ਕਹਿਕੇ ਗੋਰਿਆਂ ਤੋਂ ਪਵਾਲੈ ਛੌਣੀਆਂ।

ਅਸੀਂ ਕਰਨਾ ਹੈ ਜੰਗ, ਤੂੰ ਬਣਾਲੈ ਕੋਈ ਢੰਗ, ਤੁਸੀਂ ਕੀਤਾ ਬਹੁਤ ਤੰਗ,
ਸੀ ਪ੍ਰੇਮ ਸਾਧ ਨੂੰ। ਇੱਕ ਦਿਨ ਮੁਜਰੇ ਵਖਾਉਣੇ ਪੁਆਧ ਨੂੰ।

ਅਸੀਂ ਤਿਆਰ ਹੋਗੇ ਨੌਂਹ ਤੇ, ਮੰਨਣਾ ਯਕੀਨ ਸਹੁੰ ਤੇ, ਜੁੱਤੀਆਂ ਸਮਾਈਆਂ ਰੌਂਤੇ,
ਤੇ ਪੁਸ਼ਾਕਾਂ ਬੱਧਨੀ। ਪੈਜੂ ਸ਼ੇਰਪੁਰੇ ਦੀ ਫ਼ਸਲ ਮੱਧਨੀ।
'ਰਜਬਲੀ' ਹੈਨਾ ਸ਼ੱਕ, ਗੱਲ ਖਿੰਡੂ ਸਾਰੇ ਪੱਕ, ਡਾਲਾ, ਮੋਗਾ, ਚੂਹੜ ਚੱਕ,
ਭਾਈ ਕੀ ਸਮਾਧ ਨੂੰ। ਇੱਕ ਦਿਨ ਮੁਜਰੇ ਵਖਾਉਣੇ ਪੁਆਧ ਨੂੰ।

॥ ਦੋਹਿਰਾ ॥

ਝੱਲੀਆਂ ਨੇ ਖ਼ਤ ਪੜ੍ਹ ਲਿਆ, ਸੂਤ-ਸੂਤ ਹੋ ਬਹਿਣ।
ਜਿਉਂ-ਜਿਉਂ ਸੁਣਦੇ ਵਾਰਤਾ, ਮੁਸ਼ਕੜੀਏ ਹੱਸ ਪੈਣ।

ਮਨੋਹਰ ਭਵਾਨੀ ਛੰਦ—32

ਖ਼ਤ ਪੜ੍ਹਕੇ ਤੇ ਦੱਸੇ, ਉਹ ਮੁਛਹਿਰਿਆਂ 'ਚ ਹੱਸੇ, ਅਸੀਂ ਵੱਟੀ ਬੈਠੇ ਰੱਸੇ,
ਵੈਰੀਆਂ ਲਈ ਦੇਰ ਦੇ। ਗਿੱਦੜਮਾਰ ਕਰੇ ਕੀ ਸਮਾਨ ਸ਼ੇਰ ਦੇ।
ਲੈਣੇ ਧਾਲੀਵਾਲਾਂ ਡੋਕੇ, ਮਾਰਦੇ ਭੜਾਕੇ ਫੋਕੇ, ਕੀ ਰੰਗੀਲ ਗੱਪ ਠੋਕੇ,
ਅਰਦਾਸਾਂ ਪੜ੍ਹੀਆਂ। ਲੱਟ ਜੱਟ ਸੁੱਕੀਆਂ ਦਖਾਉਂਦੇ ਤੜੀਆਂ।

ਜਿਹੜਾ ਜੱਸੀ ਜਾਣਾ ਚੰਗੂੰ, ਛਵ੍ਹੀ ਡਾਂਗ 'ਚ ਅੜੰਗੂੰ ਸਿਗੀ ਉਸਦੀ ਮੈਂ ਭੰਗੂੰ,
ਵੱਟ ਦੇਲ੍ਹੂੰ ਜੂੜੇ ਨੂੰ। ਟੱਟਿਆਣੇ ਵਾਂਗੂੰ ਮਾਰੂੰਗਾ ਘੁਕਾਕੇ ਬੂੜੇ ਨੂੰ।
ਜੀਹਨੂੰ ਆਂਹਦੇ ਸ਼ੇਰ-ਸ਼ੇਰ ਐ, ਉਹ ਬਲੋਚ ਟੁੱਕ ਟੇਰ ਐ, ਲਾਦੂੰ ਆਂਦਰਾਂ ਦੇ ਢੇਰ ਐ,
ਕੀ ਲਗਾਊ ਅੜੀਆਂ। ਲੱਟ ਜੱਟ ਸੁੱਕੀਆਂ ਦਖਾਉਂਦੇ ਤੜੀਆਂ।

ਜਿਹੜਾ ਸੰਤਾ ਸਿਉਂ ਢਿੱਲੋਂ, ਮਾੜਾ ਬਾਜ਼ ਬਣਿਆ ਇੱਲੋਂ, ਪੋਲੜ ਮੱਕੀ ਦੀ ਖਿੱਲੋਂ,
ਗੱਲ ਕਰੇ ਟੇਢ ਦੀ। ਦੂਸਰੀ ਵੀ ਅੱਖ ਭੰਨਦੂੰ ਬਹੇੜ ਦੀ।
ਗੁਰਦਿਆਲ ਦਾਸ ਬਾਵਾ, ਲੜੇ ਕਰਨਾ ਨੀ ਦਾਵ੍ਹਾ, ਜਿਵੇਂ ਅਮਲੀ ਨੂੰ ਮਾਵਾ,
ਸੁਆਦ ਕਾਂ ਨੂੰ ਬੜੀਆਂ। ਲੱਟ ਜੱਟ ਸੁੱਕੀਆਂ ਦਖਾਉਂਦੇ ਤੜੀਆਂ।

ਗੁਰਨਾਮ ਦੇਵੇ ਮੱਤਾਂ, ਤੇ ਭਨਾਉਂਦਾ ਰੋਜ਼ ਲੱਤਾਂ, ਖਾਕੇ ਆਵੇ ਪੰਜਾਂ ਸੱਤਾਂ,
ਤੋਂ ਲਫੇੜੇ ਦਿਨ ਮੈਂ, ਘਰੇ ਫੜ੍ਹਾਂ ਮਾਰਦੇ, ਦੱਬਲੇ ਤਿੰਨ ਮੈਂ।
ਘਰ ਬੈਠੇ ਪਾਉਂਦੇ ਝੱਜੂ, ਸੋਟੀ ਕਿਸੇ ਤੋਂ ਨਾ ਵੱਜੂ, ਭਾਨਾ ਰਣ ਵਿੱਚ ਗੱਜੂ।
ਲਾਦੂ ਫੁੱਲ ਝੱੜੀਆਂ। ਲੱਟ ਜੱਟ ਸੁੱਕੀਆਂ ਦਖਾਉਂਦੇ ਤੜੀਆਂ।

ਧਾਲੀਵਾਲ ਥੋੜ-ਦਿਲੇ, ਪਤਾ ਲੱਗੂ ਜਦੋਂ ਮਿਲੇ, ਰੇਤ ਦੇ ਬਣਾਉਂਦੇ ਕਿਲ੍ਹੇ,
ਦਿਨੇ, ਢਾਉਂਦੇ ਰਾਤ ਨੂੰ। ਅੱਕ ਦੀ ਲਟੈਣ ਚਾਹੜੀ 'ਵੀ ਸਵਾਤ ਨੂੰ।
ਦੇਵੇ ਤਰੜ੍ਹਾ ਜਿਆ ਬਾਂਗਾ, ਕੱਢਦੂ ਅਸੀਲ ਚਾਂਗਾਂ, ਜਦੋਂ ਮੌਰਾਂ ਵਿੱਚ ਡਾਂਗਾਂ,
ਪੰਜ ਸੱਤ ਜੜੀਆਂ। ਲੱਟ ਜੱਟ ਸੁੱਕੀਆਂ ਦਖਾਉਂਦੇ ਤੜੀਆਂ।

'ਰਜਬਲੀ' ਮਿੱਤਰ ਘਾ ਤੂੰ, ਲੈ ਤੇ ਤੋੜੇਦਾਰ ਜਾਤੂੰ, ਐਵੇਂ ਮਾਰਦੇ ਫਲਾਤੂ,
ਨਾ ਮੁੜਾਇਆ ਖੋਤੇ ਨੂੰ। ਮੂੰਹ ਨੂੰ ਮਾਰੀ ਜਾਂਦੈ ਐ, ਮੁੜਾਲ੍ਹੂੰ ਬੋਤੇ ਨੂੰ।
ਪੰਜ-ਛੀ ਕੁ ਮਾਰੇ ਲਿੱਤਰ, ਓਸੇ ਵੇਲੇ ਹੋਜਿਉ ਤਿੱਤਰ, ਜੀ ਦਵੱਲਣ ਮੇਰੇ ਮਿੱਤਰ।
ਜਾਂ ਸ਼ਰਾਬਾਂ ਚੜ੍ਹੀਆਂ। ਲੱਟ ਜੱਟ ਸੁੱਕੀਆਂ ਦਖਾਉਂਦੇ ਤੜੀਆਂ।

॥ ਦੋਹਿਰਾ ॥

ਅਜੇ ਮਾਲਵੇ ਦੇਸ ਮੇਂ, ਰੱਖਣ ਬਥੇਰੀ ਸ਼ਰਮ।
ਗਿਣ-ਗਿਣ ਦੱਸਾਂ ਹਾਲ ਮੈਂ, ਜਿਸ-ਜਿਸ ਕੀਤੇ ਧਰਮ।

ਮੁਕੰਦ ਛੰਦ—33

ਸ਼ਰਮ ਬਥੇਰੀ ਮਾਲਵੇ ਦੇ ਲੋਕਾਂ ਨੂੰ,
ਵਾਰ ਨਾ ਕਰਨ, ਕਰ ਲੈਂਦੇ ਰੋਕਾਂ ਨੂੰ।
ਕੀ ਕੰਮ ਦੱਸਾਂ ਕੀਤੇ ਵੇ ਧਰਮੀਆਂ,
ਕਾਲ਼ੇ ਸੱਪਾਂ ਦੀਆਂ ਰੋਹੀ 'ਚ ਵਰਮੀਆਂ।

ਦਗ਼ੇ ਨਾਲ ਡੋਗਰ ਫੜਾਤਾ ਕਿਸ਼ਨਾ,
ਵੈਰੀ ਮਾਰ ਜਿਉਂਣੇ ਨੇ ਮਿਟਾਲੀ ਤ੍ਰਿਸ਼ਨਾਂ।
ਅੱਜ ਕੱਲ੍ਹ ਕੌਣ ਜਾਣਦਾ ਨਰਮੀਆਂ,
ਕਾਲ਼ੇ ਸੱਪਾਂ ਦੀਆਂ ਰੋਹੀ 'ਚ ਵਰਮੀਆਂ।

ਅੱਗ ਲਾਤੀ ਵੈਰੀਆਂ ਸੁੱਚੇ ਦੇ ਝੱਲ ਨੂੰ,
ਮਾਰਿਆ ਲਲਕਾਰ ਕੇ ਘੁੱਕਰ ਮੱਲ ਨੂੰ।
ਤਿੰਨੇ ਭਰਜਾਈਆਂ ਬੇਵਾ ਸੀ ਜਰਮੀਆਂ,
ਕਾਲ਼ੇ ਸੱਪਾਂ ਦੀਆਂ ਰੋਹੀ 'ਚ ਵਰਮੀਆਂ।

ਭੋਲੇ ਕਲਿਆਣਾ ਦੇ ਲੜਾਕੇ ਬ੍ਰਾਲਿਆਂ ਤੋਂ,
ਕਾਕੀਆਂ ਛੁਡਾਇਆਂ ਗੁੱਲੂ, ਮਾਝੇ ਵਾਲ਼ਿਆਂ ਤੋਂ।
ਜ਼ਾਰੋ-ਜ਼ਾਰ ਰੋਣ ਚੱਕੀਆਂ ਸ਼ਰਮੀਆਂ,
ਕਾਲ਼ੇ ਸੱਪਾਂ ਦੀਆਂ ਰੋਹੀ 'ਚ ਵਰਮੀਆਂ।

ਉਠੇ ਸੀ ਜੁਆਨ ਨਵੇਂ ਚੱਕ ਬੌਹੜ ਦੇ,
ਮਾਰਤਾ ਗੁੱਜਰ ਸੰਨਤੋਂ ਨੂੰ ਰੌਹੜ ਦੇ।
ਨਹਿਰ ਵਿੱਚ ਮਾਰੀ ਚੱਕੀਆਂ ਗਰਮੀਆਂ,
ਕਾਲ਼ੇ ਸੱਪਾਂ ਦੀਆਂ ਰੌਹੀ 'ਚ ਵਰਮੀਆਂ।

ਲੈਗੇ ਝੱਲੀ ਤੱਪੇ ਦੀ ਉਠਾਕੇ ਛੌਰੀ ਜੀ,
ਸੂਰਮੇਂ ਚੜ੍ਹਨ ਗੁਰਨਾਮ ਹੌਰੀ ਜੀ।
ਸਿਰ-ਕੱਢ ਜੁਆਨ ਛਾਤੀਆਂ ਭਰਮੀਆਂ,
ਕਾਲ਼ੇ ਸੱਪਾਂ ਦੀਆਂ ਰੌਹੀ 'ਚ ਵਰਮੀਆਂ।

ਡੁੱਬ ਜਾਊ ਪਾਪ ਤੇ ਧਰਮ ਤਰਜੂ,
ਸੱਚ ਨਾਲ ਝੂਠ ਕੀ ਚਲਾਕੀ ਕਰਜੂ?
'ਬਾਬੂ ਜੀ' ਖ਼ੁਦਾ ਤੋਂ ਰੱਖਲੋ ਡਰਮੀਆਂ,
ਕਾਲ਼ੇ ਸੱਪਾਂ ਦੀਆਂ ਰੌਹੀ 'ਚ ਵਰਮੀਆਂ।

॥ ਦੋਹਿਰਾ ॥

ਸੱਦਲੇ ਚੌਬਰ ਨਾਲ ਦੇ, ਦੱਸਦਾ ਜੁਆਨ ਕਨੂੰਨ।
ਐਂ-ਐਂ ਡਾਕੇ ਮਾਰਨੇ, ਐਂ-ਐਂ ਕਰਨੇ ਖ਼ੂਨ।

ਦੋ ਭਾਗ ਛੰਦ—34

ਜੁਆਨ ਗੁਰਨਾਮ ਨੇ ਮੰਗਾਲੇ ਦੌਸਤ ਐ,
ਡੱਟਤਾ ਕੜਾਹਾ ਬੱਕਰੇ ਦਾ ਗੌਸ਼ਤ ਐ।

ਕੱਢਲੀ ਸ਼ਰਾਬ ਘਰ ਪਹਿਲੇ ਤੌੜ ਦੀ,
ਸੂਰਮਿਆਂ ਦੀ ਟੁੱਟੀ ਵੀ ਦਲੀਲ ਜੌੜਦੀ।

ਰਹੀ ਗੁਰਨਾਮ, ਦੀ ਖੁਸ਼ੀ ਦੀ ਹੱਦ ਨਾ,
ਮਾਰਕੇ ਉਡਾਉਣੇ ਭਾਨ ਸਿਉਂ ਤੇ ਬਦਨਾ।

ਜੀਹਦੇ ਆਜੇ ਲੌਟ ਮਾਰਕੇ ਨਿਸ਼ਾਨੇ ਨੂੰ,
ਕਰ ਦਿਉ ਗਰਕ ਬਦਨੇ ਤੇ ਭਾਨੇ ਨੂੰ।

ਰਸਤੇ ਦੇ ਵਿੱਚ ਵੀ ਕਿਤੇ ਨਾ ਅੜਕਿਉ,
ਬਿਜਲੀ ਦੇ ਵਾਂਗੂੰ ਜਾ ਸਿਰਾਂ ਤੇ ਕੜਕਿਉ।

ਆਗੇ ਜਾਂ ਨਜ਼ਰ ਕੌਠੜੇ ਜੇ ਗਾਮ ਦੇ,
ਭਰਲੇ ਮਸਾਲੇ ਨਾਮ ਲੈਕੇ ਰਾਮ ਦੇ।

ਵੈਰੀਆਂ ਦੀ ਅਲਕ ਮੁਕਾ ਦਿਉ ਸਕਿੰਡ ਮੇਂ,
ਫੇਰ ਭਾਵੇਂ ਪਾਲਿਉ ਭੜਾਕੇ ਪਿੰਡ ਮੇਂ।

ਦੌਵੇਂ ਖ਼ੂਨ ਕਰਕੇ ਪਿਛਾਂਹ ਨੂੰ ਚੱਲਾਂਗੇ,
ਚੜ੍ਹਗਿਆ ਜੇ ਠਾਣਾ ਮਾਰਕੇ ਦੱਬਲਾਂਗੇ।

ਬਹੁਤੇ ਸਿਆਣੂੰ ਹੌਣਾ ਕੀ ਖ਼ਰਾਬ ਅੱਡ ਮੇਂ,
ਪਹਿਲੀ ਰਾਤ ਕੱਟਾਂਗੇ ਪੱਖਰ-ਵੱਢ ਮੇਂ।

ਬੌਤੇ ਨੂੰ ਭਜਾਕੇ ਅੱਡੀ ਲਾਕੇ ਟੈਰ ਕੇ,
ਬੱਗੀ ਅੱਖ ਵਾਲੇ ਦੇ ਚੱਕਾਂ 'ਚ ਠਹਿਰ ਕੇ।

ਭੰਨ ਕੋਈ ਰਾਤ ਨੂੰ ਬਠਿੰਡਿਉ ਹੱਟੜੀ,
ਉਥੋਂ ਪੈਜਾਂਗੇ ਨਹਿਰ ਵਾਲੀ ਪੱਟੜੀ।

ਸੂਰਮੇ, ਸਰਪ ਨੂੰ ਕੀ ਹੁੰਦਾ ਹੌਰ ਚਾਅ,
ਲਾਲਾਂਗੇ ਤਲਾ 'ਚ ਥਾਣੇ ਨਾਲ ਮੌਰਚਾ।

ਟਾਲ੍ਹੀਆਂ ਦੀ ਛਾਵੇਂ ਪੱਟੜੀ ਤੇ ਤੁਰ ਜੀ,
ਫੇਰ ਚੌਲ ਰਹਾਂਗੇ ਵਜੀਦ ਪੁਰ ਜੀ।

ਉਥੋਂ ਸਿੱਧੇ ਪੈਜਾਂਗੇ ਥਲੀ ਦੀ ਡੰਡੀ ਨੂੰ,
ਲੁੱਟਣਾ ਜ਼ਰੂ ਮੈਂ ਮੀਟੀਲੀ ਮੰਡੀ ਨੂੰ।

ਉਥੋਂ ਚੌਲ ਲਵਾਂਗੇ ਝੱਲਾਂ ਨੂੰ ਭਾਲ ਜੀ,
ਜਿੱਥੇ ਰਹੇ ਸੁੱਚਾ ਤੇ ਚਿਮਨ ਲਾਲ ਜੀ।

ਥਲੀ ਵਿੰਚ ਮੇਰਾ ਠਾਕੁਰ ਮਿਲਾਪੀ ਐ,
ਰਾਜਪੂਤ ਕੌਮ ਨਾ ਦਿਲਾਂ ਦੀ ਪਾਪੀ ਐ।

ਸਿਰੋਂ ਸਰਦਾਰ ਕਿਹੜਾ ਲੈਜੇ ਫੜਕੇ,
ਭਾਵੇਂ ਬਾਪ ਆਜੇ ਗੋਰਿਆਂ ਦਾ ਚੜ੍ਹਕੇ।

ਨਾਲੇ ਓਥੇ ਬੱਕਰੇ ਸ਼ਰਾਬ ਸੱਸਤੀ,
ਚੱਕਦੇ ਫ਼ਿਕਰ ਨੂੰ ਨਸ਼ੇ ਦੀ ਮਸਤੀ।

ਉਥੇ ਨਾਲ ਕਾਲ਼ੇ ਹਰਨਾਂ ਦੇ ਵਾਸੇ ਜੀ,
ਖੇਡਾਂਗੇ ਸ਼ਿਕਾਰ, ਵੇਖਾਂਗੇ ਤਮਾਸ਼ੇ ਜੀ।

'ਰਜਬਲੀ' ਮੱਲਕੇ ਟਿਕਾਣਾ ਬਹਿਜਾਂਗੇ,
ਪਿੰਡੋਂ ਆਕੇ ਸਰਦਾਰਨੀ ਨੂੰ ਲੈਜਾਂਗੇ।

॥ ਦੋਹਿਰਾ ॥

ਹੋਗੇ ਰਵਾਂ ਜੁਆਨ ਜੀ, ਲਾਉਂਦੇ ਨਹੀਂ ਸਕਿੰਡ।
ਦਿਨ ਚੜ੍ਹਦੇ ਨੂੰ ਪਹੁੰਚਗੇ, ਸ਼ੇਰਪੁਰ ਦੇ ਪਿੰਡ।

ਦੋ ਭਾਗ ਛੰਦ—35

ਮਿਲਗੇ ਹਥਿਆਰ ਜਾਂ ਸਬੱਬ ਭਿੜਗੇ,
ਸੂਰਮੇ ਖ਼ੁਸ਼ੀ 'ਚ ਫੁੱਲ ਵਾਂਗੂੰ ਖਿੜਗੇ।

ਘੋੜਾ ਗੁਰਨਾਮ ਨੇ ਮੰਗਾ ਲਿਆ ਅਰਬੀ,
ਦਿਨਾਂ 'ਚ ਖ਼ੁਰਾਕ ਦੇ ਚੜਾਲੀ ਚਰਬੀ।

ਇੱਕ ਘਰੇ ਉਡਣੀ ਵਛੇਰੀ ਸਿੰਧ ਦੀ,
ਟੱਪਜੇ ਨਹਿਰ ਪ੍ਰਵਾਹ ਨੀ ਜਿੰਦ ਦੀ।

ਇੱਕ ਪਾਲਿਆ ਬੋਤੜਾ ਖੁਆਕੇ ਕੁਣਕੇ,
ਮੀਲ-ਮੀਲ ਲੰਘ ਜੇ ਮੁਹਾਰ ਤੁਣਕੇ।

ਚੜ੍ਹੇ ਝਰਨਾਟ ਸੂਰਮਿਆਂ ਦੀ ਸਾਖੀ ਐ,
ਲੀੜੇ ਕੁੱਲ ਜੁਆਨ ਨੇ ਮੰਗਾਲੇ ਖ਼ਾਖੀ ਐ।

ਬੱਧਨੀ 'ਚ ਜਾਕੇ ਹੱਟ ਤੇ ਕਰਾੜ ਦੇ,
ਚਾਦਰੇ ਸਮਾਲੇ ਬਹਿਕੇ ਇੱਕੋ ਪਾੜ ਦੇ।

ਨੀਵੀਆਂ ਕਮੀਜ਼ਾਂ ਤੇ ਲਵਾਈਆਂ ਕਾਲਰਾਂ,
ਪਗੜੇ ਬਨਾਰਸੀ ਸੁਨਹਿਰੀ ਝਾਲਰਾਂ।

ਜੇਬ੍ਹਾਂ 'ਚ ਰੁਮਾਲ ਰੇਸ਼ਮ ਦੇ ਚੱਲੇ ਐ,
ਬੱਧੇ ਖਾਣ-ਪੀਣ ਨੂੰ ਛਿੱਲੜ ਪੱਲੇ ਐ।

ਐਸੇ ਜੁਆਨ ਜੱਗ 'ਚ ਜੰਮਣ ਥੁੜਮੇਂ,
ਉਤੇ ਨਿੰਬੂ ਟਿਕਦੇ ਮੁਛਹਿਰੇ ਮੁੜਮੇਂ।

ਗੁੰਦਮੇਂ ਸਰੀਰ ਸ਼ੀਂਹਾਂ ਜੈਸੇ ਆਨੇ ਐ,
ਮੌਤ ਕੋਲ਼ੋਂ ਹੱਥਾਂ 'ਚ ਬੰਨ੍ਹਾਲੇ ਗਾਨੇ ਐ।

ਗਲਾਂ ਵਿੱਚ ਸੋਹਣ ਲਮਕਾਈਆਂ ਪੇਟੀਆਂ,
ਬ੍ਰਿਜਨੌਟਾਂ ਦੀਆਂ ਲਾਡਲੀਆਂ ਬੇਟੀਆਂ।

ਪੀੜਕੇ ਤੇ ਉੱਠ ਘੋੜੀਆਂ ਸ਼ਿੰਗਾਰੀਆਂ,
ਪਹੁੰਚਗੇ ਪੁਆਧ ਮਾਰਕੇ ਉਡਾਰੀਆਂ।

ਸ਼ੇਰਪੁਰੇ ਵੱਲੋਂ ਆਉਂਦੀਆਂ ਜ਼ਨਾਨੀਆਂ,
ਟੱਪ ਚੱਲੇ ਜੁਆਨ ਮਾਰਕੇ ਘਚਾਨੀਆਂ।

ਪਹਿਲੀ ਬੁੜ੍ਹੀ ਕਹਿੰਦੀ ਠਾਣੇ ਦੇ ਮੁਲਾਜ਼ਮੇ,
ਪੁਲਸ ਬੁੱਲੇ ਵੱਢੇ, ਅੰਗਰੇਜ਼ੀ ਰਾਜ ਮੈਂ।

ਦੂਜੀ ਕਹਿੰਦੀ ਮਿਲਗੀ ਖਲਾਸੀ ਪਹਿਰਿਉਂ,
ਛੁੱਟੀ ਲੈਕੇ ਆਏ ਗੱਭਰੂ ਨੁਸ਼ਹਿਰਿਉਂ।

ਤੀਜੀ ਕਹਿੰਦੀ ਘੋੜੇ ਚੜ੍ਹਿਆ ਸਰਦਾਰ ਨੀ,
ਅਗਲਾ ਰਸਾਲੇ ਦਾ ਰਸਾਲੇ-ਦਾਰ ਨੀ।

ਚੌਥੀ ਕਹਿੰਦੀ ਭੈਣੋਂ ਹਲਕਾਰਾ ਰਿਆਸਤੀ,
ਇਨ੍ਹਾਂ 'ਚ ਮੜ੍ਹਕ ਕਹਿੰਦੇ ਹੁੰਦੀ ਜਿਆਸਤੀ।

ਪੰਜਵੀਂ ਸੁਣਾਵੇ ਸਰਦਾਰ ਪਿੰਡਾਂ ਦੇ,
ਵੇਖੋ ਅਕੜੇਵੇਂ ਡੂਮਣੀਆਂ ਭਰਿੰਡਾਂ ਦੇ।

ਛੇਵੀਂ ਕਹਿੰਦੀ ਗੁਰਨਾਮ ਸੂਰਮਾ ਸ਼ਿਕਾਰੀ ਐ,
ਏਸ ਥਾਂ ਹਰਨ ਹੀਰੇ ਰਹਿੰਦੇ ਕਾਰੀ ਐ।

ਸ਼ੇਰਪੁਰੇ ਪਿੰਡ ਕਾਲਿਆਂ ਦੀ ਗਾਡ ਨੀ,
ਰੋਹੀਉਂ ਲਿਆ ਹਰਨੀਆਂ ਕਰਨ ਲਾਡ ਨੀ।

ਐਤਨੇ ਨੂੰ ਜੁਆਨ ਘੋੜਿਆਂ ਤੋਂ ਉਤਰੇ,
ਜਿਨ੍ਹਾਂ ਨੇ ਬਣਾਉਣੇ ਝੱਲੀਆਂ ਦੇ ਕੁਤਰੇ।

ਨਸ਼ਾ ਪੀਣ ਲਾ ਬੰਦੂਕਾਂ ਦੀਆਂ ਸ਼ੌਂਗੀਆਂ,
'ਬਾਬੂ ਜੀ' ਲਹੂ ਦੀਆਂ ਤਿਹਾਈਆਂ ਸੌਹਰੀਆਂ।

॥ ਦੋਹਿਰਾ ॥

ਸੀ ਸਿਵੀਆਂ ਦੀ ਡੂਮਣੀ, ਵਿਆਹੀ ਸੀ ਉਸ ਗਾਮ।
ਦੂਰੋਂ ਆਉਂਦਾ ਸਿਆਣਗੀ, ਇਹ ਜੀਜਾ ਗੁਰਨਾਮ।

ਦੋ ਭਾਗ ਛੰਦ—36

ਤੀਵੀਆਂ ਦੇ ਨਾਲ ਸਿਵੀਆਂ ਦੀ ਡੂੰਮਣੀ,
ਜੀਜੇ ਗੁਰਨਾਮ ਨੂੰ ਸਿਆਣੇ ਸੂਮਣੀ।

ਲਿਆਏ ਝੱਲੀ ਤੋੜ ਕੇ ਇਨ੍ਹਾਂ ਦੀ ਕੱਚਰੀ,
ਤਾੜਗੀ ਸ਼ਿਕਾਰੀ ਨੂੰ ਸ਼ਿਕਾਰੀ ਖ਼ਚਰੀ।

ਡੂਮਣੀ ਸੁਣਾਵੇ ਚੱਕ ਚੱਲੋ ਛਾਲਾਂ ਨੂੰ,
ਆ ਗਿਆ ਗੁਰਨਾਮ ਸਿਉਂ ਡਿਗਾਦੂ ਲਾਲ਼ਾਂ ਨੂੰ।

ਜਾਂਵਦੀ ਨਗਰ ਵੱਲ ਮੂਨ ਡਾਰ ਦੀ,
ਚੁੰਗੀਆਂ ਨੂੰ ਚੱਕਦੀ ਥਬੂਕੇ ਮਾਰ ਦੀ।

ਖ਼ੁਸ਼ੀ ਪ੍ਰਤਾਪੋ ਨੂੰ ਵਿਆਹ ਤੋਂ ਜਾਸਤੇ,
ਕੁੱਟੀ ਜਾਵੇ ਚੂਰੀ ਭਰਜਾਈ ਵਾਸਤੇ।

ਆਉਂਦੀ ਧਾੜ ਸੁਣੀ ਜਾਂ ਫ਼ਿਰੋਜ਼ਪੁਰ ਕੀ,
ਬਦਨੇ ਤੋਂ ਜਾਵੇ ਨਾ ਲੰਘਾਈ ਬੁਰਕੀ।

ਭਾਨੇ ਨੀਰਾ ਚੱਕਿਆ ਮਹੀਂ ਦੇ ਜੋਕਰਾ,
ਡਰ ਲਾਲ ਛੁੱਟ ਗਿਆ ਹੱਥਾਂ 'ਚੋਂ ਟੋਕਰਾ।

ਹੱਥੀ ਥੜ੍ਹੇ ਪੈਗੇ ਪ੍ਰਤਾਪੋ ਚੰਦਲ ਨੂੰ,
ਜਿੰਦਾ ਲਾਗੀ ਸੰਤਨੋ ਸਰ੍ਹੋਂ ਦੀ ਗੰਦਲ ਨੂੰ।

ਫਿਰ ਗਈ ਬਗੌੜ ਉੱਡ ਗਈਆਂ ਆਬੀਆਂ,
ਕੌਠੇ ਚੜ੍ਹੀ ਬੁੜ੍ਹੀ ਨੂੰ ਫੜਾਕੇ ਚਾਬੀਆਂ।

ਨਾਲੇ ਕੂਕਾਂ ਮਾਰਦੀ ਭਮਾਉਂਦੀ ਪੱਲੂ ਨੂੰ,
ਆ ਗਿਆ ਕਿੱਕਰ ਸਿੰਘ ਢੌਣ ਕੱਲੂ ਨੂੰ।

ਮਾਘ ਦਾ ਮਹੀਨਾ ਚਾਰ ਵੱਜੇ ਸ਼ਾਮ ਕੇ
ਪੈ ਗਿਆ ਥਰਥੱਲ ਵਿੱਚ ਸਾਰੇ ਗਾਮ ਕੇ।

ਬਦਨੇ ਤੇ ਭਾਨੇ ਨੇ ਚੜ੍ਹਾਈਆਂ ਸ਼ਵ੍ਹੀਆਂ,
ਜਿੱਤ ਵਾਲੋਂ, ਲਿਆਂਦੀਆਂ ਬਣਾਕੇ ਨਵੀਆਂ।

ਜੱਟ ਮੋਚੀ ਚੂਹੜੇ ਘਮਿਆਰ ਮਿਸੇ ਜ੍ਹੇ,
ਚੱਕੀ ਲਿਉ ਆਉਂਦੇ ਜਾਤਰੂ ਜੁਲਾਹੇ ਲਿੱਸੇ ਜ੍ਹੇ।

ਘਸੇ ਹੋਏ ਚਿੱਤੜ ਕਪਾਹਾਂ ਗੁੱਡਦਿਆਂ ਦੇ,
ਮਾਰਨ ਬਟੇਰੇ ਪੰਜੇ ਬਾਜਾਂ ਉਡਦਿਆਂ ਦੇ।

‘ਬਾਬੂ’ ਯਾਰ ਕੱਠੇ ਹੋਗੇ ਭਾਨੇ ਫੌਸਲ ਦੇ,
ਵੇਖੋ ਪੰਗਾ ਲੈਂਦੇ ਕਾਂ ਨਾਲ ਗੌਸਲ ਦੇ।

॥ ਦੋਹਿਰਾ ॥
ਰੱਜ ਸ਼ਰਾਬਾਂ ਪੀਤੀਆਂ, ਅਤੇ ਉਤਾਰਨ ਬੂਟ।
ਫੇਰ ਚਲਾਕੇ ਗੌਲੀਆਂ, ਪਾਉਣ ਨਗਰ ਵੱਲ ਸ਼ੂਟ।

ਦੋ ਭਾਗ ਛੰਦ—37
ਬੀਰ ਰਸ ਭਰਤਾ ਸਰੋਂਤਿਉ ਛੰਦ ਮੇਂ,
ਬੈਠਕੇ ਤੇ ਪੀਤੀਆਂ ਸ਼ਰਾਬਾਂ ਰੰਦ ਮੇਂ।

ਤਿਆਰ-ਬਰ-ਤਿਆਰ ਸੀ ਹਥਿਆਰ ਕਰਲੇ,
ਖੋਹਲਕੇ ਮਸ਼ੀਨ ’ਚ ਮਸਾਲੇ ਭਰਲੇ।

ਜਦੋਂ ਆਪੋ-ਆਪਣੀ ਰਫ਼ਲ ਕੱਸਲੀ,
ਤਾੜੀ ਮਾਰ ਉਡੱਗੇ ਬਟੇਰੇ ਫ਼ਸਲੀ।

ਕਹੇ ਗੁਰਨਾਮ ਢੱਗੇ ਆਗੇ ਰੌਹੀ ਦੇ,
ਆਜੋ ਲੋਕੋ ਪੁਆਧੜੇ ਵਖਾਈਏ ਕੌਹੀਦੇ।

ਢਾਹੁੰਦੇ ਸੀ ਪਹਾੜ ਜਿਹੜੇ ਨਾਲ ਗੱਲਾਂ ਦੇ,
ਅੱਜ ਸ਼ੇਰ ਲੁਕਗੇ ਹੰਕਾਰੀ ਝੱਲਾਂ ਦੇ।

ਆਗੇ ਢੱਗੇ ਹੱਕਣ ਫ਼ਿਰੋਜ਼ਪੁਰ ਦੇ,
ਭੱਜੇ ਜਾਂਦੇ ਵੀਰ, ਪ੍ਰਤਾਪ ਕੁਰ ਦੇ।

ਹੋਜਾ ਛੇਤੀ ਸਾਹਮਣੇ ਲੜਾਕਿਆਂ ਬਦਨਿਆਂ,
ਘੂਰੇਂ ਸਰਦਾਰਾਂ ਨੂੰ ਨਲੈਕਾ ਅਦਨਿਆਂ।

ਗੌਲੀ ਮਾਰ ਮੱਥੇ ਦੀ ਉਡਾਤੀ ਠੀਕਰੀ,
ਮਾਰਤਾ ਕਮੌਤ ਮੌਤ ਲਿਖੀ ਤੀਕਰੀ।

ਲੱਗਿਆ ਨਾ ਪਤਾ ਕਿਸੇ ਵਿੱਚ ਰੌਲ਼ੇ ਦੇ,
ਸ਼ਾਮੋ ਦਾ ਪ੍ਰਾਹੁਣਾ ਉਹਲੇ ਹੋ ਗਿਆ ਕੌਲ਼ੇ ਦੇ।

ਮਗਰੋਂ ਚਲਾਤੀ ਭੱਜੇ ਜਾਂਦੇ ਭਾਨੇ ਨੂੰ,
ਪਿੰਜਣੀ ’ਚ ਮਾਰੀ ਉਕਿਆ ਨਾ ਨਿਸ਼ਾਨੇ ਨੂੰ।

ਉਂਤਾਂ ਵਿੱਚ ਸੱਥ ਦੇ ਲਵਾਤੀ ਗੌਡਨੀ,
ਚੰਗੂ ਵੱਜਿਆਂ ਜ਼ਿਮੀਂ ਤੇ ਗੱਡੇ ਦਾ ਠੌਡ ਨੀ।

ਸਾਰੀ ਭੰਨ ਦਿੱਤੀ ਕੰਗਰੋੜ ਖੁੱਚ ਦੀ,
ਬਚੀ ਜਾਨ ਚੋਗ ਨਾ ਨਖੁਟੀ ਲੁੱਚ ਦੀ।

ਪੱਟਣਾ ਸੀ ਜੜ੍ਹਾਂ ’ਚੋਂ ਦਗ਼ੇ ਦੇ ਮੁੱਢ ਨੂੰ,
ਲੰਙਾ-ਲੰਙਾ ਭੱਜ ਗਿਆ ਹਲੌਂਦਾ ਡੁੱਡ ਨੂੰ।

ਤੀਸਰੀ ਚਲਾਤੀ ਖਿੱਚਕੇ ਸ਼ਰਾਬੀ ਦੇ,
ਖਾਲਾ ਤੂੰ ਵੀ ਫੁਲਕੇ ਲਿਆਂਦੀ ਭਾਬੀ ਦੇ।

ਪਾੜਤੀ ਗੱਗਰ ਰੋਜ਼ ਮਾਸ-ਖਾਣੇ ਦੀ,
ਟੌਕਣੀ ਚੁੱਲ੍ਹੇ ਤੇ ਛੱਡ ਗਿਆ ਗੁੜਾਣੇ ਦੀ।

ਨਸਵਾਰ ਵਾਲਾ ਸੁਣਕੇ ਭੜਾਕੇ ਭੱਜ ਗਿਆ,
ਭੱਜਿਆ ਜਾਂਦਾ ਅੱਠ-ਨੌਂ ਲਕੀਰਾਂ ਕੱਢ ਗਿਆ।

ਜਾਵੇ ਗੌਲੀ ਟੀਂਕਦੀ ਸਿਰਾਂ ਤੋਂ ਡਾਕੂ ਦੀ,
ਹੁੱਕੇ ਵਾਲਾ ਗੁਆ ਗਿਆ ਗੁਥਲੀ ਤਮਾਕੂ ਦੀ।

ਹੋਰ ਮਾਰੀ ਧੌਂਣ ’ਚ ਟਿਕਾਕੇ ਫ਼ੀਮੀਂ ਦੇ,
ਮੋੜ ਦਿੰਦੇ ਪਾਉਣੇ ਕੀ ਅਚਾਰ ਤੀਮੀਂ ਦੇ।

ਫੇਰ ਮਾਰ ਕਰਤਾ ਫੱਟੜ ਪੌਸਤੀ,
ਭੱਜ ਚੱਲੋ ਭੈਣ, ਦੀ ਮਰਾਵੇ ਦੌਸਤੀ।

ਪੰਜ ਛੀ ਕੁ ਡੇਗਤੇ ਗਹੀਰਿਆਂ ਵਰਗੇ,
‘ਰਜਬ ਅਲੀ’ ਖੂਨ ਦੇ ਛੱਪੜ ਭਰਗੇ।

॥ ਦੋਹਿਰਾ ॥

ਫੱਟੜ ਹੋ ਗਿਆ ਭਾਨ ਸਿਉਂ, ਜਦੋਂ ਰਫ਼ਲ ਦੇ ਨਾਲ।
ਆਕੇ ਤੇ ਗੁਰਨਾਮ ਸਿਉਂ, ਪੁਛਦਾ ਹਾਲ-ਹਵਾਲ।

ਦੋ ਭਾਗ ਛੰਦ—38

ਕਹੇ ਗੁਰਨਾਮ ਹੋ ਤਿਆਰ ਬਦਨਿਆ,
ਵਾਰੀ ਦੇਣੀ ਆਗੀ ਐ ਕਸਾਈਆ ਸਦਨਿਆਂ।

ਝਾਕ ਮੇਰੇ ਸਾਹਮਣੇ ਵਣਾਂ ਦਿਆਂ ਬੱਬਰਾਂ,
ਇਕੋ ਗੋਲੀ ਵੱਜੀ ਤੋਂ ਗਿਆ ਕਿਉਂ ਘਬਰਾ?

ਓਦਨ ਪੰਚਾਇਤ ਵਿੱਚ ਮਾਰੇ ਥਾਪੀਆਂ,
ਅੱਜ ਕੀਹਨੇ ਲਾਹਤੀਆਂ ਮੱਥਿਆਂ ਤੋਂ ਟਾਕੀਆਂ?

ਬਦਨਾ ਪੁਕਾਰੇ ਉਘੇ ਸਾਂ ਤਸੀਲ ਮੇਂ,
ਆਉਂਦੇ ਨੀ ਸੀ ਮਾੜੇ ਗਾਰੜੂ ਦੀ ਕੀਲ ਮੇਂ।

ਮੈਨੂੰ ਮਰਵਾਤਾ ਭਾਨ ਸਿਉਂ ਦੇ ਗੱਪ ਨੇ,
ਇੱਕ ਨਾ ਚਲਾਇਆ ਡੰਗ ਛੀਂਬੇ ਸੱਪ ਨੇ।

ਸਾਡੀ ਝੰਡੀ ਮੇਲੇ ਜਗਰਾਵੀਂ ਰੌਸ਼ਨੀ,
ਪੱਟੇ ਉਸ ਭੈਣ ਨੇ ਕਿਸੇ ਨੂੰ ਦੋਸ਼ ਨੀ।

ਭੋਗ ਸਰਦਾਰਾਂ ਦੀ ਕੁਆਰੀ ਵੈਲੀਆ,
ਉਠ ਹੁਣ ਪੰਜਾਂ ਸੱਤਾਂ ਦਿਆ ਮਰ੍ਹੈਲੀਆ।

ਕਹੇ ਗੁਰਨਾਮ ਜੱਟਾ ਮਾਰੇ ਮਿੱਠੀਆਂ,
ਸੂਤ ਹੋਜਾ ਆ ਗੀਆਂ ਧੁਰਾਂ ਤੋਂ ਚਿੱਠੀਆਂ।

ਧੁੰਨੀ ਉਤੇ ਰੱਖ ਦੱਬਤਾ ਟਰੈਗ ਲੈ,
ਦਿੱਤਾ ਪੁੱਠਾ ਬਦਨਾ ਜ਼ਿਮੀਂ ਤੇ ਡੇਗਲੈ।

ਤੇਰੇ ਮਿਲਣੇ ਨੂੰ ਅਸੀਂ ਆਗੇ ਗੱਭਰੂ,
ਬੋਲ ਜਾਂਦੀ ਵਾਰ ਦੀ ਨਲੈਕਾ ਵਾਹਿਗੁਰੂ।

ਫੇਰ ਗੋਰਿਆਂ ਨੇ ਮੱਲ ਲਿਆ ਲਹੌਰ ਨੂੰ,
ਘਰੇ ਆਕੇ ਭਾਲਦੇ ਸੰਤ ਕੌਰ ਨੂੰ।

ਕੁੱਟ ਪ੍ਰਤਾਪੋ ਨੂੰ ਅੰਦਰ ਫੋਲੇ ਐ,
ਰੋਕੋ ਕਹਿੰਦੀ ਚਾਬੀਆਂ ਬੁੜ੍ਹੀ ਦੇ ਕੋਲੇ ਐ।

ਲੁਕਗੀ ਅੰਦਰ ਸਹੁਰੀ ਐਡੀ ਨੁੱਕਰੀ,
ਪੁੱਛੇ ਗੁਰਨਾਮ ਸਿਉਂ ਛਪਾਲ ਮੁੱਕਰੀ।

ਹੇਠਾਂ ਸਿੱਟ੍ਹੀ ਵੱਜਿਆ ਜ਼ਿਮੀਂ ਤੇ ਢੂਕਣਾ,
ਬੋਡੇ ਹੱਡ ਟੁੱਟ ਗਿਆ ਬੁੜ੍ਹੀ ਦਾ ਚੂਕਣਾ।

ਲੋਕ ਕਹਿੰਦੇ ਸੱਪ ਤੋਂ ਦਮੂਹੀਂ ਕਰੜੀ,
ਮਾਰ-ਮਾਰ ਕਰਤੀ ਨਿਢਾਲ ਬਰੜੀ।

ਝੱਟ ਦੇਣੇ 'ਬਾਬੂ ਜੀ' ਫੜਾਈਆਂ ਚਾਬੀਆਂ,
ਕੁੜੀ ਦੁਖਿਆਰੀ ਕੱਢਲੀ ਹਿਸਾਬੀਆਂ।

॥ ਦੋਹਿਰਾ ॥

ਮਾਰੇ ਭਾਨਾ ਬਦਨ ਸਿਉਂ, ਪਿੰਡ ਵਿੱਚ ਵੱਜਗੇ ਢੋਲ।
ਸੰਨਤੋਂ, ਸ਼ਾਮੋ ਆਣਕੇ, ਦੇਣ ਥਾਪੀਆਂ ਕੌਲ।

ਮੁਕੰਦ ਛੰਦ—39

ਬਦਨੇ ਨੂੰ ਮਾਰ ਪੰਜ-ਸੱਤ ਫੱਟੜੇ,
ਗੋਲੀਆਂ ਦੇ ਨਾਲ ਸੀ ਬਨੇਰੇ ਪੱਟੜੇ।
ਸੰਨਤੋ ਤੇ ਸ਼ਾਮੋ ਸੀ ਖੁਸ਼ੀ 'ਚ ਧਾਪੀਆਂ,
ਦੇਣ ਭੈਣਾਂ ਸੂਰਮੇਂ ਭਰਾ ਨੂੰ ਥਾਪੀਆਂ।

ਫੇਰ ਲੱਤ ਮਾਰੀ ਬਦਨੇ ਦੀ ਲਾਸ਼ ਨੂੰ,
ਐਨੀ ਅੱਤ ਚੱਕੀ ਸੀ ਨਲੈਕਾ ਕਾਸ ਨੂੰ?
ਜਾਣਕੇ ਜਗਾ ਲਿਆ ਸੁੱਤਾ ਸ਼ੇਰ ਪਾਪੀਆਂ,
ਦੇਣ ਭੈਣਾਂ ਸੂਰਮੇਂ ਭਰਾ ਨੂੰ ਥਾਪੀਆਂ।

ਮਾਰਕੇ ਨਿਸ਼ਾਨੇ ਸੀ ਚੁਗਾਠਾਂ ਪੱਟੀਆਂ,
ਭੱਜ ਚੱਲੇ ਬਾਣੀਏਂ ਅੜਾਕੇ ਹੱਟੀਆਂ।
ਰੋਣ ਪੁਆਧੜੀਆਂ ਰਹਿਗੀਆਂ ਕਲਾਪੀਆਂ,
ਦੇਣ ਭੈਣਾਂ ਸੂਰਮੇਂ ਭਰਾ ਨੂੰ ਥਾਪੀਆਂ।

ਸ਼ਾਬਾਸ਼ੇ ਭਰਾਵੋ ਜੰਮਿਆਂ ਦੇ ਆਫ਼ਰੀ,
ਭੈਣਾਂ ਪਿੱਛੇ ਪੈਗੀ ਕੱਟਣੀ ਮੁਸਾਫਰੀ।
ਮਾਪਿਆਂ ਘਰ ਨਾਰਾਂ ਛੱਡੀਆਂ ਮਿਲਾਪੀਆਂ,
ਦੇਣ ਭੈਣਾਂ ਸੂਰਮੇਂ ਭਰਾ ਨੂੰ ਥਾਪੀਆਂ।

ਗੋਲੀਆਂ ਚਲਾਉਣੋਂ ਬੰਦ ਹੋਜੋ ਵੀਰਨੋਂ,
ਚੀਰਤੇ ਵੇ ਖ਼ੂਨੀ ਹੈ ਦੁੱਖਾਂ ਦੇ ਸੀਰਨੋਂ।
ਦੋਵੇਂ ਪੈਰੀਂ ਗੁਰਨਾਮ ਸਿਉਂ ਦੇ ਆਪੀਆਂ,
ਦੇਣ ਭੈਣਾਂ ਸੂਰਮੇਂ ਭਰਾ ਨੂੰ ਥਾਪੀਆਂ।

ਸੋਹਣਾ ਕਿੱਸਾ ਰਚਤਾ ਲਗਾਕੇ ਰੀਝ ਨੂੰ,
ਯਾਦ ਕਰਵਾਤਾ ਫ਼ਤਹਿ ਖ਼ਾਂ ਅਜ਼ੀਜ ਨੂੰ।
ਮੁੰਡੇ ਦੂਰ-ਦੂਰ ਦੇ ਮੰਗਣ ਕਾਪੀਆਂ,
ਦੇਣ ਭੈਣਾਂ ਸੂਰਮੇਂ ਭਰਾ ਨੂੰ ਥਾਪੀਆਂ।

ਪੰਜ ਚਾਰ ਸਾਲ ਮੇਲਿਆਂ ਤੇ ਗਾਉਣਗੇ,
ਫੇਰ 'ਬਾਬੂ ਸਾਹਬ' ਕਾਪੀਆਂ ਛਪਾਉਣਗੇ।
ਪੜ੍ਹ ਲਿਉ ਬਜ਼ਾਰੋਂ ਲੈ ਕਿਤਾਬਾਂ ਛਾਪੀਆਂ,
ਦੇਣ ਭੈਣਾਂ ਸੂਰਮੇਂ ਭਰਾ ਨੂੰ ਥਾਪੀਆਂ।

ਬੈਂਤ—40

ਸ਼ੇਰਪੁਰ 'ਚ ਮਾਰਕੇ ਬਦਨ ਸਿਉਂ ਨੂੰ,
ਲੋਥਾਂ ਵਿੱਚ ਚੁਗਾਨ ਦੇ ਰੋਲੀਆਂ ਜੀ।

ਭੰਨੇ ਪੱਟ ਪ੍ਰਾਹੁਣੇ ਭਾਨ ਸਿਉਂ ਦੇ,
ਜੀਹਨੇ ਸੱਪ ਵਾਂਗੂੰ ਵਿਉਹਾਂ ਘੋਲੀਆਂ ਜੀ।

ਮਾਰ-ਮਾਰ ਕੇ ਲਹੂ ਲੁਹਾਣ ਕੀਤੇ,
ਰੱਜ-ਰੱਜ ਕੇ ਖੇਡੀਆਂ ਹੋਲੀਆਂ ਜੀ।

ਹੋਗੇ ਪੱਤਰਾ ਯਾਰ ਸ਼ਰਾਬ-ਪੀਂਦੇ,
ਨੰਗੇ ਪੈਰ ਲਤਾੜੀਆਂ ਪੋਹਲੀਆਂ ਜੀ।

ਦਿੱਤੀ ਸ਼ਰਮ ਨਲੈਕ ਪ੍ਰਤਾਪ ਕੁਰ ਨੂੰ,
ਗਿਣ-ਗਿਣ ਕੇ ਮਾਰੀਆਂ ਬੋਲੀਆਂ ਜੀ।

ਫੇਰ ਭਾਲਦੇ ਟਕੇ ਸ਼ਰਾਬ ਜੋਗੇ,
ਉਹਨਾਂ ਹੱਟੀਆਂ ਕੁੱਲ ਫਰੋਲੀਆਂ ਜੀ।

ਉਥੇ ਲੱਗੀਆ ਹੱਥ ਜਲੇਬੀਆਂ ਨੇ,
ਖਾਗੇ ਡੱਕਕੇ ਡੱਟੀਆਂ ਝੋਲ਼ੀਆਂ ਜੀ।

ਦੇਕੇ ਪਿਆਰ ਚੜ੍ਹਾਲਿਆ ਬੋਤਿਆਂ ਤੇ,
ਗਈਆਂ ਦੌੜ ਅਰਾਕਣਾਂ ਛੋਲ੍ਹੀਆਂ ਜੀ।

'ਰੱਜਬਲੀ ਖਾਂ' ਸੂਰਮੇ ਵੈਰ ਲੈਕੇ,
ਪਿੱਛੇ ਮੁੜੇ ਚਲਾਕੇ ਗੋਲ਼ੀਆਂ ਜੀ।

ਕਿੱਸਾ ਆਸੀ ਠਠਿਆਰੀ

॥ ਦੋਹਿਰਾ ॥

ਕੰਚਨ ਪੁਰੀ ਭੁਪਾਲ ਸੀ, ਇੰਦਰ ਸੈਨ, ਬਲਵੰਤ।
ਰੂਪ ਕੰਵਰ ਦਾ ਅੰਤ ਨਾ, ਜਿਸਦਾ ਨਾਂ ਜਸਵੰਤ।

ਮੁਕੰਦ ਛੰਦ—1

ਟੋਟ ਰਹੇ ਨਾ ਸੱਚੇ ਦੀ ਓਟ ਤੱਕਲੀ,
ਕਹੇ ਜਗਮੇਲ ਦੇ ਕਲਮ ਚੱਕਲੀ।
ਜੋ-ਜੋ ਸ਼ੌਰ ਪੌਣ ਨਾ ਪਿਆਰੇ ਮਾਸੀ ਦੇ,
ਰਸਦਾਇਕ ਨਾਵਲ ਠਠਿਆਰੀ ਆਸੀ ਦੇ।

ਸ਼ਹਿਰ ਜੋ ਕੰਚਨ ਪੁਰੀ ਦਾ ਹੱਦ ਸੀ,
ਦੇਵਤਿਆਂ ਦੀ ਸੁਰਗਾਂ-ਪੁਰੀ ਤੋਂ ਵੱਧ ਸੀ।
ਭਾਰੀ ਪਾਪੂਲੇਸ਼ਨ ਸਮਾਨ ਕਾਂਸ਼ੀ ਦੇ,
ਰਸਦਾਇਕ ਨਾਵਲ ਠਠਿਆਰੀ ਆਸੀ ਦੇ।

ਸੀ ਇੰਦਰ ਸੈਨ ਜਸਵੰਤ ਦਾ ਪਿਤਾ,
ਧਨ ਮਾਲ ਪੁੱਤ ਜੰਮੇਂ ਤੋਂ ਲੁਟਾ ਦਿੱਤਾ।
ਸੀਸਾਂ ਦਿੰਦੇ ਜਾਣ ਪੁੱਤ੍ ਮਰਾਸੀ ਦੇ,
ਰਸਦਾਇਕ ਨਾਵਲ ਠਠਿਆਰੀ ਆਸੀ ਦੇ।

ਕੰਵਰ ਸ਼ਿਕਾਰ ਨੂੰ ਮੰਦਰ ਕੋਲ਼ ਗਿਆ,
ਵੇਖਕੇ ਠਠਿਆਰੀ ਦੀ ਕੁੜੀ ਨੂੰ ਡੋਲ ਗਿਆ।
ਲੰਮੀ ਧੌਣ ਵਾਂਗ ਕੱਚ ਦੀ ਗਲਾਸੀ ਦੇ,
ਰਸਦਾਇਕ ਨਾਵਲ ਠਠਿਆਰੀ ਆਸੀ ਦੇ।

ਹਰ ਟਾਇਮ ਦੋਹਾਂ ਦੇ ਦਿਲਾਂ ਨੂੰ ਖਿੱਚ ਰਖ੍ਹੇ,
ਦਿਨ ਰਾਤ ਓਸਦੇ ਚੁਬਾਰੇ ਵਿੱਚ ਰਖ੍ਹੇ।

ਲੰਘਦੇ ਦਿਹਾੜੇ ਹੈਪੀਨੈਸ ਹਾਸੀ ਦੇ,
ਰਸਦਾਇਕ ਨਾਵਲ ਠਠਿਆਰੀ ਆਸੀ ਦੇ।

ਵਿਆ-ਵੀ ਹੋ ਗਿਆ ਅਜੇ ਨਾ ਪ੍ਰੀਤਾਂ ਘਟੀਆਂ,
ਵੇਖਦਾ ਨਾ ਰਾਣੀ ਨੂੰ ਅੱਖਾਂ ਤੇ ਪੱਟੀਆਂ।
ਰਾਣੀ ਰਹਿਣ ਲੱਗ ਪਈ ਸਮਾਨ ਦਾਸੀ ਦੇ,
ਰਸਦਾਇਕ ਨਾਵਲ ਠਠਿਆਰੀ ਆਸੀ ਦੇ।

'ਬਾਬੂ' ਭੇਤ ਖੁੱਲ੍ਹੇ ਆਸੀ ਦੇ ਮੱਕਰ ਦਾ,
ਓਹਨੂੰ ਫੱਲ ਉਹਦੀ ਕੀਤੀ ਦਾ ਟੱਕਰਦਾ।
ਕੁੱਤੇ ਖਾਗੇ ਮਾਰਤੀ ਨਲੈਕ ਫਾਂਸੀ ਦੇ,
ਰਸਦਾਇਕ ਨਾਵਲ ਠਠਿਆਰੀ ਆਸੀ ਦੇ।

ਮੁਕੰਦ ਛੰਦ—2

ਕੌਰ ਦਾ ਬਜ਼ਾਰ ਮੇਂ ਤੁਰੰਗ ਖੜ੍ਹ ਗਿਆ,
ਚੜ੍ਹਦੇ 'ਚੋਂ ਰੂਪ ਦਾ ਬੱਦਲ ਚੜ੍ਹ ਗਿਆ।
ਵੇਖ ਕੇ ਸ਼ਕਲ ਹੋ ਅਕਲ ਦੰਗ ਗਈ,
ਦੇ ਕੇ ਝਾਕਾ ਰੂਪ ਦਾ ਠਠਿਆਰੀ ਲੰਘ ਗਈ।

ਲੰਮੀ ਧੌਣ ਜਾਣੀ ਦੀ ਗਿਲਾਸ ਬਿਆੜੀ ਦੇ,
ਤਿੱਲੇ ਨਾਲ਼ ਲਿੱਪੇ ਪਏ ਕਿਨਾਰੇ ਸਾੜ੍ਹੀ ਦੇ।
ਚਰਖ਼ੇ ਦੀ ਗੁੱਝ ਬਾਂਹ ਝੜਾਕੇ ਬੰਗ ਗਈ,
ਦੇ ਕੇ ਝਾਕਾ ਰੂਪ ਦਾ ਠਠਿਆਰੀ ਲੰਘ ਗਈ।

ਹੱਸਦੀ ਦੇ ਮੂੰਹੋਂ ਜਾਂਦੇ ਫੁੱਲ ਡੁੱਲ੍ਹ ਬਲਾਂ,
ਮਿੱਠਾ ਬੋਲ ਗੌਣ ਜਿਉਂ ਸੁਨੌਣ ਬੁਲਬਲਾਂ।
'ਗੋਲ਼ ਪਾਵੇ' ਵਾਂਗਰਾਂ ਖਰਾਂਦੀ ਟੰਗ ਗਈ,
ਦੇ ਕੇ ਝਾਕਾ ਰੂਪ ਦਾ ਠਠਿਆਰੀ ਲੰਘ ਗਈ।

ਚਾਲ ਠੁੰਮ੍ਹੇ-ਠੁੰਲ੍ਹ ਜਿਉਂ ਚੱਲਣ ਗੋਪੀਆਂ,
ਅੰਬਾਂ ਦੀਆਂ ਫਾੜੀਆਂ ਅੱਖਾਂ ਤੇ ਟੋਪੀਆਂ।
ਨੈਣਾਂ ਨਾਲ ਨੈਣਾਂ ਦਾ ਕਰਾਕੇ ਜੰਗ ਗਈ,
ਦੇ ਕੇ ਝਾਕਾ ਰੂਪ ਦਾ ਠਠਿਆਰੀ ਲੰਘ ਗਈ।

ਠੰਡੀ ਜਾਣੀ ਹੇਠਲੀ ਤਰਫ਼ ਸੇਬ ਦੀ,
ਚਿੱਟੇ ਦੰਦ, ਬੁੱਲ੍ਹ ਫਾਕੜ ਜਲੇਬ ਦੀ।
ਡੰਗ ਮਾਰ ਨਾਗਣੀ ਜ਼ੁਲਫ਼ ਡੰਗ ਗਈ,
ਦੇ ਕੇ ਝਾਕਾ ਰੂਪ ਦਾ ਠਠਿਆਰੀ ਲੰਘ ਗਈ।

ਲਾਲ ਹੀਰੇ ਨੱਖ਼ਾਂ ਤੇ ਚੜਾਲੇ ਹੱਥ ਨੇ,
ਤਿੱਖਾ ਨੱਕ ਤੋਤੀ ਤੋਂ ਚੁਰਾ ਲਿਆ ਨੱਥ ਨੇ।
ਹਿੱਕ ਤਾਂ ਕਬੂਤਰ ਲੱਕੇ ਤੋਂ ਮੰਗ ਲਈ,
ਦੇ ਕੇ ਝਾਕਾ ਰੂਪ ਦਾ ਠਠਿਆਰੀ ਲੰਘ ਗਈ।

ਚੌੜਾ ਮੱਥਾ ਦਗ਼ੇ ਵਾਂਗਰਾਂ ਮੜ੍ਹਾਬੀ ਦੇ,
ਕਸਤੂਰੀ ਭਰੀ 'ਵੀ ਵਿਚਾਲੇ ਨਾਭੀ ਦੇ।
ਸੱਚੀ ਪਰਵਾਜ਼ ਲਾ ਉਡਾਰੀ ਡੰਗ ਗਈ,
ਦੇ ਕੇ ਝਾਕਾ ਰੂਪ ਦਾ ਠਠਿਆਰੀ ਲੰਘ ਗਈ।

ਐਸੀ ਸੋਹਣੀ ਰੱਬ ਨੇ ਬਨੌਣੀ ਫੇਰ ਨ੍ਹੀਂ,
ਲੱਕ ਜਿਵੇਂ ਕੋਹ ਹਿਮਾਲੀਆ ਦੀ ਸ਼ੇਰਨੀ।
'ਬਾਬੂ ਜੀ' ਪ੍ਰੇਮ ਦਾ ਝੜਾ ਕੇ ਰੰਗ ਗਈ,
ਦੇ ਕੇ ਝਾਕਾ ਰੂਪ ਦਾ ਠਠਿਆਰੀ ਲੰਘ ਗਈ।

॥ ਦੋਹਿਰਾ ॥

ਜਾਦੂ ਚੱਲ ਗਿਆ ਰੂਪ ਦਾ, ਤੇ ਫਸ ਜਾਂਦਾ ਕੰਵਰ।
ਜਾਂ ਫੁੱਲ ਖਿੜਦੇ ਵੇਖਕੇ, ਗੂੰਜਣ ਲਗਦੇ ਭੰਵਰ।

ਡਿਉਡਾ ਛੰਦ—3

ਸੋਹਣਾ ਲੱਗਿਆ ਰਾਜੇ ਦਾ ਸ਼ਹਿਜ਼ਾਦਾ ਸਾਧੂ ਜਿਹਾ, ਸੋਹਲ਼ ਵੇਂ ਜੇ ਸਾਲ 'ਚ।
ਆਸੀ ਨੇ ਹੁਸਨ ਦਾ ਚਲਾਕੇ ਜਾਦੂ ਜਿਹਾ, ਜੀ ਫਸਾ ਲਿਆ ਜਾਲ 'ਚ।
ਮਹਿਲੀਂ ਜਾਣ ਦੇਵੇ ਨਾ ਠਠਿਆਰੀ ਨਿੱਸਲੀ, ਕੋਲ਼ੇ ਮਾਂ ਤੇ ਮਾਸੀ ਦੇ।
ਸਾਰੀ ਰਾਤ ਕਰਦੀ ਚਨੈਣ ਬਿਜਲੀ, ਜੋ ਚੁਬਾਰੇ ਆਸੀ ਦੇ।

ਘੱੜ ਗਿਆ ਜ਼ੰਜੀਰੀ ਨੂੰ ਸੁਨਿਆਰਾ ਸ਼ਹਿਰੀਆਂ, ਹੈ ਗੁਲੂਬੰਦ ਪੱਟ ਦਾ।
ਕੰਨੀਏ-ਕਨਾਰੀ ਲਹਿਰਾਂ ਮਾਰੇ ਲਹਿਰੀਆ, ਪੱਟੇ ਪਰਾਂਦੇ ਪੱਟ ਦਾ।
ਵੱਧ ਗਏ ਪ੍ਰੇਮ ਨਾ ਠਠਿਆਰੀ ਖਿਝਲੀ, ਦਰਸ਼ਨ ਦੀ ਪਿਆਸੀ ਦੇ।
ਸਾਰੀ ਰਾਤ ਕਰਦੀ ਚਨੈਣ ਬਿਜਲੀ, ਜੋ ਚੁਬਾਰੇ ਆਸੀ ਦੇ।

ਪਾਈ ਜਾਂਦੇ ਚਾਂਬੜਾਂ ਬਲਾਕ ਨਾਕ ਕੇ, ਵਲ੍ਹੋਂ ਦਿਲਾਂ ਨੂੰ ਬਾਹਲੀ ਜੀ,
ਪੌਂਦੀ ਫਿਰੇ ਪੈਲ ਵਾਂਗਰਾਂ ਪੀਕਾਕ ਕੇ, ਡੰਗੇ ਜ਼ੁਲਫ਼ ਕਾਲ਼ੀ ਜੀ।
ਜੁਆਨ ਜਸਵੰਤ ਦੀ ਧਿਜਾਈ-ਧਿਜਲੀ, ਕਰੇ ਚੌਹਲ ਹਾਸੀ ਦੇ।
ਸਾਰੀ ਰਾਤ ਕਰਦੀ ਚਨੈਣ ਬਿਜਲੀ, ਜੋ ਚੁਬਾਰੇ ਆਸੀ ਦੇ।

ਰੋਜ਼ ਆਕੇ ਕੌਰ ਦਾ ਵਛੇਰਾ ਹਿੱਣਕੇ, ਜਿਉਂ ਰਾਣੇ ਪ੍ਰਤਾਪ ਦਾ।
ਰੱਖਦੀ ਪਲੇਟਾਂ 'ਚ ਸ਼ਗੀਣੀ ਚਿਣਕੇ, ਫਲੂਦਾ ਅਛੀ ਛਾਪ ਦਾ।
ਮਟਰ ਪਟੈਟੋ ਤੇ ਕਵਿੱਜ ਰਿੱਝਲੀ, ਭਰੇ ਕਟੋਰੇ ਕਾਂਸੀ ਦੇ।
ਸਾਰੀ ਰਾਤ ਕੁਰਦੀ ਚਨੈਣ ਬਿਜਲੀ, ਜੋ ਚੁਬਾਰੇ ਆਸੀ ਦੇ।

ਕੰਲਗੀ ਸੁਨਹਿਰੀ ਹੀਰੇ ਲਾਲ ਲੱਗੇ ਵੇ, ਦੇ ਦੀਦਾਰ ਹੁਦ-ਹੁਦ ਦਾ।
ਰੇਸ਼ਮੀ ਪੰਘੂੜੀ ਸਪਰਿੰਗ ਲੱਗੇ ਵੇ, ਤੇ ਗਦੈਲਾ ਗੁਦ -ਗੁਦ ਦਾ।
ਸ਼ੀਸ਼ੀ ਤਾ ਸ਼ਰਾਬ ਦੀ ਝੜੈਂਣ ਗਿੱਝਲੀ, ਵਿੱਚ ਪਾ ਗਿਲਾਸੀ ਦੇ।
ਸਾਰੀ ਰਾਤ ਕਰਦੀ ਚਨੈਣ ਬਿਜਲੀ, ਜੋ ਚੁਬਾਰੇ ਆਸੀ ਦੇ।

ਹੋ ਗਈ ਮਲ਼-ਮਲ਼ ਕੇ ਸਫ਼ੈਦ ਪਿੰਡੇ ਨੂੰ, ਜਿਉਂ ਦਰਿਆਈ ਬਗ਼ ਲੇ।
ਗੀਤ ਗਾ ਪਿਛਾੜੀ ਕੀਤਾ ਕੋਇਲ, ਬਿੰਡੇ ਨੂੰ, ਪਾ ਛਣਕੌਂਦੀ ਸਗਲੇ।
'ਬਾਬੂ' ਨਵੇਂ ਟੋਟਕੇ ਸੁਨੌਣ ਗਿੱਝਲੀ, ਵਾਂਗਰਾਂ ਮਰਾਸੀ ਦੇ।
ਸਾਰੀ ਰਾਤ ਕੁਰਦੀ ਚਨੈਣ ਬਿਜਲੀ, ਜੋ ਚੁਬਾਰੇ ਆਸੀ ਦੇ।

॥ ਦੋਹਿਰਾ ॥

ਚੱੜਕੇ ਠਾਠਾਂ ਮਾਰਦੀ ਜਦੋਂ ਹੁਸਨ ਦੀ ਠਾਠ।
ਡੋਲ ਜਾਣ ਸਤਵੰਤੀਆਂ ਅਤੇ ਬਹਾਦਰ ਰਾਠ।

ਝੋਕ ਛੰਦ—4

ਗੱਭਰੂ ਮੁਟਿਆਰਾਂ ਕੁੜੀਆਂ ਹੁੰਦੇ ਕੁੱਲ ਕਮਲ਼ੇ ਐ।
ਗੂੰਜਣ ਲੱਗ ਜਾਂਦੇ ਭੰਵਰੇ ਦੇਖ ਫੁੱਲ ਗਮਲੇ ਐ।
ਜ਼ੋਬਨ ਵਿੱਚ ਇਸ਼ਕ, ਹੁਸਨ ਦੇ ਹੁੰਦੇ ਜਦ ਹਮਲੇ ਐ।
ਹੁਸਨ ਦਾ ਜਾਦੂ ਚੱਲਜੇ, ਮਿਲਦੇ ਨਾਲ਼ ਪਿਆਰ ਦੇ।
ਹੋਵਨ ਕੁੱਲ ਦੂਰ ਦਵੈਤਾਂ, ਜਿੰਦ ਤੋਂ ਜਿੰਦ ਵਾਰ ਦੇ।
ਖ਼ੁਸ਼ੀਆਂ ਦਾ ਬਾਗ਼ ਫੁੱਲ ਜੇ ਮਹਿਕ ਮਾਰੇ ਫਲ ਦੀ ਜੀ।
ਲੱਜ਼ਤ 'ਜ੍ਹੀ, ਆਵਣ ਲੱਗਜੇ ਮਿੱਠੀ ਜ੍ਹੀ ਗੱਲ ਦੀ ਜੀ।

ਇੱਕ ਦੇ ਦਿਲੋਂ ਠਾਠ ਉਠਕੇ, ਦੂਜੇ ਨਾਲ਼ ਰਲ਼ ਦੀ ਜੀ।
ਦੋ ਤੋਂ ਦਿਲ ਇਕ ਬਣ ਜਾਂਦਾ, ਅੱਖ ਸੇ ਅੱਖ ਲੜਦੀ ਐ।
ਜੋਬਨ ਵਿੱਚ ਪਿਆਰ ਕਰੇ ਤੋਂ ਫ਼ੌਰਨ ਰੰਗ ਚੜ੍ਹਦੀ ਐ।

ਰਾਂਝੇ ਰੁੱਸ ਤਖ਼ਤ, ਹਜ਼ਾਰਿਓਂ ਫੜ ਲਿਆ ਰਾਹ ਝੰਗ ਦਾ ਸੀ।
ਦਰਿਆ ਚੱੜ੍ਹ ਠਾਠਾਂ ਮਾਰੇ, ਚਾਂਦਲ 'ਚੋਂ ਲੰਘਦਾ ਸੀ।
ਹੀਰ ਦੀ ਰੰਗਲੀ ਸੇਜ ਤੇ, ਸੌਂ ਗਿਆ ਨਾ ਸੰਗਦਾ ਸੀ।
ਚਾਂਦਲ ਤੇ ਨ੍ਹਾਵਣ ਆਈਆਂ, ਸਿਆਲਾਂ ਦੀਆਂ ਪੁੱਤਰੀਆਂ।
ਬਿਰਛਾਂ ਦੀਆਂ ਛਮਕਾਂ ਤੋੜਕੇ, ਪਰੀਆਂ ਵਾਂਗੂੰ ਉੱਤਰੀਆਂ।
ਹੋ ਗਈ ਹੀਰ ਸਰਦ ਬਰਫ਼ ਤੋਂ, ਵੇਖ ਅਲਬੇਲੇ ਨੂੰ।
ਮੱਝੀਆਂ ਤੇ ਮਾਹੀ ਲਾ ਲਿਆ, ਕਰਦੀ ਨਿੱਤ ਮੇਲੇ ਨੂੰ।
ਰਾਂਝੇ ਲਈ ਚੂਰੀ ਕੁਟਕੇ ਲੈ ਜਾਂਦੀ ਬੇਲੇ ਨੂੰ।
ਰਾਂਝੇ ਦੀਆਂ ਵੱਜਣ ਵੰਝਲੀਆਂ, ਮੁੜ ਨਾ ਘਰ ਵੜਦੀਐ।
ਜੋਬਨ ਵਿੱਚ ਪਿਆਰ ਕਰੇ ਤੋਂ ਫ਼ੌਰਨ ਰੰਗ ਚੜ੍ਹਦੀ ਐ।

ਸ਼ੀਰੀਂ ਫ਼ਰਿਆਦ ਵਾਲ਼ੀ, ਖਿੰਡਗੀ ਗੱਲ ਜ਼ਿਆਦੇ ਜੀ।
ਕਿੰਗ ਨੇ ਕਿਹਾ ਮਾਉਟੈਂਨ 'ਚੋਂ, ਨਹਿਰ ਕੱਢ ਲਿਆਂਦੇ ਜੀ।
ਪੱਥਰੋਂ ਜਲ ਜਾਰੀ ਹੋ ਗਿਆ, ਤੇਸਾ ਮਾਰੇ ਠਾਹਦੇ ਜੀ।
ਸ਼ੀਰੀਂ ਦੇ ਗਾਰਡਨ ਦੇ, ਭੱਰਤੇ ਕੁੱਲ ਕਿਆਰੇ ਜੀ।
ਖਿੱੜਕੇ ਫੁੱਲ ਟਹਿਕਣ ਲੱਗਦੇ, ਠਾਠਾਂ ਜਲ ਮਾਰੇ ਜੀ।
ਚਾਨਚੱਕ ਸ਼ੀਰੀਂ ਮਰ ਗਈ, ਦੱਸ ਗਿਆ ਵਜ਼ੀਰ ਸੀ।
ਧਾਹ ਤੇ ਧਾਹ ਮਾਰੇ ਖੱੜ੍ਹਕੇ, ਹੋ ਗਿਆ ਦਿਲਗੀਰ ਸੀ।
ਮੱਥੇ ਵਿੱਚ ਤੇਸਾ ਮਾਰੇ, ਲੈਂਦਾ ਸਿਰ ਚੀਰ ਸੀ।
'ਸ਼ੀਰੀਂ' ਨੇ ਬਚਣਾ ਕੀ ਸੀ, ਮਹਿਲੋਂ ਛਾਲ਼ ਜੱੜਦੀ ਐ।
ਜੋਬਨ ਵਿੱਚ ਪਿਆਰ ਕਰੇ ਤੋਂ ਫ਼ੌਰਨ ਰੰਗ ਚੜ੍ਹਦੀ ਐ।

ਮਹੀਂਵਾਲ ਮੱਝੀਆਂ ਚਾਰੇ ਤੁੱਲੇ ਘੁਮਿਆਰ ਦੀਆਂ।
ਬਾਪ ਅੱਡ ਸ਼ਾਦੀਆਂ ਕੀਤੀਆਂ, ਸੋਹਣੀ ਮੁਟਿਆਰ ਦੀਆਂ।
ਪਾਰ ਦਰਿਆ ਤੋਂ ਝੁਗੀਆਂ ਮਹੀਂਵਾਲ ਯਾਰ ਦੀਆਂ।
ਘੜੇ ਤੇ ਚੱੜ੍ਹਕੇ ਲੰਘਜੇ, ਵੜਕੇ ਵਿਚ ਨੀਰ ਕੇ।
ਯਾਰ ਨੂੰ ਮਿਲਦੀ ਜਾ ਕੇ, ਚਾਂਦਲ ਨਿੱਤ ਚੀਰ ਕੇ।
ਹਨੇਰੀ ਰਾਤ ਸੈਂ-ਸੈਂ ਕਰਦੀ, ਨਦੀਆਂ ਵਿਚ ਤਰਦੀ ਐ।
ਪੱਕੀ ਘੜੀ ਨਣਦ ਉਠਾਕੇ, ਕੱਚੀ ਨੂੰ ਧਰਦੀ ਐ।

ਬਚਨੋਂ ਨਾ ਝੂਠੀ ਪੈਜਾਂ, ਮਾਲਕ ਤੋਂ ਡਰਦੀ ਐ।
ਕੱਚੀ ਘੜੀ ਸੱਕਰ ਵਾਂਗੂ, ਖੱਰਗੀ ਨਾ ਅੜਦੀ ਐ।
ਜੋਬਨ ਵਿੱਚ ਪਿਆਰ ਕਰੇ ਤੋਂ ਫ਼ੌਰਨ ਰੰਗ ਚੜ੍ਹਦੀ ਐ।

ਜਿਹੜੀ ਸੀ ਲੇਲੀ ਕਾਲ਼ੀ, ਰਾਤ ਤੋਂ ਕਾਲੀ ਸੀ।
ਮਜਨੂੰ ਨੂੰ ਪੁੱਛਕੇ ਵੇਖਲੋ, ਜਿੰਦ ਪਿਆਰੀ ਬਾਹਲ਼ੀ ਸੀ।
ਇਕ ਦਿਨ ਬੜੀ ਕੋਸ਼ਿਸ਼ ਕਰਕੇ, ਮੁਸ਼ਕਲ ਨਾਲ਼ ਭਾਲ਼ੀ ਸੀ।
ਕਹਿਗੀ ਫਿਰ ਆਜੂੰਗੀ ਮੈਂ, ਮੁੜੱਗੀ ਲਾ ਪੱਜ ਨੂੰ ਸੀ।
ਉਸ ਥਾਂ ਰਿਹਾ ਖੜੋਤਾ, ਬਾਰਾਂ ਸਾਲ ਮਜਨੂੰ ਸੀ।
ਕੁਹਾੜਾ ਮਾਰੇ ਲੱਕੜਹਾਰਾ, ਸਮਝ ਕੇ ਲੱਕੜੀ ਜੀ।
ਮਜਨੂੰ ਨੇ ਲੇਲੀ ਸਮਝਕੇ, ਉਹਦੀ ਬਾਂਹ ਪਕੜੀ ਜੀ।
ਹੌਲ਼ੀ 'ਜ੍ਹੀ ਵਾਜ ਮਾਰਦਾ, ਲੇਲੀ ਤੂੰ ਤਕੜੀ ਜੀ।
ਖ਼ਿਆਲ ਨਾਲ਼ ਵੇਖ ਮੁਹੱਬਤ, ਕਿੱਥੋਂ ਤੱਕ ਦੜਦੀ ਐ।
ਜੋਬਨ ਵਿੱਚ ਪਿਆਰ ਕਰੇ ਤੋਂ ਫ਼ੌਰਨ ਰੰਗ ਚੜ੍ਹਦੀ ਐ।

ਪੁੰਨੂੰ ਨੂੰ ਬੰਨ੍ਹਕੇ ਲੈ ਗਏ, ਜ਼ਾਲਮ ਬਲੋਚ ਜੀ।
ਸੱਸੀ ਨੂੰ ਜਾਗ ਆ ਗਈ, ਕਰਦੀ ਪਈ ਸੋਚ ਜੀ।
ਯਾਰ ਦੇ ਮਿਲਣ ਵਾਸਤੇ, ਰਿਹਾ ਦਿਲ ਲੋਚ ਜੀ।
ਹਿੱਕ ਦੇ ਨਾਲ਼ ਚੱਕ-ਚੱਕ ਲਾਵੇ, ਪੈਰਾਂ ਦੇ ਰੇਤੇ ਜੀ।
ਰੋਂਦੀ ਰਾਹ ਪੁੱਛਦੀ ਜਾਂਦੀ, ਪਿੱਟਕੇ ਪੱਟ ਫੇਹਤੇ ਜੀ।
ਭੁੱਬਲ਼ ਦੇ ਵਾਂਗੂ ਤੱਪਦੇ, ਬਾਲੂ ਰੇਤ ਥੱਲ ਦੇ ਸੀ।
ਟਿੱਬਿਆਂ ਵਿੱਚ ਛਾਲੇ ਪੈ ਗਏ, ਕੂਲ਼ੇ ਪੱਬ ਬਲ਼ ਦੇ ਸੀ।
ਪਲ ਦੇ ਵਿੱਚ ਧਿਆਈ ਮਰ ਗਈ ਸੁੱਕ ਗਏ ਬੁੱਲ੍ਹ ਮਲ਼ ਦੇਸੀ।
ਦੇਹੀ ਲਾਲ ਮਖ਼ਮਲ ਵਰਗੀ, ਟਿੱਬਿਆਂ ਵਿੱਚ ਸੜਦੀ ਐ।
ਜੋਬਨ ਵਿੱਚ ਪਿਆਰ ਕਰੇ ਤੋਂ ਫ਼ੌਰਨ ਰੰਗ ਚੜ੍ਹਦੀ ਐ।

ਖੀਵੇ ਸ਼ਮੀਰ ਹੋਰੀਂ, ਰੁੱਝਗੇ ਜੰਨ ਮੇਲ ਤੇ।
ਅੱਧੀ ਰਾਤੋਂ ਸਹਿਬਾਂ ਚੜ੍ਹ ਗਈ, ਮਿਰਜ਼ੇ ਦੀ ਵੇਲ ਤੇ।
ਸੌਂ ਗਿਆ ਜੱਟ ਤਾਣ ਦੁਸ਼ਾਲਾ, ਹੌਣੀ ਦੇ ਖੇਲ ਤੇ।
ਤੀਰਾਂ ਦਾ ਤਰਕਸ਼ ਲਮਕੇ, ਜੰਡ ਦੇ ਹੇਠ ਵੇਹਰਿਆ ਪਿਆ।
ਕਹਿੰਦਾ ਅਸਮਾਨ ਪਾੜਦੂ, ਉਹ ਸੀ ਜੱਟ ਘੋਰਿਆ ਪਿਆ।
ਸਹਿਬਾਂ ਨੇ ਤੀਰ ਭੰਨ ਤੇ, ਮੁੜ ਨਾ ਲਲਕਾਰਿਆ।
ਜੰਡ ਦੇ ਹੇਠ ਬਾਝ ਭਰਾਵਾਂ, ਮਿਰਜ਼ਾ ਜੱਟ ਮਾਰਿਆ।

ਸ਼ੌਂਕ ਨਾਲ ਸੁਨਣ ਸਰੋਤੇ, ਸਭ ਦਾ ਦਿਲ ਠਾਰਿਆ।
'ਬਾਬੂ ਜੀ' ਸੋਹਣੀ ਲਗਦੀ, ਜੋੜੀ ਛੰਦ ਪੜ੍ਹਦੀ ਐ।
ਜੋਬਨ ਵਿੱਚ ਪਿਆਰ ਕਰੇ ਤੋ ਫ਼ੈਰਨ ਰੰਗ ਚੜ੍ਹਦੀ ਐ।

॥ ਦੋਹਿਰਾ ॥

ਫ਼ਾਦਰ ਮਾਦਰ ਮਹਿਲ ਮੇਂ, ਸੀ ਸੱਦ ਲਿਆ ਫ਼ਰਜ਼ੰਦ।
ਸੂਰਜ-ਵੰਸ਼ ਕੁਸ਼ੱਤਰੀ, ਫਿਰੇਂ ਘੋਲ਼ ਦਾ ਗੰਦ।

ਮੁਕੰਦ ਛੰਦ—6

ਰਾਜਾ ਕਹਿੰਦਾ ਮਾਰ ਨਾ ਕਮਲ਼ ਕੰਵਰਾ,
ਫੁੱਲਾਂ ਨਾਲ਼ ਕਰਦਾ ਪ੍ਰੇਮ ਭੰਵਰਾ।
ਭੂੰਡ ਗੰਦ ਗੋਬਰ ਫਰੋਲੇ ਰਾਤ ਦਾ,
ਮੇਲ ਕੀ ਕਛੱਤਰੀ ਕਮੀਨ ਜਾਤ ਦਾ?

ਤੇਰੀ ਮਾਤਾ ਤੇਰੇ ਤੇ ਨਰਾਜ਼ ਊਂ ਬੜੀ,
ਸ਼ੀਹਣੀ ਸ਼ੇਰ, ਲੂੰ ਬੜ ਜਣੂੰਗੀ ਲੂੰ ਬੜੀ।
ਮਿਲ਼ੇ ਨਾ ਸਟੀਲ ਨਾਲ਼ ਲੋਹਾ ਦਾਤ ਦਾ,
ਮੇਲ ਕੀ ਕਛੱਤਰੀ ਕਮੀਨ ਜਾਤ ਦਾ?

ਹਿੰਗ ਲਵੇ, ਕਸਤੂਰੀਆਂ ਦਾ ਗਾਹਕ ਨਾ,
ਗਧੇ ਨਾਲ਼ ਕਮਲਿਆ ਰਲੋਂਦਾ ਰਾਕਣਾ।
ਸਿਉਣੇ ਨਾਲ਼ ਜੋੜੇਂ ਪਿੱਤਲ ਪਰਾਂਤ ਦਾ,
ਮੇਲ ਕੀ ਕਛੱਤਰੀ ਕਮੀਨ ਜਾਤ ਦਾ?

ਰੀਠੜੇ ਬਦਾਮ ਕੱਠੇ ਜਾਂਦਾ ਰਗੜੀ,
ਭਾਵੜੇ ਦੀ ਸੇਜ ਤੇ ਝੜੋਂਦਾ ਗਗੜੀ।
ਲਾਹ ਖੱਦਰ ਚੋਲਾ ਪਹਿਣਨਾ ਬਨਾਤ ਦਾ,
ਮੇਲ ਕੀ ਕਛੱਤਰੀ ਕਮੀਨ ਜਾਤ ਦਾ?

ਰਸਿਆਂ ਅੰਗੂਰਾਂ ਨਾਲ਼ ਸੂੜੀ ਟੱਸਕੀ,
ਪਿਉਣਾ ਡੇਲੇ-ਖਾਣੇ ਨੂੰ ਗੰਨੇ ਦਾ ਰੱਸਕੀ?
ਝੁੱਗੀ ਨੂੰ ਝੜੋਂਦਾ 'ਗਾਡਰ' ਸਬਾਤ ਦਾ,
ਮੇਲ ਕੀ ਕਛੱਤਰੀ ਕਮੀਨ ਜਾਤ ਦਾ?

ਬਿੱਪਰਾਂ ਸੇ ਮਿਲ਼ੇ ਸ਼ੂਦਰਾਂ ਦੀ ਬੁੱਧ ਨਾ,
ਗਾਂ ਦੇ ਸ਼ੀਰ ਵਰਗਾ, ਕੁੱਤੀ ਦਾ ਦੁੱਧ ਨਾ।
ਸਰ੍ਹੋਂ ਜੈਸਾ ਸਾਗ ਨਾ, ਅੱਕਾਂ ਦੇ ਪਾਤ ਦਾ,
ਮੇਲ ਕੀ ਕਛੱਤਰੀ ਕਮੀਨ ਜਾਤ ਦਾ?

ਹੱਥ ਠਠਿਆਰੀ ਦਾ ਸਭਾ 'ਚ ਮਿੱਧਿਆ,
'ਬਾਬੂ' ਤੈਨੂੰ ਕਾਸਨੂੰ ਪੜ੍ਹਾਈ ਵਿਦਿਆ?
ਸਰਟੀਫਿਕੇਟ ਚੌਥਵੀਂ ਜਮਾਤ ਦਾ,
ਮੇਲ ਕੀ ਕਛੱਤਰੀ ਕਮੀਨ ਜਾਤ ਦਾ?

॥ ਦੋਹਰਾ ॥

ਆਕੇ ਪੁਰੀ ਹਿਮਾਚਲੋਂ, ਕਰ ਗਿਆ ਸਾਕ ਹਜਾਮ।
ਆਸੀ ਲਿੱਟਦੀ ਸੇਜ ਤੇ, ਬੁਰਾ ਵਿਗੜ ਗਿਆ ਕਾਮ।

ਮੇਹਣੇ ਮਾਰੇ ਕੌਰ ਨੂੰ, ਅੱਖੀਆਂ 'ਚੋਂ ਜਲ ਡੋਲ੍ਹ।
ਕੋਈ ਸੌ 'ਚੋਂ ਇਕ ਜਣਾ, ਸ਼ਖ਼ਸ ਪਾਲ਼ ਦਾ ਬੋਲ।

ਚੁਫਿਰਨੀ ਛੰਦ—7

ਹੋ ਗਿਆ ਕੌਰ ਦਾ ਮੰਗਣਾਂ, ਚੜ੍ਹੀ ਵੀ ਰੰਗਣਾ।
ਆਸੀ ਡੱਬ ਜਾਣੀ ਨੂੰ, ਗ਼ਮਾਂ ਨੇ ਡੰਗਣਾ।
ਗੱਲ ਕਰੇ ਤੁਸੀਂ ਕੀ ਬਨੌਣਾ ਆਸੀ ਦਾ,
ਠੂਠੀ ਕੌਲ਼ੇ ਸਜੇ ਨਾ ਕਟੋਰਾ ਕਾਂਸੀ ਦਾ।
ਹੋਣ ਗੱਭਰੂ ਨਾ ਮਾੜੀਆਂ ਮਰੀਨਾਂ ਤੋਂ,
ਜਾਹ ਕੀ ਲੈਣਾ ਠੱਠਿਆਰੀਆਂ ਕਮੀਨਾਂ ਤੋਂ।

ਡੋਲ੍ਹਗੀ ਕਿਸੇ ਤੇ ਮੈਂ ਕਿਸੇ ਨਾ ਕਾਜ ਦੀ,
ਉਹਦੇ ਵਿੱਚੋਂ ਮਾਰਦੀ ਲੱਪਟ ਲਾਜ ਦੀ।
ਉਹ ਫੁੱਲਵਾੜੀ, ਮੈਂ ਕਿਆਰੀ ਥੋਮ ਕੀ,
ਰਾਜੇ ਦੀ ਧੀ ਰਾਣੀ, ਮੈਂ ਅਛੂਤ ਕੌਮ ਦੀ।
ਆਪੇ ਮਾਤ ਪੈ ਜੂ ਨੀਲਕ ਨਗੀਨਾ ਤੋਂ।
ਜਾਹ ਕੀ ਲੈਣਾ ਠੱਠਿਆਰੀਆਂ ਕਮੀਨਾਂ ਤੋਂ।

ਸਿਉਣੇ ਪਾਸ ਆਣ ਕੇ ਮੁਲ੍ਹਮੇ ਬਹਿਣਾ ਹੈ,
ਚੰਦਰੇ ਮੁਲ੍ਹਮੇ ਨੇ ਮੁਲ੍ਹਮਾ ਰਹਿਣਾ ਹੈ।

ਲਾਰੀ ਲਵੇ ਟਾਕਰਾ ਤੂਫਾਨ-ਮੇਲ ਸੇ,
ਹੁੰਦਾ ਪਸਤੌਲ ਬੈਸਟ ਗੁਲੇਲ ਸੇ।
ਉੱਚਾ ਕਾਰਟੈਂਨ ਦਾ ਬੁਲਾਰਾ ਬੀਨਾਂ ਤੋਂ।
ਜਾਹ ਕੀ ਲੈਣਾ ਠੱਠਿਆਰੀਆਂ ਕਮੀਨਾਂ ਤੋਂ।

ਭੁੱਲ ਕੇ ਬਬੂਲ ਤੇ ਲੰਗੂਰ ਚਾੜ੍ਹਤੇ।
ਕੌਚਰੀ ਕਬੂਤਰ ਇਕੱਠੇ ਵਾੜਤੇ।
ਇੱਕ ਕਿੱਲੇ ਬੰਨ੍ਹੇ ਤੇ ਹਰਨ ਰਿੱਛ ਨੀ।
'ਬਾਬੂ' ਦੁੱਧ ਜਿੱਤਨੀ ਸੁਆਦ ਪਿੱਛ ਨੀ।
ਦੱਖੂ ਦਾਣਾ ਲੈਲ੍ਹੂੰਗਾ ਭੁਟਾਨ, ਚੀਨਾਂ ਤੋਂ।
ਜਾਹ ਕੀ ਲੈਣਾ ਠੱਠਿਆਰਿਆਂ ਕਮੀਨਾਂ ਤੋਂ?

॥ ਦੋਹਿਰਾ ॥

ਧੋਖਾ ਮਰਦ ਕਮਾਵੰਦੇ, ਕਰ ਨਾਰਾਂ ਸੇ ਪਿਆਰ।
ਡੋਬ ਦੇਣ ਵਿੱਚ ਧਾਰ ਦੇ, ਕਰਕੇ ਕੌਲ-ਕਰਾਰ।

ਡਿਉਡਾ ਛੰਦ—8

ਕੁੜੀਆਂ ਮੁਟਿਆਰਾਂ ਹੋਣ ਅਨਭੋਲ ਵੇ, ਫਸੌਂਦੇ ਵਿੱਚ ਜਾਲ ਦੇ।
ਕੋਈ ਸੌ 'ਚੋਂ ਮਰਦ ਪੁਗੌਂਦਾ ਬੋਲ ਵੇ, ਹੈ ਗੱਲਾਂ 'ਚ ਟਾਲਦੇ।
ਜਾਵੀਂ ਮੇਰੇ ਕੋਲ਼ੋਂ ਸੁਣ ਕੇ ਸ਼ਲੋਕ ਵੇ, ਕਰਨ ਗੁੱਝੇ ਵਾਰਾਂ ਨੂੰ।
ਹੁੰਦੇ ਬੜੇ ਬੇਵਫ਼ਾ ਮਰਦ ਲੋਕ ਵੇ, ਧੋਖਾ ਦਿੰਦੇ ਨਾਰਾਂ ਨੂੰ।

ਅੱਜ ਤੇਰੇ ਪਿਆਰ ਦਾ ਸੁਆਦ ਫਿੱਕਾ ਵੇ, ਕੀ ਜ਼ਿਆਦਾ ਉਲਜਲਾਂ।
ਪਹਿਲਾਂ ਪਹਿਲੇ ਬੋਲ ਤੇ ਘੜਾਤਾ ਟਿੱਕਾ ਵੇ, ਤੇ ਜੁੜਾਉ ਜਲਜਲਾਂ।
ਲੌਂਕਟ ਤੇ ਕੰਗਣ ਕਰਾ ਤੇ ਦੋ ਕੁ ਵੇ, ਕਹਿਕੇ ਸੁਨਿਆਰਾਂ ਨੂੰ।
ਹੁੰਦੇ ਬੜੇ ਬੇਵਫ਼ਾ ਮਰਦ ਲੋਕ ਵੇ, ਧੋਖਾ ਦਿੰਦੇ ਨਾਰਾਂ ਨੂੰ।

ਰਾਜਾ ਨਲ਼ ਰਾਜ ਨੂੰ ਹਰਾਕੇ ਚੱਲਿਆ, ਪਹੁੰਚ ਗਿਆ ਉਜਾੜਾਂ ਮੇਂ।
ਸੁੱਤੀ ਪਟਰਾਨੀ ਨੂੰ ਤਿਆਗ ਚੱਲਿਆ, ਉੱਚਿਆ ਪਹਾੜਾਂ ਮੇਂ।
ਪਾਣੀ ਪਿਆਇਆ ਮਾਸੀ ਨੇ ਕਰਾਕੇ ਓਕ ਵੇ, ਵੇਖਕੇ ਲੰਗਾਰਾਂ ਨੂੰ।
ਹੁੰਦੇ ਬੜੇ ਬੇਵਫ਼ਾ ਮਰਦ ਲੋਕ ਵੇ, ਧੋਖਾ ਦਿੰਦੇ ਨਾਰਾਂ ਨੂੰ।

ਸੱਪ ਲੜ 'ਕੌਰ' ਦਾ ਸਰੀਰ ਛਣਿਆ, ਮਾਂ ਵਿਚਾਰੀ ਕੂਕਣ ਦੇ।
ਹਰੀ ਚੰਦ ਚੂਹੜੇ ਦਾ ਗ਼ੁਲਾਮ ਬਣਿਆਂ, ਨਾ ਸਿਵਿਆਂ 'ਚ ਫੂਕਣ ਦੇ।

ਟੈਕਸ ਮੰਗਣ ਦੇ ਮਸੂਰੀ ਰੋਕ ਵੇ, ਦੁਰਕਾਰੇ ਤਾਰਾਂ ਨੂੰ।
ਹੁੰਦੇ ਬੜੇ ਬੇਵਫ਼ਾ ਮਰਦ ਲੋਕ ਵੇ, ਧੋਖਾ ਦਿੰਦੇ ਨਾਰਾਂ ਨੂੰ।

ਚੌਦਾਂ ਸਾਲ ਕਸ਼ਟ ਸਹਾਰੇ ਮਾਨ ਕੀ, ਜੀ ਕੱਖ ਵਾਂਗੂ ਡੋਲ ਗਈ।
ਰਘੁਬੀਰ ਕਢੱਤੀ ਮਹੱਲੋਂ ਜਾਨਕੀ, ਤੇ ਰਿੱਖੀ ਦੇ ਕੋਲ਼ ਗਈ।
ਦੇਤਾ ਸਤਵੰਤੀ ਨੂੰ ਦੁਹਾਗ ਠੋਕ ਵੇ, ਕੀ ਲੋੜ ਅਵਤਾਰਾਂ ਨੂੰ।
ਹੁੰਦੇ ਬੜੇ ਬੇਵਫ਼ਾ ਮਰਦ ਲੋਕ ਵੇ, ਧੋਖਾ ਦਿੰਦੇ ਨਾਰਾਂ ਨੂੰ।

ਤੇਰੇ ਵੇਂਹਦੇ ਮਾਰ ਕੇ ਛਲਾਂਗ ਡੁੱਬ ਜਾਂ, ਨਾ ਪਲੰਘ ਵਿੱਛਨਾ।
ਮਥਰਾ 'ਚ ਕਰਦੀ ਉਡੀਕ ਕੁਬਜਾਂ, ਦੇ ਦਿਦਾਰ ਕ੍ਰਿਸ਼ਨਾ।
ਸੀਨੇ ਵਿੱਚ ਪਿਆਰ ਦੀ ਖੁਭੌਤੀ ਨੋਕ ਵੇ, ਪਾ ਕੇ ਤੇ ਪਿਆਰਾਂ ਨੂੰ।
ਹੁੰਦੇ ਬੜੇ ਬੇਵਫ਼ਾ ਮਰਦ ਲੋਕ ਵੇ, ਧੋਖਾ ਦਿੰਦੇ ਨਾਰਾਂ ਨੂੰ।

ਧੁਜਾ ਧਾਰੀ ਸੇਠ ਦੀ ਅਮੀਰ ਪੁੱਤਰੀ, ਜੀ ਤਕਦੀਰ ਠੱਗਲੀ।
ਕੌਲਾਂ ਰੋ ਕੇ ਬੀਜੇ ਦੇ ਚੁਬਾਰਿਓਂ ਉੱਤਰੀ, ਤੇ ਫੜਾਤੀ ਬਗਲੀ।
ਮੰਗਣ ਝੱਡਾਤੀ ਧੱਕੇ ਮਾਰ ਦੋ ਕੁ ਵੇ, ਲੰਮਿਆਂ ਬਜ਼ਾਰਾਂ ਨੂੰ।
ਹੁੰਦੇ ਬੜੇ ਬੇਵਫ਼ਾ ਮਰਦ ਲੋਕ ਵੇ, ਧੋਖਾ ਦਿੰਦੇ ਨਾਰਾਂ ਨੂੰ।

ਆਸੀ ਦੇ ਪ੍ਰੇਮ ਰੋਮ-ਰੋਮ ਰਚਿਆ, ਲੱਗੀ ਰਹਿੰਦੀ ਦਾਹਜ ਵੇ।
ਟੁੱਟਦੀ ਵਿਚਾਲ਼ੇ ਕੱਚਿਆਂ ਦੀ ਕੱਚਿਆ, ਤੈਂ ਲਗਾਤੀ ਲਾਜ ਵੇ।
'ਬਾਬੂ' ਰੱਤ ਚਟਨੀ ਬਤੌਂਦਾ ਜੋਕ ਵੇ, ਕੀ ਲੋੜ ਸਰਕਾਰਾਂ ਨੂੰ।
ਹੁੰਦੇ ਬੜੇ ਬੇਵਫ਼ਾ ਮਰਦ ਲੋਕ ਵੇ, ਧੋਖਾ ਦਿੰਦੇ ਨਾਰਾਂ ਨੂੰ।

॥ ਦੋਹਿਰਾ ॥

ਕੌਰ ਸੁਣੌਂਦਾ ਆਸੀਏ ਹੌ ਜੇ ਭਾਵੇਂ ਮਰੇਜ।
ਲੈਜੂ ਨਾਲ਼ ਬਰਾਤ ਦੇ ਸਿਰੇ ਚਾੜਦੂ ਹੇਜ।

ਸੋਲਾਂ ਅੱਖਰਾਂ ਛੰਦ—9

ਭਾਰੀ ਮੇਲ ਉਤਾਰਨ, ਜੋੜ ਕਨਾਤਾਂ ਤੰਬੂ ਜੀ।
ਫ਼ੀਲ ਖੋਲੇਤੇ ਝੂਲਣ, ਧਰਤ ਵਿਚਾਰੀ ਕੰਬੂ ਜੀ।
ਮਲ਼-ਮਲ਼ ਨ੍ਹਾਉਣ ਵਛੇਰੇ, ਆਣ ਗੰਧਾਲੇ ਛੱਪੜੇ ਐ।
ਬਣ ਗਿਆ ਸੋਹਣਾ ਗੱਭਰੂ, ਪਾ ਮਰਦਾਵੇਂ ਕੱਪੜੇ ਐ।

ਆਸੀਂ ਭੇਸ ਵਟਾ ਲਿਆ, ਤੁਰਦੀ ਮਾਰ ਮਰੋੜਿਆ ਨੂੰ।
ਚੂੜੀਦਾਰ ਪਜਾਮਾ ਲੱਗਗੀ, ਮਖ਼ਮਲ ਜੋੜਿਆ ਨੂੰ।
ਪੈਰ ਰਕਾਬੀ ਪਾਕੇ ਚੜ੍ਹਗੀ, ਕਰ-ਕਰ ਹਪੜੇ ਐ।
ਬਣ ਗਿਆ ਸੋਹਣਾ ਗੱਭਰੂ, ਪਾ ਮਰਦਾਵੇਂ ਕੱਪੜੇ ਐ।

ਅੱਖ ਸੋਹਣੀ ਹਿੱਕ ਉੱਭਰੀ, ਗਰਦਨ ਗੋਲ਼ ਸੁਰਾਹੀ ਐ।
ਕੋਟ ਸੁਨਹਿਰੀ ਫੱਬਦਾ, ਪੱਗ ਪਟਿਆਲੇ-ਸ਼ਾਹੀ ਐ।
ਕੰਵਰ ਵੇਖਕੇ ਹੱਸਦਾ ਗਲ, ਪਰ ਮਾੜੇ ਲਪੜੇ ਐ।
ਬਣ ਗਿਆ ਸੋਹਣਾ ਗੱਭਰੂ, ਪਾ ਮਰਦਾਵੇਂ ਕੱਪੜੇ।

ਪੈਲਾਂ ਪਾ-ਪਾ ਤੁਰਦਾ, ਤੇਜ਼ ਵਛੇਰਾ ਆਸੀ ਦਾ।
ਗਨਕਾਂ ਗੌਣ ਸੁਨਾਵੇ, ਤੁੰਬਾ ਤੇ ਬੱਜੇ ਮਰਾਸੀ ਦਾ।
ਰੱਥ ਬੱਘੀਆਂ ਦੀਆਂ ਲਾਰਾਂ, ਪੁਰੀ ਹਿਮਾਚਲ ਅਪੜੈ ਐ।
ਬਣ ਗਿਆ ਸੋਹਣਾ ਗੱਭਰੂ, ਪਾ ਮਰਦਾਵੇਂ ਕੱਪੜੇ ਐ।

ਪਲਟਨਾ ਕਰਨ ਪਰੇਟਾਂ, ਵਜਦੇ ਜਾਂਦੇ ਵਾਜੇ ਸੀ।
ਹਾਥੀ ਤੇ ਅਸਵਾਰੀ ਸੀ, ਜਸਵੰਤ ਬਿਰਾਜੇ ਜੀ।
ਨਕਦ ਰੁਪਈਏ ਸਿਟ੍ਦੇ, ਚੁੱਗਦੇ ਚੂਹੜੇ-ਚਪੜੇ ਐ।
ਬਣ ਗਿਆ ਸੋਹਣਾ ਗੱਭਰੂ, ਪਾ ਮਰਦਾਵੇਂ ਕੱਪੜੇ ਐ।

ਜੰਨ ਨੂੰ ਦੇਣ ਉਤਾਰਾ, ਫਿਰਨ ਵਛੇਰੇ ਕੁੱਦਦੇ ਜੀ।
ਮਿਸਰੀ ਘੋਲ਼ ਪਿਉਂਦੇ, ਭਰੇ ਕਟੋਰੇ ਦੁਧ ਦੇ ਜੀ।
'ਬਾਬੂ' ਜਾਮਣ ਪੇੜੇ ਚੌਲ, ਸਲੂਣੇ ਸੱਪੜੇ ਐ।
ਬਣ ਗਿਆ ਸੋਹਣਾ ਗੱਭਰੂ, ਪਾ ਮਰਦਾਵੇਂ ਕੱਪੜੇ ਐ।

॥ ਦੋਹਿਰਾ ॥

ਹਾਰਾ ਦੇ ਪੱਜ ਜਾਂਵਦੀ ਵੇਖਣ ਬਹੂ ਮੁਟਿਆਰ।
ਗਹਿਣੇ ਲਿਸ਼ਕਾਂ ਮਾਰਦੇ, ਜਿਉਂ ਚੰਦ ਨੂੰ ਪ੍ਵਾਰ।

ਤਰਜ਼—10

ਸਾਥ ਮਾਲਣ ਸ਼ੁਕੀਨਣ ਆਈ, ਸੌਹਰਿਆਂ ਤੋਂ ਮੁਟਿਆਰ ਛੋਕਰੀ।
ਮਾਲ਼ਾ ਲਾ ਤੇ ਪ੍ਰੀਤ ਬਣਾਈ, ਫੁੱਲਾਂ ਦੀ ਮੰਗਾਲੀ ਟੋਕਰੀ।
ਕੁਝ ਲੋਗੜੀ ਮੰਗਾ ਲਈ ਉਹਨੇ, ਹੱਥ 'ਚ ਸੁਨਹਿਰੀ ਘੜੀਆਂ।
ਲਾ ਕੇ ਹਾਰ ਨੂੰ ਫੁਲਾਵਰ ਸੋਹਣੇ, ਗੁੰਦੇ ਅਠਤਾਲੀ ਲੜੀਆਂ।

ਧਾਗੇ ਰੇਸ਼ਮੀ ਲੱਛਿਆਂ ਦੇ 'ਕਹਿਰੇ, ਹੱਟ ਤੋਂ ਮੰਗਾਹੀਆਂ ਅੱਟੀਆਂ।
ਫੁੱਲ ਹੱਥ 'ਚ ਫੜੇ ਗੁਲ ਖਹਿਰੇ , ਡੋਰੀਆਂ ਬਰੀਕ ਵੱਟੀਆਂ।
ਖੱਟੇ ਨਾਲ ਨਸਰੀਨ ਪਰੋਣੇ: ਪਾਈਆਂ ਚੌਂਹ ਲੜਾ ਤੇ ਅੜੀਆਂ।
ਲਾ ਕੇ ਹਾਰ ਨੂੰ ਫੁਲਾਵਰ ਸੋਹਣੇ, ਗੁੰਦੇ ਅਠਤਾਲੀ ਲੜੀਆਂ।

ਊਦੇ ਨਰਗਸ ਸਬਜ਼ ਫ਼ਿਰੋਜ਼ੀ, ਬਣ ਗਈ ਸਜੌਟ ਦੁੱਗਣੀ।
ਲਾਏ ਲੜਾਂ ਤੇ ਕਪਾਹੀ ਦੋ ਜੀ, ਸਜਦੀ ਗੁਲਾਬੀ ਜੁੱਗਣੀ।
ਦਿਲ ਖਿੱਚਦੇ ਮਨਾਂ ਨੂੰ ਮੋਹਣੇ। ਲੱਗ ਗਈਆਂ ਫੁੱਲ ਝੜੀਆਂ।
ਲਾ ਕੇ ਹਾਰ ਨੂੰ ਫੁਲਾਵਰ ਸੋਹਣੇ, ਗੁੰਦੇ ਅਠਤਾਲੀ ਲੜੀਆਂ।

ਪਾਏ ਸੂਰਜ ਮੁਖੀ ਦੇ ਨੇੜੇ, ਖ਼ਾਕੀ ਤੇ ਸੰਧੂਰੀ, ਸੌਸਨੀ।
ਬੜੇ ਸਜਦੇ ਅਰਗਵਾਨੀ ਜਿਹੜੇ, ਕਰਤੀ ਕਮਾਲ ਰੌਸ਼ਨੀ।
ਗੰਢਾਂ ਚਿੱਟੀਆਂ ਅਸਮਾਨੀ ਕੋਣੇ, ਲਾਲੀਆਂ ਸਵਾਈਆਂ ਚੜ੍ਹੀਆਂ।
ਲਾ ਕੇ ਹਾਰ ਨੂੰ ਫੁਲਾਵਰ ਸੋਹਣੇ, ਗੁੰਦੇ ਅਠਤਾਲੀ ਲੜੀਆਂ।

ਗੇਂਦਾ ਕੇਤਕੀ ਮਦਨ ਪਾਸ ਸੋਹੇ, ਮਹਿਕੇ ਗੁਲਾਬ ਫੁੱਲ ਬਲਾਂ।
ਬਹਿਕੇ ਸਖੀਆਂ ਲਗਾਏ ਦੋਹੇ, ਜਿਵੇਂ ਚਹਿ-ਚਹੌਣ ਬੁਲਬਲਾਂ।
ਹਰ ਕੁੜੀ ਨੇ ਪੁਸ਼ਪ ਫੜ ਟੋਹਣੇ, ਕਰਨ ਤਰੀਫ਼ਾਂ ਖੜ੍ਹੀਆਂ।
ਲਾ ਕੇ ਹਾਰ ਨੂੰ ਫੁਲਾਵਰ ਸੋਹਣੇ, ਗੁੰਦੇ ਅਠਤਾਲੀ ਲੜੀਆਂ।

ਚੰਬਾ ਕੇਤਕੀ ਸੁਹੌਂਦੀ ਮਾਲ਼ਾ, ਬਣੇ 'ਵੇ ਬਰੀਕ ਤਾਰ ਦੇ।
ਰੂਪ ਬਹੂ ਨੂੰ ਝੱੜਾਤਾ ਬਾਹਲ਼ਾ, ਦੂਰੋਂ ਚਮਕਾਰੇ ਮਾਰਦੇ।
'ਰਜਬਅਲੀ ਖਾਂ' ਦਿਲਾਂ ਨੂੰ ਪੋਹਣੇ, ਵੇਖਣ ਮੁਟਿਆਰਾਂ ਖੜ੍ਹੀਆਂ।
ਲਾ ਕੇ ਹਾਰ ਨੂੰ ਫ਼ੁਲਾਵਰ ਸੋਹਣੇ, ਗੁੰਦੇ ਅੱਠਤਾਲੀ ਲੜੀਆਂ।

॥ ਦੋਹਿਰਾ ॥

ਸਾਕ ਲਿਆ ਬਦਸ਼ਕਲ ਦਾ, ਔਂਦੀ ਵੇਖ ਕਚਿਆਣ।
ਕੱਢ ਲਿਆ ਖ਼ੋਰ ਵਿਚੋਲੜੇ, ਤੇਰਾ ਕਰਤਾ ਵਾਹਣ।

ਮਨੋਹਰ ਭਵਾਨੀ ਛੰਦ—11

ਵਿਆਹ ਕਰਾ ਕੇ ਹੋ ਜਾ ਸੁਖੀ, ਰਾਣੀ ਤਾਂ ਸੁਭਾਅ ਦੀ ਰੁੱਖੀ, ਕੁੰਭ ਕਰਨ ਤੋਂ ਵੀ ਭੁੱਖੀ, ਰੋਟੀਆਂ ਦੀ ਗਾਲ੍ਹੂ ਐ। ਢਾਈ ਸੇਰ ਜਾਂਦੀ ਨਿਗਲ ਕਚਾਲ੍ਹੂ ਐ। ਗੱਲਾਂ ਮਾਰਦੀ ਚੱਬਲ, ਵਾਲ਼ ਖੁਸ਼ਕ ਖੱਬਲ਼, ਤੇਰਾ ਨੰਬਰ ਅੱਬਲ, ਉਹ ਕਲਾਸ ਥਰਡ ਐ। ਕੋਤਲ-ਗਦੇੜ ਦਾ ਕਰਾਤਾ ਨਰੜ ਐ।

ਕੰਨ ਸਾਰੰਗੀ ਦੀ ਕਿੱਲੀ, ਤੋਰ ਰਿੱਛਣੀ ਤੋਂ ਢਿੱਲੀ, ਲੱਤ ਚੂਕਣੇ 'ਚੋਂ ਹਿੱਲੀ,
ਤੇ 'ਕਲਰ' ਸੌਲ਼ਾਂ ਹੈ। ਕੱਛੀਂ ਕਛਰਾਲੀ ਨਿਕਲੀ ਦਾ ਰੌਲਾ ਹੈ।
ਧੌਣ ਛੋਟੀ ਸੀਸ ਮੱਘੀ, ਲਾਈ ਪੇਟ ਦੀ ਥਾਂ ਡੱਗੀ, ਮੌਰਾਂ ਤੇ ਰਸੌਲ਼ੀ ਲਗੀ,
ਤੇ ਤਸੀਰ ਕਰੜ ਐ। ਕੌਤਲ-ਗਦੇੜ ਦਾ ਕਰਾਤਾ ਨਰੜ ਐ।

ਵੇਖੀ ਚੱਕਕੇ ਤੇ ਘੁੰਡ, ਤੀਹ ਤੋਂ ਲੰਘੀ ਬੋਂਡਾ ਧੁੰਢ, ਨੱਕ ਹੱਥਨੀ ਦੀ ਸੁੰਢ,
ਪਏ ਨਸੂੜੇ ਕੁੱਲ ਗਲ਼ੇ। ਬੁੱਲ ਅਣਜਾਣ ਦੇ ਪਕਾਏ ਗੁਲਗਲੇ।
ਵਿੰਗ-ਵਿੰਗੀ ਬਾਂਹ ਦੇ ਹੱਡ, ਨਾਸ਼ਾਂ ਸਾਹਨਿਆਂ ਦੀ ਖੱਡ, ਝਾਕੇ ਟੀਗੀ ਟੀਰ ਕੱਢ,
ਤੇ ਅੱਖਾਂ 'ਚ ਬਰੜ ਐ। ਕੌਤਲ-ਗਦੇੜ ਦਾ ਕਰਾਤਾ ਨਰੜ ਐ।

'ਗਾਹਾਂ ਨਿਕਲੀ 'ਵੀ ਠੋਡੀ, ਚੂਈ ਕੁੱਬੀ ਬਹਿੰਦੀ ਕੋਡੀ, ਗੰਜ ਰਾਜ਼ੀ ਕਨ ਗੋਡੀ,
ਨਾ ਹਕੀਮ ਥੋਡੇ ਐ। ਰੋਹੀ ਦੀ ਗਿਰਝ ਤੋਂ ਮੰਗੇ ਵੇ ਮੋਢੇ ਐ।
ਹੱਥ ਟੁੰਡੇ ਹੋਰੂ ਜੜੇ, ਕੋਹੜੀ-ਵੀ ਦੇ ਨੌਂਹਜੇ ਝੜੇ, ਗਲ਼ੀਂ ਫੋੜੇ ਮੱਥੇ ਸੜੇ,
ਪਿਆ ਦੰਦਾਂ 'ਚ ਫਰੜ ਐ। ਕੌਤਲ-ਗਦੇੜ ਦਾ ਕਰਾਤਾ ਨਰੜ ਐ।

ਲੈ ਲਿਆ ਸਾਕ ਦੇਸ਼ੋਂ ਟੋਲ, ਧੁੰਨੀ ਟਿੰਡੇ ਗੋਲ-ਮੋਲ, ਹੱਕ ਪੈਂਦੀ ਘੱਘਾ ਬੋਲ,
ਹੈ ਜਣੀ ਵੀ ਊਤ ਦੀ, ਪੈ ਕੇ ਫਿਰੇ ਜੰਗਲ, ਖੜ੍ਹੋ ਕੇ ਮੂਤਦੀ।
ਗੂੱਠੇ ਮੁੜੇ ਪੱਬ ਭਾਰੇ, ਸੁਣਦਾ ਨਾ ਕੰਨ ਮਾਰੇ, ਮੇਰੇ ਮਿੱਠੇ ਜ੍ਹੇ ਛੁਹਾਰੇ,
ਸੋ ਵਟੌਂਦੇ ਹਰੜ ਐ। ਕੌਤਲ-ਗਦੇੜ ਦਾ ਕਰਾਤਾ ਨਰੜ ਐ।

ਬੇਗੁਣੀ ਗੁਣਾ ਤੋਂ ਵੇਹਲੀ, ਬਾਂਦਰੀ ਤੋਂ ਲੰਡੀ ਸਹੇਲੀ, ਕਿਸੇ ਚੂਹੜੀ ਦੀ ਸਹੇਲੀ,
ਸੈਂਸਣਾ ਦੀ ਕੁੱਖ 'ਚੋਂ। ਮਾਰੇ ਬਗਲ-ਗੰਧ ਦਾ ਮੁਸ਼ਕ ਮੁੱਖ 'ਚੋਂ।
ਲਾਹਤੀ 'ਬਾਬੂ ਜੀ' ਨੇ ਸਾਂਗ, ਹੱਸੇ ਕਮਲਿਆਂ ਦੇ ਵਾਂਗ, ਮਾੜੇ ਭਾਗ ਕਾਂਗ,
ਕਾਂਗਣੀ ਵਿਆਹਲੀ ਗੱਰੜ ਐ, ਕੌਤਲ-ਗਦੇੜ ਦਾ ਕਰਾਤਾ ਨਰੜ ਐ।

॥ ਦੋਹਰਾ ॥

ਪੱਟੀਆਂ ਬੰਨ੍ਹੀਆਂ ਚੱਸ਼ਮ ਤੇ, ਹੋਵੇ ਦਰਦ ਕਮਾਲ।
ਫੇਰੇ ਲੈਣੇ ਭੇਜਤੇ ਮੁੰਦੜਾ ਅਤੇ ਰੁਮਾਲ.

ਮੁਕੰਦ ਛੰਦ—12

ਨਾਈ ਲੱਗੇ ਕੁੜਮਾਂ ਦੀ ਕਰੌਣ ਮਿਲਣੀ,
ਚੱਲ ਪੇ ਜਨੇਤੀ ਕਿਸੇ ਕਰੀ ਢਿਲ ਨੀ।
ਸੁੱਚੇ ਮੋਤੀ ਭੱਰੇ 'ਵੇ ਮੰਗਾ ਲੇ ਥਾਲ ਲੈ,
ਲਾਵਾਂ ਲਈਆਂ ਮੁੰਦੜੇ ਰੁਮਾਲ ਨਾਲ਼ ਲੈ।

ਕਹਿਦੇ ਘੜੇ ਸੁਨਿਆਰੇ ਨੂੰ ਲਿਆ ਕੇ ਕੋਲ਼ ਜੇ,
ਸੋਨਾ ਚਾਂਦੀ ਪਿਤਾ ਨੇ ਲਗਾਤੇ ਬੋਹਲ਼ ਜੇ।
ਢੇਰ ਲਾਤੇ ਹੀਰੇ ਤੇ ਜਵਾਹਰ ਨਾਲ ਲੈ,
ਲਾਵਾਂ ਲਈਆਂ ਮੁੰਦੜੇ ਰੁਮਾਲ ਨਾਲ਼ ਲੈ।

ਸੋਹਣੀ ਪੁਰੀ ਵਿੱਚ ਰੌਣਕਾਂ ਸੀ ਲੱਗੀਆਂ,
ਹਾਥੀ ਘੋੜੇ ਰੋਗਨ ਕਰਾ ਕੇ ਬੱਘੀਆਂ।
ਗ਼ਲ ਲਾੜੇ ਦੇ ਵੀ ਕੈਂਠਾ ਜੜਾਊ ਡਾਲ ਲੈ,
ਲਾਵਾਂ ਲਈਆਂ ਮੁੰਦੜੇ ਰੁਮਾਲ ਨਾਲ਼ ਲੈ।

ਛੇੜੇ ਰਾਗ ਤੱਪਲੇ ਵਜੌਂਦੇ ਰਾਗੀ ਜੇ,
ਦਾਨ ਦੇ ਕੇ ਰਾਜੇ ਨੇ ਰਜਾਤੇ ਲਾਗੀ ਜੇ।
ਪੁੰਨ ਕਰੇ ਸਿਉਣੇ ਦੇ ਚਲਾ ਕੇ ਖਾਲ ਲੈ,
ਲਾਵਾਂ ਲਈਆਂ ਮੁੰਦੜੇ ਰੁਮਾਲ ਨਾਲ਼ ਲੈ।

ਆਗਿਆ ਮੰਗੋ ਭੂਪ ਤੋਂ ਜਨੇਤ ਕਹਿੰਦੀ ਐ,
ਪਿੱਛੇ ਮਾਤਾ ਉਡੀਕਦੀ ਉਡੀਕ ਰਹਿੰਦੀ ਐ।
ਐਸੀ ਖ਼ੁਸ਼ੀ ਲੈਂਦੀ ਮਾਂ ਉਲਾਦ ਪਾਲ਼ ਲੈ,
ਲਾਵਾਂ ਲਈਆਂ ਮੁੰਦੜੇ ਰੁਮਾਲ ਨਾਲ਼ ਲੈ।

ਜੰਨ ਮੁੜੀ ਆ ਗੋਲ਼ੇ ਵੱਜੇ ਸ਼ਹਿਰ ਕੋਲ਼ਿ ਉਂ,
ਆ ਕੇ ਬਹੂ ਕੁੜੀਆਂ ਉਤਾਰੀ ਡੋਲਿਉਂ,
ਦਿੱਤੀ ਰੂਪ ਰਾਣੀ ਦੇ ਮਿਸਾਲ ਬਾਲ਼ ਲੈ,
ਲਾਂਵਾਂ ਲਹੀਆਂ ਮੁੰਦੜੇ ਰੁਮਾਲ ਨਾਲ਼ ਲੈ।

ਬੁੱਢੀ ਮਾਂ ਨੇ ਕਰ ਲਏ ਤਮਾਮ ਸ਼ਗਣਾ,
ਕੌਰ ਕਹਿੰਦਾ ਮੱਥੇ ਰਾਣੀ ਦੇ ਨੀ ਲੱਗਣਾ।
'ਬਾਬੂ' ਅੱਖਾਂ ਉੱਤੇ ਪੱਟੀਆਂ ਬਨ੍ਹਾਈਆਂ ਚਾਲ ਲੈ।
ਲਾਵਾਂ ਲਈਆਂ ਮੁੰਦੜੇ ਰੁਮਾਲ ਨਾਲ਼ ਲੈ।

॥ ਦੋਹਿਰਾ ॥

ਰਾਣੀ ਬਹਿ ਗਈ ਸੇਜ ਤੇ, ਕਰ ਲਾਜ ਦੀ ਭੇਟ।
ਅੱਖ ਦੁੱਖਦੀ ਜਿੰਦ ਨਿਕਲਦੀ, ਕਹੇ ਦੌਣ ਪਰ ਲੇਟ।

ਤਰਜ਼ ਔੜਾ ਛੰਦ–13

ਸੁਣਕੇ ਫੱਟ ਹੋ ਗਿਆ ਤਾਜ਼ਾ, ਹੱਰਖ ਕੇ ਬੋਲੇ ਰਾਜਾ।
ਸਿਆਣੀ ਬਣ ਹੋਗੀ ਬੌਲੀ, ਵੱਟ ਲੈ ਚੁੱਪ ਪਾ ਨਾ ਰੌਲ਼ੀ।
ਕਾਹਨੂੰ ਕੰਨ ਖਾਂਦੀ ਫਿਰ ਦੀ ਜੀ, ਤੂੰ ਜਾਵੀਂ ਲੇਟ ਦੌਣ ਤੇ ਰਾਣੀ,
ਦਰਦ ਹੁੰਦਾ, ਮੇਰੀ ਜਿੰਦ ਨਿਕਲਗੀ, ਜਾਂਣੀ ਦਰਦ ਹੁੰਦਾ।
ਨੇਤਰ ਜੇ ਮੇਰੇ ਸੁੱਜਗੇ, ਬੈਂਗਣਾਂ ਵਾਂਗੂੰ ਭੁੱਜਗੇ,
ਹੱਦ ਤੋਂ ਵੱਧ ਹੁੰਦੀਆਂ ਪੀੜਾਂ, ਜਿੰਦੜੀ ਨੂੰ ਬਣੀਆਂ ਭੀੜਾਂ,
ਕਮਲ਼ ਖਲਾਰਦੀ ਫਿਰੇਂ ਤੂੰ, ਬਕਵਾਸ ਕਰੀਂ ਨਾ ਜਾ ਵਹੇਲੇ,
ਰੱਤ੍ਰਕ ਪੈਂਦੀ, ਮੇਰੇ ਵੱਜਦੇ ਅੱਖਾਂ ਦੇ ਵਿੱਚ ਸੇਲੇ, ਰੱਤ੍ਰਕ ਪੈਂਦੀ।

ਆਰਡਰ ਤੁਸੀਂ ਮੇਰਾ ਮਾਨੋਂ, ਕੱਢਣਾ ਨਾ ਲਫ਼ਜ਼ ਜ਼ਬਾਨੋਂ।
ਝਾਂਜਰਾਂ ਲਾਹ ਕੇ ਰੱਖਦੇ, ਚੱਬਕ ਵਿੱਚ ਪੈਂਦੀ ਅੱਖ ਦੇ।
ਚੂੜੀਆਂ ਉਤਾਰ ਰੱਖਦੇ, ਤੂੰ ਕੰਗਣ ਛਣਕਦੇ ਰਹਿਣੇ, ਸਵੇਰੇ ਪਾ ਲਈਂ।
ਅਨਗਿਣਤ ਜੁੜਾਉ ਗਹਿਣੇ, ਸਵੇਰੇ ਪਾ ਲਈਂ।
ਹੋ ਗਈ ਅੱਖ ਲਾਲ ਰੱਤੀ, ਡਾਕਟਰ ਮੁਲ੍ਹਮ ਘੱਤੀ।
ਟੂੰਮਾਂ ਦਾ ਸੁਣਦਾ ਖੜਕਾ, ਚਿਰਗਾਂ ਵਿੱਚ ਪੈਂਦਾ ਧੜਕਾ,
ਭਾਰੀਆਂ ਪੰਜੇਬਾਂ ਵਾਲੀਏ ਨੀ, ਤੇਰੀ ਪੱਟੜੀ ਗਿੱਟਿਆਂ ਦੇ ਨਾਲ਼ ਖੇਲੇ,
ਰੱਤ੍ਰਕ ਪੈਂਦੀ ਮੇਰੇ ਵੱਜਦੇ ਅੱਖਾਂ ਦੇ ਵਿੱਚ ਸੇਲੇ, ਰੱਤ੍ਰਕ ਪੈਂਦੀ।

ਦੁਨੀਆਂ ਤਾਂ ਰੰਗ ਬਰੰਗੀ, ਮੈਨੂੰ ਨਾ ਲਗਦੀ ਚੰਗੀ,
ਵਸਦਾ ਜੱਗ ਭੈੜਾ ਲੱਗਦਾ, ਖੜ੍ਹਜੇ ਨਾ ਸਾਹ ਜਿਹਾ ਵੱਗਦਾ,
ਲੱਗੇ ਚਿੱਤ ਚੰਦਰਾ ਜਿਹਾ ਨਾ, ਘੜੀ ਪਲ ਦੇ ਪਰਾਣ ਪ੍ਰੋਹਣੇ, ਚੰਗਿਆੜ ਮਾਰੀ।
ਕਾਲੇ ਸ਼ੀਹ ਨੇ ਹਰਨ ਹੀਰੇ ਢੌਣੇ, ਚੰਗਿਆੜ ਮਾਰੀ।
ਕਰਲੇ ਮੂੰਹ ਦੂਜੇ ਪਾਸੇ, ਭੌਂਦੇ ਨਾ ਚੌਹਲ ਤਮਾਸੇ,
ਹੋਜਾ ਖ਼ਾਮੋਸ਼ ‘ਬਚਿੱਤਰ’, ਬੋਲੀ ਜੇ ਖੱਡਕੂ ਛਿੱਤਰ,
ਅੱਖੀਆਂ ’ਚੋਂ ਉਕਰ ਰਿਹਾ, ਤੇ ਕੋਈ ਕੱਢਦਾ ਕਰੱਦ, ਮਾਰ ਡੇਲੇ,
ਰੱਤ੍ਰਕ ਪੈਂਦੀ ਮੇਰੇ ਵੱਜਦੇ ਅੱਖਾਂ ਦੇ ਵਿੱਚ ਸੇਲੇ ਰੱਤ੍ਰਕ ਪੈਂਦੀ।

ਕੋਈ ਹਲੌਣਾ ਅੰਗ ਨਾ, ਪੱਜ ਲਾ ਖੰਗੂਰਾ ਖੰਗ ਨਾ,
ਚੰਗੀ ਰਹੇ ਜਿਤਨੀ ਸੰਗੀ, ਹੱਥ ਨੂੰ ਨਾ ਪੌਣੀ ਕੰਘੀ।
ਪੈਂਦ ਤੇ ਟਿਕਾਣਾ ਕਰ ਲੈ ਤੂੰ ਪਟਰਾਣੀ, ਝਿੜਕ ਕੇ ਰੋਕੀ, ਜੁਆਨੀ ਵਿਚ,
ਕਿਸੇ ਹਿੱਕ ’ਚ ਕਟਾਰੀ ਠੋਕੀ, ਜੁਆਨੀ ਵਿਚ।
ਰਾਮ ਦੀ ਬੜੀ ਕਰੋਪੀ, ਫੇਹਤੀ ਫੜ ਅੱਖ ਦੀ ਟੋਪੀ,

ਉੱਫ਼ਲ ਗਈਆਂ ਦੋਵੇਂ ਗੰਨੀਆਂ, ਦਰਦ ਨੇ ਫੜਕੇ ਭੰਨੀਆਂ,
ਪਰ੍ਹੇ ਪੈ ਬਣਾ ਕੇ ਗੁੱਛਲੀ ਤੂੰ, ਦੇਵੇਂ ਬਾਹੀਂ ਉਤੇ ਭਾਰ ਚੁੜੇਲੇ,
ਰੜਕ ਪੈਂਦੀ, ਮੇਰੇ ਵੱਜਦੇ ਅੱਖਾਂ ਦੇ ਵਿੱਚ ਸੇਲੇ, ਰੱਤ੍ਰਕ ਪੈਂਦੀ।

ਬੈਂਤਾਂ ਛੰਦ ਡੂਢੇ ਕਲੀਆਂ, ਪਾਕਿਸਤਾਨੋਂ ਘਲੀਆਂ,
ਛਾਪੇ ਵਿੱਚ ਮੈਂ ਨਾ ਛਾਪੀ, ਵਧੀਆ ਤੋਂ ਵਧੀਆ ਕਾਪੀ,
ਗੀਝ ਲਾ ਕੇ ਕਵਿਤਾ ਬਣੀ, ’ਵੀ ਛੰਦ ਯਾਦ ਕਰਨਗੇ ਲੜਕੇ, ਜੱਗਮੇਲ ਵਰਗੇ।
ਵਿੱਚ ਸਭਾ ’ਚ ਸੁਨਾਵਨ ਖੜ੍ਹਕੇ, ਜੱਗਮੇਲ ਵਰਗੇ।
‘ਬਾਬੂ ਜੀ’ ਕਢਣੇ ਕੰਣ ਜੇ, ਆਸੀ ਠਠਿਆਰੀ ਬਣਜੇ,
ਸੋਹਣੀਆਂ ਤਰਜ਼ਾਂ ਪਾਕੇ, ਮੇਲਿਆਂ ਤੇ ਗਾਵਣ ਜਾ ਕੇ,
ਧਰਤੀ ਨੂੰ ਭਾਗ ਲੱਗ ਗਏ, ਜੀ ਰੱਜ ਬਲੀ ਦੇ ਗੁੱਜ਼ਕਦੇ ਚੇਲੇ, ਰੱਤ੍ਰਕ ਪੈਂਦੀ।
ਮੇਰੇ ਵਜਦੇ ਅੱਖਾਂ ਦੇ ਵਿੱਚ ਸੇਲੇ, ਰੜਕ ਪੈਂਦੀ।

॥ ਦੋਹਿਰਾ ॥

ਅਰਜ਼ ਕਰੇ ਹੱਥ ਜੋੜਦੀ, ਮੈਂ ਵੰਡਾਵਾਂ ਪੀੜ।
ਬੋਰਕ ਐਸਡ, ਟੈਚਰਾਂ, ਦਰਦ ਕਰਨ ਸਭ ਛੀੜ।

ਡਿਊਡਾ ਛੰਦ—14

ਲਾਈ ਡੈਨ ਹੈਜਾ ਤੂੰ ਕਰੀਂ ਨਾ ਮੋਸ਼ਣ ਐ, ਮੈਂ ਚਸ਼ਮ ਖੋਲ੍ਹਦਿਆਂ।
ਪਾ ਕੇ ਪੱਚਕਾਰੀ ’ਚ ਜੋਸਤ ਲੋਸ਼ਨ ਐ, ਦੋ ਡਰਾਪ ਡੋਲ੍ਹ ਦਿਆਂ।
ਧੂੜ ਪਾਤੀ ਉਡਕੇ ਹਨੇਰੀ ਗਰਦਿਆਂ, ਹੈ ਮਲੇ ਤੋਂ ਧੁੱਖਦੀਆਂ।
ਫਹੇ ’ਜ੍ਹੇ ਮਲਾਈ ਦੇ ਬਨ੍ਹਾਕੇ ਧਰਦਿਆਂ, ਜੇ ਜ਼ਿਆਦਾ ਦੁਖਦੀਆਂ।

ਹਲਦੀ ਫਟਕੜੀ ਰਸੌਂਤਾਂ ਘਣੀਆਂ, ਪਾ ਹਰੜ ਘੋਟਲੀ।
ਮੁਸ਼ਕ ਕਪੂਰ ਪਾ ਲੈ ਲੋਧ ਧਣੀਆਂ, ਕਰੂ ਟਕੋਰ ਪੋਟਲੀ।
ਚੋਭ ਦੀ ਜੇ ਚੀਸ ਪੈਂਸਲੀਨ ਭਰ ਦਿਆਂ, ਨੀਦਾਂ ਔਣਾ ਸੁਖ ਦੀਆਂ।
ਫਹੇ ’ਜ੍ਹੇ ਮਲਾਈ ਦੇ ਬਨ੍ਹਾਕੇ ਧਰਦਿਆਂ, ਜੇ ਜ਼ਿਆਦਾ ਦੁਖਦੀਆਂ।

ਮਿਸ਼ਰੀ ਤੇ ਹੋਰ ਸਬਜ਼ ਕਸੀਸ ਲੈ, ਕਣਾਂ ਦੀ ਗੰਢ ਬੱਝ ਜੇ।
ਨੈਣਾਂ ਵਿੱਚ ਪਾਦੀਏ ਬਰੀਕ ਪੀਸ ਲੈ, ਚਿੱਟਾ ਕਿਤੇ ਨੂੰ ਭੱਜਜੇ।
ਟੀਕਾ ਲੁਆਲੈ ਲੱਗੇ ਨਾ ਸਕਿੰਟ ਠਰਦਿਆਂ, ਹਕੀਮਾਂ ਕੋਲ਼ੇ ਜੁਖਦੀਆਂ।
ਫਹੇ ’ਜ੍ਹੇ ਮਲਾਈ ਦੇ ਬਨ੍ਹਾਕੇ ਧਰਦਿਆਂ, ਜੇ ਜ਼ਿਆਦਾ ਦੁਖਦੀਆਂ।
ਤੌਤੇ ਨੂੰ ਬਤੌਂਦੀ ਤੌਦਬੀਰ ਤੌਤੀਆ, ਤੂ ਸੁਕਾਦੇ ਨਾ ਵਰਾਂ।
ਮਹਾਰਾਜ ਆਇਆ ਜੇ ਉਤਰ ਮੌਤੀਆ, ਅਪਰੇਸ਼ਨ ਕਰਾਂ।

ਸ਼ਹਿਰੋਂ ਲਿਆ ਕੇ ਲਾ ਲਏ ਐ ਗੁਬਾਰੇ ਸਰਦਿਆਂ, ਜੇ ਚਨੈਣੋਂ ਝੁੱਖਦੀਆਂ।
ਫਹੇ 'ਜ੍ਹੇ ਮਲਾਈ ਦੇ ਬਨ੍ਹਾਕੇ ਧਰਦਿਆਂ, ਜੇ ਜ਼ਿਆਦਾ ਦੁਖਦੀਆਂ।

ਹੇਠਲੀ ਉੱਪਰ ਨੂੰ ਸੁਰਖ਼ ਕੰਨੀਆਂ, ਹਾਏ ਹਾਏ ਕਰੋਂ ਰੋਜ਼ ਪਏ।
ਚੱਲ ਸਿਵਲ-ਸਰਜਨ ਤੋਂ ਵਢਾ ਦਿਆਂ ਗੰਨੀਆਂ, ਨੇਤਰਾਂ ਤੇ ਸੋਜ ਪਏ।
ਪੀੜਾਂ ਨੂੰ ਵੰਡੌਣ ਬੋਲ ਡਰਦਿਆਂ ਡਰਦਿਆਂ, ਔਰਤਾਂ ਮਨੁੱਖ ਦੀਆਂ।
ਫਹੇ ਜ੍ਹੇ ਮਲਾਈ ਦੇ ਬਨ੍ਹਾ ਕੇ ਧਰਦਿਆਂ, ਜੇ ਜ਼ਿਆਦਾ ਦੁਖਦੀਆਂ।

ਖੋਲ੍ਹ ਦਿਉ ਜਨਾਬ ਜੋ ਬਨ੍ਹਾਈਆਂ ਪੱਟੀਆ, ਅੱਖਾਂ ਤੇ ਪੈਂਦਾ ਭਾਰ ਜੀ
ਜਾ ਤਾਂ ਗੁਲ ਰੋਗਨਾਂ ਪੁਆ ਲੋ ਖੱਟੀਆਂ, ਹੈ ਦਵਾਈ ਤਿਆਰ ਜੀ।
ਮਸੀਂ ਹੋਇਆ 'ਬਾਬੂ ਜੀ' ਮਿਲਾਪ ਮਰਦਿਆਂ, ਦੇ ਦਿਦਾਰ ਮੁੱਖ ਦੀਆਂ।
ਫਹੇ ਜ੍ਹੇ ਮਲਾਈਆਂ ਦੇ ਬਨ੍ਹਾ ਕੇ ਧਰਦਿਆਂ, ਜੇ ਜ਼ਿਆਦਾ ਦੁਖਦੀਆਂ।

ਬੈਂਤ—15

ਕਹਿੰਦੀ ਸੱਸ ਨੂੰ ਤਜਰਬੇ ਕਾਰ ਹੈਂ ਤੂ,
ਕੋਈ ਦਸਦੇ ਨੇਕ ਤਸਵੀਜ਼ ਸੱਸੇ।

ਤੱਤੀ ਮਨੋਂ ਵਿਰਾਸਤੀ ਮਾਪਿਆਂ ਨੇ,
ਮੈਨੂੰ ਮਿਲਣ ਨਾ ਵੀਰ-ਭਤੀਜ ਸੱਸੇ।

ਇੰਜ੍ਹਾਂ ਨੇਤਰਾਂ 'ਚੋਂ ਗਿਰਦੀਆਂ ਰਹਿੰਦੀਆਂ ਨੀ,
ਖਾਵਾਂ ਸੇਬ ਅੰਗੂਰ ਨਾ ਚੀਜ਼ ਸੱਸੇ।

ਸਾਰੀ ਰਾਤ ਗੁਜ਼ਾਰਦੀ ਪੈਂਦ ਤੇ ਮੈਂ,
ਆਸੀ ਮਾਣਦੀ ਸੇਜ ਕਨੀਜ਼ ਸੱਸੇ।

ਮੇਰਾ ਕਾਲ਼ਜਾ ਧੜਕਦਾ ਹੀਰ ਵਾਂਗੂ,
ਰਾਂਝਾ ਵੈਦ ਨਾ ਮਿਲ਼ੇ ਮਰੀਜ਼ ਸੱਸੇ।

ਵੰਨ ਮੰਨਥ ਦੇ ਬਾਦ ਇਸ਼ਨਾਨ ਕਰਦੀ,
ਲੱਗੀ ਜਿਸਮ ਨੂੰ ਗਰਦ ਗਲੀਜ਼ ਸੱਸੇ।

ਠਾਠਾਂ ਵੱਜਦੀਆਂ ਨਾਲ਼ ਕਿਨਾਰਿਆਂ ਦੇ,
ਜੁਆਨੀ ਜ਼ੋਰ ਦੀ ਚੜ੍ਹੀ ਖ਼ਲੀਜ਼ ਸੱਸੇ।

ਕੀਹਨੂੰ ਹਾਰ-ਸ਼ਿੰਗਾਰ ਵਿਖਾਵਣੇ ਮੈਂ,
ਮੇਰੀ ਛੱਡ ਗਿਆ ਕੰਤ ਦਲ੍ਹੀਜ਼ ਸੱਸੇ।

ਰੁਲ੍ਹੇ ਅਤਰ-ਫੁਲੇਲ ਕਟੋਰਿਆਂ ਮੇਂ,
ਨਹੀਂ ਸੀਸ ਗੁੰਦੌਣ ਦੀ ਰੀਝ ਸੱਸੇ।

ਗੂੰਜੇ ਆਣਕੇ ਭੌਂਰ ਫੁਲਵਾੜੀਆਂ ਮੇਂ,
ਰੁੱਸੇ ਜਾਣ ਭੱਰਥਾਰ ਮਨੀਜ਼ ਸੱਸੇ।

ਅੱਗੇ ਲਵੇ ਬਹਾਰ ਬਹਿਸ਼ਤ ਦੀ ਜੀ,
ਜਾਵੇ ਧਰਮ ਜਹਾਨ ਵਿੱਚ ਬੀਜ ਸੱਸੇ।

'ਰਜਬਲੀ ਖ਼ਾਂ' ਸੁਣੇ ਕਵੀਸ਼ਰੀ ਨੂੰ,
ਖਾੜਾ ਲਾਂਵਦੇ ਫ਼ੜ੍ਹੇ ਅਜ਼ੀਜ ਸੱਸੇ।

॥ ਦੋਹਿਰਾ ॥

ਸੱਸ ਬਚਿੱਤਰ ਕੌਰ ਨੂੰ, ਦੇਵੇ ਮੋੜ ਜਵਾਬ।
ਆਹ ਨਖ਼ਰਾ ਆਹ ਜੋਬਨਾਂ, ਹੁੰਦੀ ਫਿਰੇ ਖ਼ਰਾਬ.

ਸਤਾਰਾਂ ਅੱਖਰਾ ਛੰਦ—16

ਆਹ ਨਖ਼ਰਾ, ਆਹ ਸ਼ੋਖ਼ੀ, ਸਿਖਰ ਦੁਪਹਿਰਾ ਜੋਬਨ ਦਾ।
ਦਿਲ ਦੀ ਤਾਰ ਹਲਾ ਕੇ, ਮਨ ਭਰਮਾਲੇ ਬੋਬਨ ਦਾ।
ਰਾਣੀ ਕੌਲਾਂ ਵਾਂਗੂ ਮਾਰੀ, ਫਿਰੇਂ ਗਲਿੱਤਰੀ ਨੀ।
ਲਹੇ ਠਠਿਆਰੀ ਮਗਰੋਂ, ਕੋਈ ਛੋਡ ਚਲਿੱਤਰੀ ਨੀ।

ਚਾਰ ਸੌ ਚਾਰ ਚਲਿੱਤਰ, ਟਾਕੀ ਲਾ ਅਸਮਾਨੋਂ ਨੀ।
ਸ਼ੇਖ਼ ਜੋ ਸ਼ਾਦੀ ਵਰਗੇ, ਥੋਥੋਂ ਡਰਨ ਸ਼ਤਾਨੋਂ ਨੀ।
ਸੱਪ ਨੂੰ ਕੀਲਣ ਵਾਲਾ ਮੰਤਰ ਮਾਰ ਬਚਿੱਤਰੀ ਨੀ।
ਲਹੇ ਠਠਿਆਰੀ ਮਗਰੋਂ, ਕੋਈ ਛੋਡ ਚਲਿੱਤਰੀ ਨੀ।

ਡੱਬੀਏਂ ਯਾਰ ਛੁਪਾਏ, ਨਾਰ ਚਲਾਕੇ ਜਾਦੂ ਨੂੰ।
ਸੰਗਲਾ ਦੀਪ ਵਿਖਾਦੇ, ਨਾਥ ਮਛੰਦਰ ਸਾਧੂ ਨੂੰ।
ਰੁਸਿਆ ਕੰਤ ਮਨਾਲੈ, ਬੋਲ ਸੁੱਭਾਨੀ ਤਿੱਤਰੀ।
ਲਹੇ ਠਠਿਆਰੀ ਮਗਰੋਂ, ਕੋਈ ਛੋਡ ਚਲਿੱਤਰੀ ਨੀ।

ਦਿਨ ਨੂੰ ਡਰਨ ਬਲਾਆਂ ਤੋਂ, ਰਾਤੀ ਨਦੀਆਂ ਚੀਰਦੀਆਂ।
ਤਖ਼ਤ-ਹਜ਼ਾਰੇ ਵਾਲ਼ਾ ਮੱਝੀਆਂ, ਚਾਰੇ ਹੀਰ ਦੀਆਂ।
ਗੀਤ ਰਿਕਾਰਡ ਕਰਾਦੂੰ, ਜੇ ਇਸ ਕੰਮ ਵਿੱਚ ਨਿੱਤਰੀ ਨੀ।
ਲਹੇ ਠਠਿਆਰੀ ਮਗਰੋਂ, ਕੋਈ ਛੋਡ ਚਲਿੱਤਰੀ ਨੀ।

ਤਾਂ ਹੋਵੇ ਦਿਲ ਰਾਜ਼ੀ, ਉੱਠ ਪੁੱਤ ਤਾੜ ਸ਼ੁਕੀਨੀ ਨੂੰ।
ਮੋੜ ਖ਼ੁਜ਼ਾਨਾ ਤੂ ਦੇ, ਡਬਲ-ਡੱਫੀਟ ਕਮੀਨੀ ਨੂੰ।
ਜਾ ਕੇ ਲੈ ਫੜ ਗੁੱਤ ਤੋਂ, ਸਿਰ ਵਿੱਚ ਝਾੜੀਂ ਛਿੱਤਰੀ ਨੀ।
ਲਹੇ ਠਠਿਆਰੀ ਮਗਰੋਂ, ਕੋਈ ਛੋਡ ਚਲਿੱਤਰੀ ਨੀ।

'ਰਜਬਲੀ' ਹੱਸ਼ਰ ਦਿਹਾੜੇ, ਕਰੀ ਕਮਾਈ ਮਿਲਦੀ ਐ।
ਰੱਬ ਮੰਨ ਲੈਂਦਾ ਅਰਜ਼ਾਂ, ਵੇਖ ਸਫ਼ਾਈ ਦਿਲ ਦੀ ਐ।
ਮਰਿਆ ਕੰਤ ਜਿਵਾਲਿਆ, ਸੱਤਿਆਵਾਨ ਸਵਿੱਤਰੀ ਨੀ।
ਲਹੇ ਠਠਿਆਰੀ ਮਗਰੋਂ, ਕੋਈ ਛੋਡ ਚਲਿੱਤਰੀ ਨੀ।

॥ ਦੋਹਿਰਾ ॥

ਗੁਜ਼ਰੀ ਬਨਣੇ ਵਾਸਤੇ, ਹੋ ਗਈ ਤਿਆਰ ਮੁਟਿਆਰ।
ਦਹੀਂ ਜਮਾ ਕੇ ਸ਼ੌਂਕ ਸੇ, ਵੇਚਣ ਗਈ ਬਜ਼ਾਰ।

ਦੋ ਭਾਗ ਛੰਦ—17

ਪਹਿਲਾਂ ਸੱਚੇ ਰੱਬ ਦੇ ਦੁਆਰੇ ਝੁੱਕ ਲੀ,
ਪਰਜਾਪਤਾਂ ਦਿਉਂ 'ਸੀਸ ਤੇ ਚੱਟੂਰੀ ਚੁੱਕਲੀ।

ਕਹਿਕੇ ਸਰਵੈਂਟ ਨੂੰ ਚਵਾ ਲਈ ਕਪਲੀ,
ਕਿਸੇ ਤੋਂ ਪਵਿੱਤਰ ਲੱਸੀ ਦੀ ਲੱਪ ਲੀ।

ਇੱਕ ਵਿੱਚ ਗੇਰਤੀ ਡਲੀ ਸੀ ਲੂਣ ਦੀ,
ਤੋਲਾ ਕੁ ਮੰਗਾਲੀ ਸੌਂਫ਼ 'ਦੇਹਰਾਦੂਨ' ਦੀ।

ਛੰਡ ਸੌਂਫ਼ ਕਰੀਆਂ ਤਿਆਰ ਮਿਰਚਾਂ ਪਿਰਚਾਂ,
ਅੱਠ ਨੌਂ ਕੁ ਪਾ ਲਈਆਂ ਬਲੈਕ ਮਿਰਚਾਂ।

ਲੌਂਗ ਵਿੱਚ ਲਿਆਣਕੇ ਮਿਲਾ ਲੈ ਤਿੰਨ ਦੋ,
ਰਾਜਾ ਰਾਜੀ ਹੋਜੂਗਾ ਲੱਗਣ ਦਿਨ ਦੋ।

ਖਟਿਆਈ ਚੱਕਤੀ ਨਿਮਕ ਖੋਰ ਕੇ,
ਛਾਣਾ ਦਿੱਤਾ ਨਿੱਕੀ ਲੈਚੀਆਂ ਨੂੰ ਭੋਰ ਕੇ।

ਉਤਲੀ ਤੋਂ ਵੱਧ ਹੇਠਲੀ ਤਰਫ਼ ਦੀ,
ਜੰਮੀ ਜਿਵੇਂ ਥਰ ਜੰਮਦੀ ਬਰਫ਼ ਦੀ।

ਸੋਹਣੀ ਲੱਗੇ ਚਿੱਟੀ ਜੀ ਕਪਾਹ ਦੇ ਫੁੱਟ ਜੇ,
ਸੰਘ ਤਰ ਹੋਜੂਗਾ ਲੰਘਾਲੀ ਘੁਟ ਜੇ।

ਲੈ ਕੇ ਚੀਜ਼ਾਂ ਸਾਰੀਆਂ ਮਿਲਾਈਆਂ ਸਭ ਜੀ,
ਦਿਨਾਂ ਵਿੱਚ ਚੱਕਦੇ ਪੁਰਾਣੀ ਕਬਜ਼ੀ।

ਘੜੀ ਵਿੱਚ ਦਰੁਸਤ ਲਿਆਦੇ ਹਾਜ਼ਮੇ,
ਕਵੀਆਂ ਦੇ ਪੈਣ ਗੁਰਨਾਟੇ ਵਾਜ ਮੇਂ।

ਰਹਿਜੋਂ ਦੰਗ ਵੇਖ ਕੇ ਖ਼ੁਰਾਕ ਖਾਧੀ ਨੂੰ,
ਹਫ਼ਤੇ 'ਚ ਚੱਕਦੇ ਸਰੀਰੋਂ ਵਾਦੀ ਨੂੰ।

ਚੱਪਣੀ 'ਚ ਫੁੱਲ ਰੱਖਤੇ ਚੰਬੇਲੀ ਦੇ,
ਖ਼ੁਸ਼ਬੋਈ ਫੈਲੀ ਅੰਦਰ ਹਵੇਲੀ ਦੇ।

ਈਨੂੰ ਮਲਮਲ ਦਾ ਮੜ੍ਹਾ ਲਿਆ ਪੋਲਾ ਜਿਆ,
ਲਾ ਸ਼ਿੰਗਾਰ ਤਿਆਰ ਹੋ ਗਿਆ ਮੰਮੋਲਾ ਜਿਆ।

'ਰੱਜਬਲੀ ਚੱਕ ਲੀ ਸੁਨਹਿਰੀ ਮਟਕੀ,
ਪਾ ਦੂ ਪੱਟੂ ਗੁਜਰੀ ਬਜ਼ਾਰ ਪਟਕੀ।

॥ ਦੋਹਿਰਾ ॥

ਜ਼ਿਓਰ ਸੁਨਹਿਰੀ ਪਾ ਲੀਏ, ਸੂਟ ਰੇਸ਼ਮੀ ਪਹਿਣ।
ਪਾਣੀ ਭਰਨੇ ਜਾ ਰਹੀ ਜਿਵੇਂ ਸਰੰਦਰੀ ਨੈਣ।

ਮੁਕੰਦ ਛੰਦ—18

ਚੰਨਣ ਦੀ ਚੌਂਕੀ ਇਸ਼ਨਾਨ ਕਰਕੇ,
ਗੁੱਜਰੀ ਦਾ ਸਾਂਗ ਪੱਟਰਾਣੀ ਧਰਕੇ।

ਪਤੀ ਦੇ ਦਿਦਾਰ ਦੀ ਲੱਗੀ ਵੀ ਭੱਟਕੀ,
ਚੱਕਲੀ ਸ਼ੁਕੀਨਣ ਸੁਨਹਿਰੀ ਮਟਕੀ।

ਰੀਸ ਨਾ ਕਰਣ ਰੁੱਖ਼ਸਾਰ ਫੁੱਲ ਦੀ,
ਚਿੱਟੇ ਦੰਦ ਸੁਰਖ਼ੀ ਸੁਹਾਵੇ ਬੁੱਲ੍ਹ ਦੀ।
ਜਣਾ-ਖਣਾ ਰੂਪ ਦੀ ਸਹਾਰੇ ਸੱਟ ਕੀ?
ਚੱਕਲੀ ਸ਼ੁਕੀਨਣ ਸੁਨਹਿਰੀ ਮਟਕੀ।

ਉਂਗਲੀ ਤਾਂ ਪੂਣੀ ਕਪਾਹ ਦੀ ਕੱਤਲੀ,
ਟੇਢੀ ਸੇਹਲੀ ਨੱਕ ਤਲਵਾਰੋਂ ਪੱਤਲੀ।
ਕਾਲ਼ੋ ਕੇਸ਼ ਚੜ੍ਹਗੀ ਪਹਾੜੋਂ ਘਟਕੀ,
ਚੱਕਲੀ ਸ਼ੁਕੀਨਣ ਸੁਨਹਿਰੀ ਮਟਕੀ।

ਕੰਨੀਂ ਵਾਲੇ ਮੱਥੇ ਤੇ ਝੂੰਮਰ ਸਜਿਆ,
ਸੂਰਜ ਦੇ ਵਾਂਗ ਚਮਕਾਰਾ ਵੱਜਿਆ।
ਸੁੱਚੀ ਸਾੜ੍ਹੀ ਮੜ੍ਹੀ ਪਈ ਤਿੱਲੇ ਤੇ ਪੱਟਲੀ,
ਚੱਕਲੀ ਸ਼ੁਕੀਨਣ ਸੁਨਹਿਰੀ ਮਟਕੀ।

ਹਰਨੀ ਤੋਂ ਅੱਖ, ਚਿਤਰੇ ਤੋਂ ਲੱਕ ਲੀ,
ਜਿਹੜੀ ਫੁੱਲਵਾੜੀ 'ਚੋਂ ਲੰਕੇਸ਼ ਚੱਕ ਲੀ।
ਪਾਪੀ ਰੌਣ ਲੈ ਗਿਆ ਜਹਾਨੋਂ ਖੱਟ ਕੀ,
ਚੱਕਲੀ ਸ਼ੁਕੀਨਣ ਸੁਨਹਿਰੀ ਮਟਕੀ।

ਮੂੰਹ ਤੇ ਲਾਈ ਛਹਿਬਰ ਬਲੈਕ ਮੋਤੀਆਂ,
ਹਾਰਾਂ ਦੀਆਂ ਬਾਰਾਂ ਲੜੀਆਂ ਪਰੋਤੀਆਂ।
ਜੇਬੋਂ ਕੱਢ ਹੌਲ਼ੀ 'ਜ੍ਹੀ ਰੁਮਾਲ ਝੱਟਕੀ,
ਚੱਕਲੀ ਸ਼ੁਕੀਨਣ ਸੁਨਹਿਰੀ ਮਟਕੀ।

'ਰਜਬਲੀ' ਪੌਂਦੇ ਛਨਕਾਟ ਤੋੜੇ ਜੇ,
ਤੁਰੇ ਜਿਵੇਂ ਮਾਰੇ ਹਰਨ ਮਰੋੜੇ ਜੇ।
ਗੇੜਾ ਖਾਗੀ ਮਾਰਦੀ ਹੁਲਾਰਾ ਨੱਟਕੀ,
ਚੱਕਲੀ ਸ਼ੁਕੀਨਣ ਸੁਨਹਿਰੀ ਮਟਕੀ।

॥ ਦੋਹਿਰਾ ॥

ਛੱਬ ਆ ਬਦਲੀ ਰੂਪ ਦੀ, ਚੜ੍ਹੀ ਪਹਾੜੋਂ ਵਰ੍ਹਣ।
ਵੇਖ ਢਿੱਲਕਦੀਆਂ ਧੋਤੀਆਂ, ਲਾਲੇ ਅਸ਼-ਅਸ਼ ਕਰਣ।

ਮੁਕੰਦ ਛੰਦ—19

ਚੌਂਕ 'ਚ ਖੜੋਂਗੀ ਲਾ ਸ਼ਿੰਗਾਰ ਸ਼ੌਂਕ ਦੇ,
ਦੂਰ ਤੋਂ ਦੁਕਾਨਦਾਰ ਔਂਦੇ ਹੌਂਕਦੇ।
ਸੈਣ' ਮਾਰ ਗੁੱਜਰੀ ਸ਼ੁਕੀਣ ਸੱਦਲੀ,
ਕਿੱਥੋਂ ਆ ਗਈ ਰੂਪ ਦੀ ਭਰੀ 'ਵੀ ਬਦਲੀ?

ਤੁਰੇ ਜਿਵੇਂ ਮੁਰਗਾਈ ਤੁਰੇ ਤਾਲ ਤੇ,
ਕਾਲ਼ੇ ਤਿਲ ਸਜਦੇ ਗੁਲਾਬੀ ਗਾਲ ਤੇ।
ਹੀਰ ਵੇਖ ਹੋ ਗਿਆ ਹੈਰਾਨ ਅਦਲੀ,
ਕਿੱਥੋਂ ਆ ਗਈ ਰੂਪ ਦੀ ਭਰੀ 'ਵੀ ਬਦਲੀ?

ਲਿਪਸ ਲਿਪਸ਼ਟਿਕ ਲਾ ਕੇ ਲਿੱਪ ਤੇ,
ਕੰਨ ਜਿਵੇਂ ਬਣੇ 'ਵੇ ਗੁਲਾਈ ਸਿੱਪ ਤੇ।
ਲੰਮੀ ਧੌਣ ਕੱਚ ਦੀ ਗਲਾਸੋਂ ਵਧਲੀ,
ਕਿੱਥੋਂ ਆ ਗਈ ਰੂਪ ਦੀ ਭਰੀ 'ਵੀ ਬਦਲੀ?

ਦੰਦ ਜਿਉਂ ਚੰਬੇਲੀ ਖਿੜ੍ਹੀ ਵਿੱਚ ਬਾਗ਼ ਦੇ,
ਜ਼ੁਲਫਾਂ ਚਲੌਣ ਡੰਗ ਵਾਂਗ ਨਾਗ ਦੇ।
ਅੱਖੀਆਂ ਕਟੋਰਿਆਂ 'ਚ ਉਲੱਦ ਮੱਧਲੀ,
ਕਿੱਥੋਂ ਆ ਗਈ ਰੂਪ ਦੀ ਭਰੀ 'ਵੀ ਬਦਲੀ?

ਗੋਲ਼ ਮੱਥਾ 'ਰਾਜ ਜਿਉਂ ਮਰਥਾ' ਮੇਲਦੇ,
ਸੌਰੀ ਕਾਲੀ ਗੁੱਤ ਤੇ ਫੁੰਮਣ ਖੇਲ੍ਹਦੇ।
ਕੌਲਾਂ ਵਾਂਗੂ ਕਿਸੇ ਨੇ ਵਿਚਾਰੀ ਰੱਦਲੀ,
ਕਿੱਥੋਂ ਆ ਗਈ ਰੂਪ ਦੀ ਭਰੀ 'ਵੀ ਬਦਲੀ?

ਸੋਹਣੀ ਦਹੀਂ ਅਮਰੀਕਣ ਕਪਾਹ ਦੇ ਫੁੱਟ ਜੀ,
ਮਹਿੰਗੀ ਲੈ ਕੇ ਸੇਠ ਤਾਂ ਭਰਨ ਘੁੱਟ ਜੀ।
'ਬਾਬੂ' ਕੌਲੀਆਂ ਲੈ ਮਟਕੀ ਉਲੱਦ ਲੀ,
ਕਿੱਥੋਂ ਆ ਗਈ ਰੂਪ ਦੀ ਭਰੀ 'ਵੀ ਬਦਲੀ?

ਰਘਬੀਰ ਛੰਦ—20

ਖਾ ਪਤੰਗ ਵਾਂਗੂ ਡੋਲੇ ਜਾ, ਬਜ਼ਾਰ ਵਿਚ ਬੋਲੇ,
ਕੱਢੇ ਮਿੱਠੀ 'ਜ਼ੀ ਲਿਲਕ, ਦਹੀਂ ਗਾਂਈ ਦੇ ਮਿਲਕ ਦੀ, ਤਪੇ ਅੰਦਰ ਠਰਦੇ।
ਆਜੋ ਖਾ ਲਓ ਦੋ-ਦੋ ਘੁੱਟ ਵੇ, ਚਿੱਟੀ ਜੀ ਕਪਾਹ ਦੇ ਫੁੱਟ ਵੇ,
ਲੈਲੋ ਜਿਹਨੂੰ ਜੀਹਨੂੰ ਚਾਹਨਾ, ਐਸਾ ਸਿੱਖਾਂ ਦਾ ਕੜਾਹ ਨਾ, ਹੈ ਨਾ ਮੋਮਨਾ ਦੇ ਜ਼ਰਦੇ।

ਸੇਠ ਸ਼ਾਹੂਕਾਰ ਗਾਹਕ, ਲੈ ਲੋ ਦਹੀਂ ਦੀ ਛਟਾਂਕ,
ਟੱਨਕਾ ਕੇ ਟੰਣ ਟੰਣ ਦੇ, ਰੁਪਈਏ ਨਵੇਂ ਸੰਨ ਦੇ, ਤਲ਼ੀ ਦੇ ਉਤੇ ਧਰਦੇ।
ਸਿਉਨੇ ਚਾਂਦੀ ਦੇ ਵਰਕ, ਤੇ ਗੁਲਾਬ ਦੇ ਅਰਕ,
ਲਾਚੀ ਕਾਲੀ ਜੀ ਮਿਰਚ, ਪੀਸ ਪਾਈ ਵੀ ਪਿਰਚ,
'ਬਾਬੂ ਲੈ ਲੋ ਵੇ ਕਵੀਸ਼ਰੋ ਅਵਾਜ਼ ਉੱਚੀ ਕਰਦੇ।

ਫੁੱਟ ਮੱਟਕੀ 'ਚ ਜੰਮੇ, ਪੈ ਗਈ ਸੀ ਬਜ਼ਾਰ ਲੰਮੇ।
ਵੇਖ ਪਤੀ ਦਾ ਚੁਬਾਰਾ, ਉੱਚੀ ਮਾਰੇ ਲਲਕਾਰਾ, ਸੀ ਜ਼ਿਮੀਂ ਤੇ ਦਹੀਆਂ ਚੱਖੀਆਂ।
ਹੱਥ ਸੋਹਣੇ ਬੱਗੇ-ਬੱਗੇ, ਰੂਪ ਦੀ ਮਸਾਲ ਜੱਗੇ,
ਸਿਉਨਾ ਮਾਰੇ ਚਮਕਾਰਾ, ਜਮ੍ਹਾਂ ਹੋ ਗਿਆ ਸ਼ਹਿਰ ਸਾਰਾ,
ਜਿਉਂ ਮਖਿਆਲ ਲੋਣੇ ਮੱਖੀਆਂ।

ਜਿੱਥੇ ਰਾਜੇ ਦੀ ਰਹੈਸ਼, ਜੀ ਜਗਣ ਲੱਗੇ ਗੈਸ,
ਬਣੀ ਗੁੱਜਰੀ ਦੀ ਛੱਬ, ਜੀ ਸਣ੍ਹੇ ਕੋਟਰੇ ਚੱਬ, ਜੇ ਜਿੰਨਾਂ ਨੇ ਦਹੀਆਂ ਚੱਖੀਆਂ।
ਬਾਬੂ ਸਿੱਫਤਾਂ ਕਰਨ, ਖਾਕੇ ਨੇਤਰ ਠੱਰਨ,
ਕੱਢ ਨੈਣਾਂ ਦੀ ਗੱਰਦ, ਬੰਦ ਕਰਦੇ ਦਰਦ, ਜੇ ਦੁੱਖਣ ਆਈਆਂ ਅੱਖੀਆਂ।

॥ ਦੋਹਿਰਾ॥

ਕਹੇ ਚੁਬਾਰੇ ਵਾਲ਼ਿਉ, ਖਾ ਲਉ ਦਹੀਂ ਖ਼ਰੀਦ।
ਬੀਸ ਰੁਪੈ ਛਟਾਂਕ ਦੇ, ਦੇਕਰ ਲਿਖਾਂ ਰਸੀਦ।

ਡੂਡਾ ਛੰਦ—21

ਖਾ ਲਉ ਦਹੀਂ ਵਧੀਆ ਕਟੋਰੀ ਭਰਲੇ, ਖ਼ਰੀਦ ਮੁੱਲ ਬਨ੍ਹ ਜੇ।
ਤੇਲ 'ਚ ਮਿਲਾਕੇ ਇਸ਼ਨਾਨ ਕਰਲੇ, ਸਰੀਰ ਫੁੱਲ ਬਣ ਜੇ।
ਸ਼ੌਕ ਸੇ ਜੁੰਮਾਵਾਂ ਕੋਈ ਗਾਂ ਜਾਂ ਮਹੀਂ ਲੈ, ਜਾ ਹਵਾਲ ਦੱਸਕੇ।
ਵੇਚਦੀ ਸ਼ੁਕੀਨਣ ਸ਼ੁਕੀਨਾਂ ਦਹੀਂ ਲੈ, ਲੈ ਦਹੀਂ ਦੇ ਚੱਸਕੇ।

ਏਹਦੀ ਤਰ ਗਰਮ ਤਸੀਰ ਹੋਵੇ ਵੇ, ਠਠਿਆਰੀ ਦਿਆ ਮੁਲਾਜ਼ਮਾ!
ਕਬਜ਼ੀ ਨੂੰ ਤੋੜਕੇ ਅੰਦਰ ਧੋਵੇ ਵੇ, ਕਰੇ ਦੁਰੱਸਤ ਹਾਜ਼ਮਾ।

ਸੋਲਾਂ ਆਨੇ ਗੱਲ ਜੋ ਜ਼ਬਾਨੋਂ ਕਹੀ, ਲੈ ਛਕੋ ਕਟੋਰੇ ਰਸ ਕੇ।
ਵੇਚਦੀ ਸ਼ੁਕੀਨਣ ਸ਼ੁਕੀਨਾਂ ਦਹੀਂ ਲੈ, ਲੈ ਦਹੀਂ ਦੇ ਚੱਸਕੇ।

ਤਾਕਤਾਂ ਵੱਧਣ ਜੋ ਹਮੇਸ਼ਾ ਛਕਦੇ, ਗੰਦੇ ਲਹੂ ਨੂੰ ਖਾਰਦੀ।
ਪੁੱਛ ਲੈ ਹਕੀਮਾਂ ਤੋਂ ਨਰਾਅਤਾ ਚੱਕਦੇ, ਤੇ ਸੌ ਬਿਮਾਰੀ ਮਾਰਦੀ।
ਕਾਲਜਾ ਜੇ ਧੜਕੇ ਲਗਾਦੂ ਡੱਹੀ ਲੈ, ਖਾ ਸਫ਼ੈਦ ਟਸਕੇ।
ਵੇਚਦੀ ਸ਼ੁਕੀਨਣ ਸ਼ੁਕੀਨਾਂ ਦਹੀਂ ਲੈ, ਲੈ ਦਹੀਂ ਦੇ ਚੱਸਕੇ।

ਜੀਹਨੂੰ ਮੈਲ਼ਾ ਔਣ ਲੱਗਜੇ ਮਰੋੜਿਆਂ 'ਚ, ਬੁਰਾ ਮਰੋੜਾ ਬੱਜਗੀ।
ਦਹੀਂ ਫ਼ਾਇਦਾ ਕਰਦੂ ਦਿਹਾੜੇ ਥੋੜਿਆਂ 'ਚ, ਖਾਹ ਜੰਮਾਕੇ ਸੱਜਗੀ।
ਰੋਟੀ ਖਾਹ ਨਾ ਮਗਰੋਂ ਬਿਮਾਰੀ ਲੱਹੀ ਲੈ, ਉਡਾਵੀਂ ਚੌਲ ਧਸਕੇ।
ਵੇਚਦੀ ਸ਼ੁਕੀਨਣ ਸ਼ੁਕੀਨਾਂ ਦਹੀਂ ਲੈ, ਲੈ ਦਹੀਂ ਦੇ ਚੱਸਕੇ।

ਮੂੰਹ ਤੇ ਮਲ਼ੀ ਪੱਚਰੇ ਉਡਾਦੇ ਸ਼ਾਹੀਆਂ ਦੇ, ਹੈ ਮਲੂਮ ਹਮ ਨੂੰ।
ਮਾਸ ਕਰ ਦਿੰਦੀ ਵਾਂਗਰਾਂ ਮਲਾਈਆਂ ਦੇ, ਮਿਟਾਕੇ ਕਾਲੇ ਚੰਮ ਨੂੰ।
ਬੰਨ੍ਹ ਫਹੇ ਵੇਲੀ 'ਵੀ ਕਪਾਹ ਦੀ ਥਹੀਲੈ, ਲਾ ਸਿਰਾਂ ਤੇ ਝੱਮ ਕੇ।
ਵੇਚਦੀ ਸ਼ੁਕੀਨਣ ਸ਼ੁਕੀਨਾਂ ਦਹੀਂ ਲੈ, ਲੈ ਦਹੀਂ ਦੇ ਚੱਸਕੇ।

ਵੇਖ ਸਾਲ ਬਾਦ ਖੁਆ ਬੁਡੱਢ ਖੁੰਡ ਨੂੰ, ਗੱਜੂਗਾ ਵਾਂਗ ਮੋਘ ਦੇ।
ਹਾਥੀ ਨੂੰ ਘੁਕਾਦੂਗਾ ਪਕੜ ਸੁੰਡ ਨੂੰ, ਪੱਕੀ ਦੀਵਾਰ ਡੇਗ ਦੇ।
ਪੱਟਦੂ ਬਿਰਛ ਨੂੰ ਜੜਾਂ ਤੋਂ ਝਹੀ ਲੈ, ਟੁਟੂ ਮੁੱਢਾਂ ਤੋਂ ਨੱਸਕੇ।
ਵੇਚਦੀ ਸ਼ੁਕੀਨਣ ਸ਼ੁਕੀਨਾਂ ਦਹੀਂ ਲੈ, ਲੈ ਦਹੀਂ ਦੇ ਚੱਸਕੇ।

ਜ਼ੋਰਾਵਰਾਂ ਕੁਟਕੇ ਦਬੱਲੇ ਦੇਸ਼ ਤੋਂ, ਤੇ ਧਰਲੀ ਕੁਹਾੜੀ ਸੀ।
ਛੱਡਗੇ ਘਰਾਂ ਨੂੰ ਡਰਦੇ ਕਲੇਸ਼ ਤੋਂ, ਤਕਦੀਰ ਮਾੜੀ ਸੀ।
'ਬਾਬੂ' ਤੇਰਾ ਹਿੰਦ ਸੀ ਵਤਨ ਸਹੀ ਲੈ, ਗਿਉਂ ਉਜੜ ਵੱਸ ਕੇ।
ਵੇਚਦੀ ਸ਼ੁਕੀਨਣ ਸ਼ੁਕੀਨਾਂ ਦਹੀਂ ਲੈ, ਲੈ ਦਹੀਂ ਦੇ ਚੱਸਕੇ।

॥ ਦੋਹਿਰਾ॥

ਕੋਇਲ ਵਾਂਗਰਾਂ ਕੂਕਦੀ, ਰਗ ਵਿਚ ਭਰੇ ਵੈਰਾਗ।
ਸੁਣ ਕੇ ਬਾਤ ਦਲੀਲ ਦੀ, ਪਈ ਮੁਹੱਬਤ ਜਾਗ।

ਤਰਜ਼ ਦੋਤਾਰਾ—22

ਹੇਠ ਖੜ੍ਹੀ ਚੁਬਾਰੇ ਦੇ, ਕੋਇਲ ਦੇ ਵਾਂਗ ਕੂਕ ਕੇ ਬੋਲੀ।
ਕੌਰ ਉੱਤਰੇ ਚੁਬਾਰੇ 'ਚੋਂ, ਝੱਟ ਪੱਟ ਆ ਕੇ ਚਿੱਟਕਨੀ ਖੋਲ੍ਹੀ।

ਐਸ ਗੌਲੀ ਵਰਗਾ ਜੀ, ਕਿਸੇ ਵੀ ਮੰਡਲੀਂ ਰੂਪ ਨਾ ਹੋਣਾ।
ਜੀਹਦਾ ਦਰਸ਼ਨ ਕਰਦਾ ਨਾ, ਕੌਰ ਨੂੰ ਲੱਗਿਆ ਬੜਾ ਮੁੱਖ ਸੋਹਣਾ।

ਝੋਲ਼ੀ ਭਰਤੀ ਏਸ ਦੀ ਜੀ, ਜਦੋਂ ਰੱਬ ਮਿਹਰ ਹੁਸਨ ਰਿਹਾ ਵੰਡਦਾ।
ਦੂਰੋਂ ਲੱਪਟ ਮਾਰਦੀ ਜੀ, ਬਿਉਟੀਫੁੱਲ ਮਿਲ ਗਿਆ ਖੇਡਣਾ ਖੰਡ ਦਾ।
ਮਾਰੀ ਝਲਕ ਕਪੋਲਾਂ ਨੇ, ਜਿਸ ਤਰ੍ਹਾਂ ਦਮ੍ਹਕੇ ਲਾਲ ਦਾ ਕੋਣਾਂ।
ਜੀਹਦਾ ਦਰਸ਼ਨ ਕਰਦਾ ਨਾ, ਕੌਰ ਨੂੰ ਲੱਗਿਆ ਬੜਾ ਮੁੱਖ ਸੋਹਣਾ।

ਪਾ ਲਏ ਪੇਚੇ ਜ਼ੁਲਫ਼ਾਂ ਨੇ, ਮਿਲੇ ਦਿਲ, ਦਿਲ ਸੇ ਨੈਣ ਜ੍ਹੇ ਲੜਗੇ।
ਮਤਵਾਲਾ ਹੋ ਗਿਆ ਜੀ, ਬਿਨਾ ਮਦ ਪੀਤੀ ਨਸ਼ੇ ਜ੍ਹੇ ਚੜ੍ਹਗੇ।
ਬੰਦ ਗੌਭੀ ਵਰਗੀ ਜ੍ਹੀ, ਕਾਲੇਜ ਕੇਸ ਫ਼ੇਸ ਮਨਮੋਹਣਾ।
ਜੀਹਦਾ ਦਰਸ਼ਨ ਕਰਦਾ ਨਾ, ਕੌਰ ਨੂੰ ਲੱਗਿਆ ਬੜਾ ਮੁੱਖ ਸੋਹਣਾ।

ਮਾਰੀ ਲਿਸ਼ਕ ਜਲ-ਜਲਾਂ ਨੇ, ਝੂਮਦੇ ਝੁਮਕੇ ਢਿੱਲਕ ਦਾ ਨਥਲਾ।
ਸਾੜ੍ਹੀ ਬਣ ਬਣ ਉਠਦੀ ਸੀ, ਲੜਾਂ ਦੀ ਜਾਲੀ ਵੇਖ ਦਾ ਹਥਲਾ।
ਬਣੀ ਸੁਰਖ਼ ਸਿਲਕ ਦੀ ਜੀ, ਟੋਹੇ ਮੁੜ-ਮੁੜ ਕੇ ਅੰਗੀ ਦੀਆਂ ਚੋਣਾਂ।
ਜੀਹਦਾ ਦਰਸ਼ਨ ਕਰਦਾ ਨਾ, ਕੌਰ ਨੂੰ ਲੱਗਿਆ ਬੜਾ ਮੁੱਖ ਸੋਹਣਾ।

ਪਾਏ ਦਹੀਂ ਕਟੋਰਿਆਂ ਮੇਂ, ਚਿੱਟੇ ਦੰਦ ਖਿੜ-ਖਿੜ ਕਰਕੇ ਹੱਸਦੀ।
ਤੀਰ ਮਾਰਨ ਵਿੰਨ੍ਹਵੇਂ ਜੀ, ਗੌਲ਼ ਜ੍ਹੀ ਸੇਹਲੀ ਕਮਾਣਾ ਕੱਸਦੀ।
ਆਹ ਗੜਵੀ ਸੋਨੇ ਦੀ, ਆਸੀ ਠਠਿਆਰੀ ਪਿੱਤਲ ਦਾ ਦੋਹਣਾ।
ਜੀਹਦਾ ਦਰਸ਼ਨ ਕਰਦਾ ਨਾ, ਕੌਰ ਨੂੰ ਲੱਗਿਆ ਬੜਾ ਮੁੱਖ ਸੋਹਣਾ।

ਆ ਗਈ ਮਾਤ-ਲੋਕ ਮੇਂ ਜੀ, ਕਿਸੇ ਵਜ੍ਹਾ ਇੰਦਰ ਪੁਰੀ ਦੀ ਰੋਹਣੀ।
'ਵਾਜ਼ ਸ਼ੀਰੀਂ ਵਰਗੀ ਜੀ, ਹੀਰ ਨਾਲ਼ ਮਿਲ ਦੀ ਸੋਹਣੀਉ ਸੋਹਣੀ।
ਗੁਜਰਾਤ ਘੁਮਿਆਰਾਂ ਦਾ, ਕੂੜਾ ਮਹੀਂਵਾਲ ਵਾਂਗਰਾਂ ਢੋਣਾ।
ਜੀਹਦਾ ਦਰਸ਼ਨ ਕਰਦਾ ਨਾ, ਕੌਰ ਨੂੰ ਲੱਗਿਆ ਬੜਾ ਮੁੱਖ ਸੋਹਣਾ।

'ਬਾਬੂ' ਪਾਕ ਕਤਾਬਾਂ ਦੇ, ਪਾੜਤੇ ਪਲਟ ਪਲਟ ਕੇ ਵਰਕੇ।
ਜੇ ਮਿਲਣਾ ਮਾਲਕ ਨੂੰ, ਕਰਿਆ ਕਰ ਬੰਦਗੀ ਸਾਫ਼ ਦਿਲ ਕਰਕੇ।
ਜਗਮੇਲ ਬਸੰਤ ਸਿੰਹਾਂ, ਮੈਲ੍ਹ ਦਾ ਲਿਬੜਿਆ ਪਿਆ ਦਿਲ ਧੋਣਾਂ।
ਜੀਹਦਾ ਦਰਸ਼ਨ ਕਰਦਾ ਨਾ, ਕੌਰ ਨੂੰ ਲੱਗਿਆ ਬੜਾ ਮੁੱਖ ਸੋਹਣਾ।

॥ ਦੋਹਰਾ ॥

ਪੁੱਛਦਾ, "ਕਹਾਂ ਬਰਾਜਦੀ, ਦੱਸ ਕੀ ਤੇਰੀ ਕੌਮ ?"
"ਮੈਂ ਗੁੱਜਰਾਂ ਦੀ ਬਾਲਕੀ, ਪੈਂਦ ਮਹੱਲੇ ਹੋਮ।"

ਤਰਜ਼ ਗੱਡੀ—23

ਚਿੱਟੀ ਦਹੀਂ ਦਾ ਕਟੋਰਾ ਪਿਆ ਕੇ, ਕਰਦੀ ਝੂਰੇਵੇਂ ਗੁੱਜਰੀ,
ਮੇਰਾ ਕੰਤ, ਮੇਰਾ ਕੰਤ, ਮਝੇਰੂ ਮੂਰਾ, ਚੱਤਰ ਜਨਾਨੀ ਛੱਡਲੀ,
ਧਾਨ ਆਖਦੇ, ਧਾਨ ਆਖਦੇ ਉਜਾੜਣ ਚਿੜੀਆਂ, ਲੋਕਾਂ ਦੇ ਹੁਕਾਰੇ ਬਾਜਰੇ,
ਖੜ੍ਹੀ ਉੱਡਣੀ, ਖੜ੍ਹੀ ਉੱਡਣੀ ਵਛੇਰੀ ਨਚਦੀ, ਫੇਰਦਾ ਪਰਾਈਆਂ ਖੱਚਰਾਂ।
ਛਡ ਮਟਰ, ਛੱਡ ਮਟਰ ਪਟੈਟੋ ਗੌਭੀ, ਪਿਆਜ਼ ਦੀ ਬਨੌਂਦਾ ਚਟਣੀ।
ਚਿੱਟੀ ਖੰਡ ਦੇ, ਚਿੱਟੀ ਖੰਡ ਦੇ ਮਲੀਦੇ ਤਿਆਗੇ, ਛੱਕਦਾ ਮਸ਼ੀਨੋਂ ਫੱਕੀਆਂ।
ਝੱਟ ਚੰਨਣ, ਝੱਟ ਚੰਨਣ ਮਹਿਲ ਨੂੰ ਢਾਹ ਕੇ, ਛੱਤਦਾ ਪੁਰਾਣੀ ਕੋਠੜੀ।
ਪਰ੍ਹੇ ਰੱਖਤੇ, ਪਰ੍ਹੇ ਰੱਖਤੇ ਅੰਗੂਰ ਪਸ਼ੌਰੀ, ਖਾਈ ਜਾਂਦਾ ਮੂੰਗਫਲ਼ੀ
ਅੰਬ ਬਾਗ਼ ਦੇ, ਅੰਬ ਬਾਗ਼ ਦੇ ਝਖੇੜਾ ਡਿੱਗੇ, ਗੜਿਆਂ ਤੋਂ ਬਚੌਂਦਾ ਕਾਕੜੇ।
ਲਾਹਿਆ ਤਿੱਲੇ ਦਾ, ਲਾਹਿਆ ਤਿੱਲੇ ਦਾ ਮੜ੍ਹਿਆ ਪਿਆ ਖ਼ੋਸਾ,
ਪਹਿਣਲੀ ਪੁਰਾਣੀ ਚੱਪਲੀ।
ਹੱਥੋਂ ਲਾਹਤੀਆਂ, ਹੱਥੋਂ ਲਾਹਤੀਆਂ ਸੁਨਹਿਰੀ ਘੜੀਆਂ, ਟੈਮ ਵੇਖੇ ਟੈਮਪੀਸ ਤੋਂ
ਕੱਢ ਪਿੰਜਰਿਉਂ, ਕੱਢ ਪਿੰਜਰਿਉਂ ਉਡਾਤੀ ਤੋਤੀ, ਕਾਗ ਨੂੰ ਸਖੌਂਦਾ ਬੋਲੀਆਂ।
ਘਰ ਪੱਟਦੇ, ਘਰ ਪੱਟਦੇ ਲੱਛੇ ਤੋਂ ਸੋਹਣਾ ਜੁੰਡਲ ਤਕਾਲੀ ਗੱਗੜੀ,
'ਬਾਬੂ' ਕਮਲ਼ਾ ਕਹਾਂ ਕਿ ਸਿਆਣਾ, ਫਿਰਦਾ ਭੁਕੌਂਦਾ ਕੁੱਤੀਆਂ,
ਝੋਰੇ ਕਰਦੀ, ਝੋਰੇ ਕਰਦੀ ਪਈਆਂ ਤਕਦੀਰਾਂ ਸੁਤੀਆਂ, ਝੋਰੇ ਕਰਦੀ।

॥ ਦੋਹਿਰਾ ॥

ਕਹੇ ਸ਼ੁਕੀਨਣ ਗੁਜਰੀਏ, ਫਿਰੂ ਭਾਲ਼ ਦਾ ਦਾਸ।
ਪੈਂਦੇ ਮਹੱਲਾ ਆਪਣਾ, ਕਿਸ ਬਿਲਡਿੰਗ ਦੇ ਪਾਸ ?

ਚੁਫਿਰਨੀ ਛੰਦ—24

ਭੁੱਲ ਗਿਆ ਮਹੱਲਾ ਵਿੱਚ ਪੈ ਗਿਆ ਸੋਚਾਂ ਦੇ, ਰਹੇ ਜਿੱਥੇ ਊਠ ਬੁੱਚੜ ਬਲੋਚਾਂ ਦੇ।
ਸ਼ਹਿਰ 'ਚ ਰਹੇ ਕਿ ਉੱਪਰ੍ਹ ਸੜਕ ਦੇ, ਜਿੱਥੇ ਸੁਥਰਿਆਂ ਦੇ ਘੋਟਣੇ ਖੜਦੇ।
ਗੁੰਦਿਆਂ ਸਰੀਰ ਸੱਚੇ ਵਿੱਚ ਢਾਲ਼ੀਏ, ਕਿੱਥੋਂ ਭਾਲਾਂ ਪੈਂਦ ਕੇ ਮਹੱਲੇ ਵਾਲ਼ੀਏ ?

ਭੱਠ ਵੱਲ ਢੱਠੀ ਜ੍ਹੀ ਸਰਾਂ ਦੇ ਹੇਠ ਦੀ। ਗੂੰਜਦੀ ਹਵੇਲੀ ਜੀ ਢਿੱਡਲ ਸੇਠ ਦੀ।
ਦੂਰ ਪਹੁੰਚਿਆ ਜਾਣਾ ਨੀ, ਲਗਾ ਲਉਂ ਨੇੜੇ ਦੇ। ਦੱਸ ਖ਼ਾਂ ਜ਼ਨਾਨੇ 'ਜ੍ਹੇ ਸਕੂਲੋਂ ਕਿਹੜੇ ਦੇ।
ਖੀਰ ਖੰਡ ਕੱਚੀ ਮੱਖਣੀ ਦੀ ਪਾਲ਼ੀਏ। ਕਿਥੋਂ ਭਾਲਾਂ ਪੈਂਦ ਕੇ ਮਹੱਲੇ ਵਾਲ਼ੀਏ।

ਡੂੰਘੀ ਨਦੀ ਲੰਘ ਕੇ ਪਰ੍ਹੇ ਜੇ ਔਹ ਖੜੇ। ਕੁੱਤਿਆਂ ਮਲਾਹਾਂ ਦੇ ਦਰਿਆ ਤੇ ਝੌਂਪੜੇ।
ਜਿਹੜੀ ਥਾਂ ਵਕੀਲ ਦੀ ਹਵੇਲੀ ਉੱਸਰੇ। ਜਿੱਥੇ ਛਾਲਾਂ ਮਾਰਦੇ ਡੱਡੂ 'ਜ੍ਹੇ ਖੁਸਰੇ।
ਮਹਿਕ ਲਾ ਸਫ਼ੈਦ ਚੰਬੇ ਦੀਏ ਡਾਲੀਏ। ਕਿੱਥੋਂ ਭਾਲਾਂ ਪੈਂਦ ਕੇ ਮਹੱਲੇ ਵਾਲ਼ੀਏ।

ਡਾਕਖਾਨੇ ਕੋਲ ਕਿ ਤਸੀਲ ਦੇ ਪਿੱਛੇ। ਅਰਜ਼ੀ-ਨਵੀਸ਼ਾਂ ਦੇ ਤੱਪੜ ਜੇ ਵਿਛੇ।
ਲਾਲਟੈਣਾਂ ਤੌਲੀਏ ਰੁਮਾਲ ਹੱਟਾਂ ਦੇ। ਠਾਣੇ ਜਿੱਥੇ ਸੇਕੀਦੇ ਜਬਾੜੇ ਜੱਟਾਂ ਦੇ।
ਹਿੱਕ 'ਚ ਦੁੱਗਾੜਾ ਮਾਰਗੀ ਦੁਨਾਲ਼ੀ ਏ। ਕਿਥੋਂ ਭਾਲਾਂ ਪੈਂਦ ਕੇ ਮਹੱਲੇ ਵਾਲ਼ੀਏ।

ਭਾਰੀ ਛਾਉਨੀ ਕਰਦੇ ਪਰੇਟਾਂ ਛੌਕਰੇ। ਗੱਧਾ ਹੀਂਗੇ ਚੰਗੜ ਬਣੌਂਦੇ ਟੋਕਰੇ।
ਜਿੱਥੋਂ ਜ੍ਹੇ ਅਦਾਲਤੀ ਨਬੇੜੇ ਝੱਗੜੇ। ਕੁੱਜੇ ਟੰਗੇ ਜੋਕਾਂ ਦੇ ਅੜੌਂਦੇ ਗਗੜੇ।
ਭੰਮਕਿਆਂ ਕੱਖ ਦਿਆਂ ਸੁਨਹਿਰੀ ਥਾਲੀਏ। ਕਿੱਥੋਂ ਭਾਲਾਂ ਪੈਂਦ ਕੇ ਮਹੱਲੇ ਵਾਲ਼ੀਏ ?

ਅੱਤਰ ਤੇ ਲਿਪਸਟਿਕ ਪਾਸ-ਪਾਸ ਪਏ। ਪਾਲਸ਼ ਨਖ਼ਾਂ ਤੇ ਲੁਕਿੰਗ ਗਲਾਸ ਪਏ।
ਸਿਵਿਆਂ ਕੋਲ਼ੇ ਚੂਹੜਿਆਂ ਦਾ ਗਵਾਚ ਲੰਘ ਕੇ, ਜਿੱਥੇ ਚੋਲ਼ੇ ਰੱਖੇ 'ਵੇ ਫਕੀਰਾਂ ਟੰਗ ਕੇ।
ਮੇਨਕਾਂ ਸਹੰਸਰ ਬਾਹੂ ਦੀਏ ਸਾਲ਼ੀਏ। ਕਿਥੋਂ ਭਾਲਾਂ ਪੈਂਦ ਕੇ ਮਹੱਲੇ ਵਾਲ਼ੀਏ ?

ਅੱਡਾ ਓਹੋ ਜਿਹੜੇ ਥਾਂ ਵਿਕਣ ਗੰਨੇ ਨੀ। ਖੇਡ ਵਾਲ਼ੇ ਰਿੱਛ ਤੇ ਬਾਂਦਰ ਬੰਨੇ ਨੀ।
ਹਸਪਤਾਲ ਤੋਂ ਲੈਫ਼ਟ-ਰਾਈਟ ਐ। 'ਬਾਬੂ' ਜਿੱਥੇ ਬਾਲਕ ਉਡੌਂਦੇ ਕਾਈਟ ਐ।
ਸੋਹਣੀ ਨਾਲ਼ੋਂ ਸੋਹਣੀਏ ਸ਼ੁਕੀਨ ਬਾਹਲੀਏ। ਕਿਥੋਂ ਭਾਲਾਂ ਪੈਂਦ ਕੇ ਮਹੱਲੇ ਵਾਲ਼ੀਏ।

ਬੈਂਤ—25

ਆਸੀ ਕਹੇ ਚੁਬਾਰਿਉਂ ਉੱਤਰ ਜਾ ਤੂੰ,
ਵੱਸ ਆਪਣੇ ਆਪਦੀ ਪੱਤ ਹੋਵੇ।

ਪਾਲੇ ਜ਼ਿਓਰ ਪੁਸ਼ਾਕ ਪੱਟਰਾਨੀਆਂ ਦੇ,
ਕਿੱਥੋਂ ਮਾਰਲੀ ਗੁੱਜਰੀਏ ਬੱਤ ਹੋਵੇ ?

ਗੁੱਜਰੀ ਰਮਜ਼ ਚਲੌਣ ਦਾ ਸੁਆਦ ਲੈ ਨੀ,
ਜਿਸਮ ਵਿਚ ਜਰ੍ਹਲਾਂਵਦੀ ਰੱਤ ਹੋਵੇ।

ਛਿੱਤਰ ਪੈਣ ਦਿਮਾਗ਼ ਦਰੁੱਸ ਰਹਿੰਦਾ,
ਚੱਕੀ ਵਾਂਗ ਨਮਰੂਦ ਦੇ ਅੱਤ ਹੋਵੇ।
ਦਿਨ-ਰਾਤ ਨਾਹੀਂ ਅੰਦਰ ਬਾਹਰ ਨਾਹੀਂ,
ਬਦੀ ਵਾਂਗ ਹਰਨਾਕਸ਼ ਦੇ ਗੱਤ ਹੋਵੇ।

ਹਾਥੀ ਚਾੜ੍ਹ ਲਿਆਂਦੇ ਕਾਅਬਾ ਢਾਵ੍ਹਣੇ ਨੂੰ,
ਅਬਰੇ ਵਾਂਗ ਨਾ ਵਿਗੜਿਆ ਤੱਤ ਹੋਵੇ।
ਸਿਸਟਰ ਰੌਣ ਦੀ ਛੇੜਦੀ ਲੱਖਣ ਨੂੰ ਜੀ,
ਕੈਮ ਕਿਸ ਤਰ੍ਹਾਂ ਓਸਦਾ ਸੱਤ ਹੋਵੇ।

ਕੌਣ ਜ਼ਹਿਰ ਮਿਲਾਂਵਦਾ ਸ਼ੈਹਤ ਮੋਂ ਜੀ,
ਕਿਵੇਂ ਸੰਖੀਆਂ ਖੀਰ ਵਿੱਚ ਘੱਤ ਹੋਵੇ।

ਰਹੇ ਪਿਸ਼ਾਬ ਨਾਲ਼ ਲਿੱਬੜਿਆ ਜੀ,
ਕਿਵੇਂ ਓਸ ਇਨਸਾਨ ਵਿੱਚ ਮੱਤ ਹੋਵੇ।

ਰੌਣੀ ਕਰੀ 'ਵੀ ਛੋਡਤਾ ਔਂਟ ਲੈਅ ਨੂੰ,
ਮਾਘ ਮਾਂਹ ਖ਼ਰਾਬ ਨਾ ਵੱਤ ਹੋਵੇ।

ਫਿੱਕੀ ਦਵਾਤ ਤੇ ਕਲਮ ਸਕੱਸ਼ਤ ਹੋ ਗਈ,
ਜਦੋਂ ਲਿਖਿਆ ਵਾ ਲਫ਼ਜ਼ ਖ਼ੁਸ਼ਖੱਤ ਹੋਵੇ।

ਵੇਖੀਂ ਗਲਤ ਕਰਾਂਦੀ ਨਾ ਹਿੰਦਸਿਆਂ ਨੂੰ,
ਹੱਥ ਹਿੱਲਕੇ ਇਕ ਤੋਂ ਸੱਤ ਹੋਵੇ।

ਸੱਚਾ ਸੱਚ ਨੂੰ ਬਹੁਤ ਪਸੰਦ ਕਰਦਾ,
ਬੁਰੀ ਝੂਠ ਅਪਰਾਧ ਦੀ ਧੱਤ ਹੋਵੇ।

'ਰੱਜਬਲੀ ਖ਼ਾਂ' ਹਿੰਦ ਅਜ਼ਾਦ ਹੋਇਆ,
ਫ਼ਾਂਸੀ ਚੜ੍ਹੇ 'ਵੇ ਭਗਤ ਸਿੰਘ ਦੱਤ ਹੋਵੇ।

॥ ਦੋਹਿਰਾ ॥

ਖੇਲ ਕ੍ਰਿਕਟ ਮੁਟਿਆਰ ਨੇ, ਕਰੀ ਠਠਿਆਰੀ ਔਂਟ।
ਗੁਜਰੀ ਉਤਰ ਚੁਬਾਰਿਓਂ, ਗਈ ਭਵਨ ਨੂੰ ਲੌਂਟ।

ਤਰਜ਼ ਸਤਾਰਾਂ ਅੱਖਰਾਂ ਛੰਦ—26

ਦੇ ਜਾਦੂ ਦੀਆਂ ਪੁੜੀਆਂ, ਜਾਲ ਵਿਛਾਗੀ ਮਕਰਾਂ ਦੇ।
ਹੋਸ਼-ਹਵਾਸ ਭੁਲਾਗੀ ਤੇ, ਵਿਚ ਪਾਗੀ ਫ਼ਿਕਰਾਂ ਦੇ।

ਮੁੜ-ਮੁੜ ਮਿੱਠੀਆਂ ਮਾਰੇ, ਗੁੱਜਰੀ ਬੜੀ ਬਤਾਲਨ ਜੀ।
ਸੀਖ਼ ਲਗਾਕੇ ਸਰ ਨੂੰ, ਘਰ ਨੂੰ ਮੁੜੀ ਗਵਾਲਣ ਜੀ।
ਹਿਰਨ ਵਾਂਗ ਕਸਤੂਰੀ, ਜਾ ਵਿਚ ਪੈਗੀ ਨਾਭੀ ਦੇ।
ਚੜ੍ਹੇ ਪ੍ਰੇਮ ਪਿਆਲੇ, ਝੁੱਲੇ ਵਾਂਗ ਸ਼ਰਾਬੀ ਦੇ।
ਘਿਓ ਦੇ ਵਾਂਗੂੰ ਪੰਘਰਨ, ਮੋਮਾਂ ਵਾਂਗੂੰ ਢਾਲਣ ਜੀ।
ਸੀਖ਼ ਲਗਾਕੇ ਸਰ ਨੂੰ, ਘਰ ਨੂੰ ਮੁੜੀ ਗਵਾਲਣ ਜੀ।

ਯਕ ਦਮ ਦਰਦ ਵਿਛੋੜੇ, ਆ ਕੇ ਕਰਤਾ ਹਮਲਾ ਹੈ।
ਗੁੱਜਰੀ ਗੁੱਜਰੀ ਕਰਦਾ, ਹੋਇਆ ਫਿਰਦਾ ਕਮਲਾ ਹੈ।
ਜਗਣ ਬਿਰਹੋਂ ਦੀਆਂ ਲਾਟਾਂ, ਫੂਕ ਬਣਾਤਾ ਬਾਲਣ ਜੀ।
ਸੀਖ਼ ਲਗਾਕੇ ਸਰ ਨੂੰ, ਘਰ ਨੂੰ ਮੁੜੀ ਗਵਾਲਣ ਜੀ।

ਬਹਿ ਖੜਕਾਈ ਜਾਂਦਾ, ਮੁੜ-ਮੁੜ ਦਿਲ ਦੀਆਂ ਤਾਰਾਂ ਨੂੰ।
ਕੀ ਜਸਵੰਤ ਵਿਚਾਰਾ, ਓਹ ਭਰਮੌਣ ਔਤਾਰਾਂ ਨੂੰ।
ਮੋਹ ਲਿਆ ਕ੍ਰਿਸ਼ਨ ਮੁਰਾਰੀ, ਦੇ ਫੁੱਲ ਕੁੱਬਜਾਂ ਮਾਲਣ ਜੀ।
ਸੀਖ਼ ਲਗਾਕੇ ਸਰ ਨੂੰ, ਘਰ ਨੂੰ ਮੁੜੀ ਗਵਾਲਣ ਜੀ।

ਲਾ ਗਈ ਪਰੀ ਉਡਾਰੀ, ਇਕ ਗੱਲ ਕਰਗੀ ਵਾਅਦੇ ਦੀ।
ਹਾਲਤ ਵੇਖਣ ਵਾਲ਼ੀ, ਸ਼ਾਹ ਬਹਿਰਾਮ ਸ਼ਹਿਜ਼ਾਦੇ ਦੀ।
ਲਛਮਣ ਵਾਂਗ ਬੇਹੋਸ਼ੀ, ਘਰ ਨਾ ਸੁਰਤ ਸੰਭਾਲਣ ਜੀ।
ਸੀਖ਼ ਲਗਾਕੇ ਸਰ ਨੂੰ, ਘਰ ਨੂੰ ਮੁੜੀ ਗਵਾਲਣ ਜੀ।

ਚਾਰ-ਚੁਫੇਰਾ ਵਲ਼ ਲਿਆ, ਆ ਕਰ ਗ਼ਮ ਦੀਆਂ ਧਾੜਾਂ ਨੇ।
ਸਾਰਾ ਵੱਢ-ਵੱਖ ਖਾ ਲਿਆ, ਮਾਸ ਫ਼ਿਰਾਕ ਬਘਿਆੜਾਂ ਨੇ।
ਅੱਜ ਦਿਨ ਮੁਸ਼ਕਲ ਲੰਘਾ ਨਾ, ਕੱਲ੍ਹ ਨੂੰ ਚੜ੍ਹਜੂ ਭਾਲਣ ਜੀ।
ਸੀਖ਼ ਲਗਾਕੇ ਸਰ ਨੂੰ, ਘਰ ਨੂੰ ਮੁੜੀ ਗਵਾਲਣ ਜੀ।

ਮਿਲ ਜਗਮੇਲ ਪਿਆਰਿਆ, ਅੱਖੀਆਂ ਰੋ-ਰੋ ਹਾਰਦੀਆਂ।
ਲਹਿ ਗਈ ਦਿਲੋਂ ਠਠਿਆਰੀ, ਨਵੀਆਂ ਤਾਂਘਾਂ ਯਾਰ ਦੀਆਂ।
ਪੈਂਦ ਮਹੱਲੇ ਜਾਣਾ, ਸਰਵੈਂਟ ਘਲਾ ਤੇ ਭਾਲਣ ਜੀ।
ਸੀਖ਼ ਲਗਾਕੇ ਸਰ ਨੂੰ, ਘਰ ਨੂੰ ਮੁੜੀ ਗਵਾਲਣ ਜੀ।

॥ ਦੋਹਿਰਾ ॥

ਤਾਰੇ ਗਿਣ-ਗਿਣ ਕੌਰ ਨੇ, ਮਸਾਂ ਗੁਜ਼ਾਰੀ ਰਾਤ।
ਪੈਂਦ ਮਹੱਲਾ ਭਾਲ ਦੇ, ਜਦ ਹੋਈ ਪਰਭਾਤ।

ਤਰਜ਼-ਦੁਤਾਰਾ—27

ਮਸਾਂ ਰਾਤ ਗੁਜ਼ਾਰੀ ਸੀ, ਰਾਜਾ ਜਵਾਂ ਮਰਦ ਦਰਦ ਨਾਲ਼ ਬੋਲੇ।
ਪਰ ਸੂਰਜ ਚੜ੍ਹਦੇ ਨੂੰ, ਓਸ ਚਹੁ ਤਰਫ਼ ਭਜਾਤੇ ਗੋਲੇ।
ਲੱਗੀ ਇਸ਼ਕ ਬਿਮਾਰੀ ਜੀ, ਜਿਨ੍ਹਾਂ ਨੂੰ ਚੈਬੜੀ ਕਦੇ ਨਾ ਲਹਿੰਦੀ।
ਪਤਾ ਪੈਂਦ ਮਹੱਲੇ ਦਾ ਕਰੋ, ਸੋਹਣੀ ਗੁਜਰੀ ਓਸ ਵਿਚ ਰਹਿੰਦੀ।

ਦੇਵੇ ਮੇਲ ਮਹਿਬੂਬਾਂ ਨੂੰ, ਜਿਨ੍ਹਾਂ ਨੇ ਸਾਫ਼ ਦਿਲਾਂ ਨਾਲ਼ ਕੀਤੀ।
ਨਸ਼ੇ ਚੜ੍ਹੇ ਉਤਰਦੇ ਨਾ, ਖ਼ੁਸ਼ੀ ਲਾਲ਼ ਪਿਆਰ ਪਿਆਲੀ ਪੀਤੀ।
ਤੇ ਵਾਂਗ ਜ਼ੁਲੈਖਾਂ ਦੇ, ਨਰਮ ਜਿੰਦ ਸਖ਼ਤ ਠੋਕ੍ਹਰਾਂ ਸਹਿੰਦੀ।
ਪਤਾ ਪੈਂਦ ਮਹੱਲੇ ਦਾ ਕਰੋ, ਸੋਹਣੀ ਗੁਜਰੀ ਓਸ ਵਿਚ ਰਹਿੰਦੀ।

ਅਸਵਾਰ ਪੈਦਲਾਂ ਨੂੰ, ਆਰਡਰ ਘਲਤਾ ਕੌਂਸਲਾਂ ਕਰਲੋ।
ਦਿੰਦੇ ਫਿਰਨ ਹੇਲ਼ੀਆਂ ਜੀ, ਜਾਣੀਦੀ ਆਗੀ ਸ਼ਹਿਰ ਵਿਚ ਪਰਲੋ।
ਦੋਹਾਂ ਨਵੀਆਂ ਮਸ਼ੀਨਾਂ ਦੇ, ਪੇਚ 'ਜ੍ਹੇ ਕਸਤੇ ਪੀਠ ਤੱਕ ਬਹਿੰਦੀ।
ਪਤਾ ਪੈਂਦ ਮਹੱਲੇ ਦਾ ਕਰੋ, ਸੋਹਣੀ ਗੁਜਰੀ ਓਸ ਵਿਚ ਰਹਿੰਦੀ।

ਭਰਿਆ ਜੋਸ਼ ਜੁਆਨੀ ਦਾ, ਮਾਰਦਾ ਦਰਿਆ ਚੜ੍ਹਿਆ 'ਵਾ ਲਹਿਰਾਂ।
ਹੋਣ ਮੇਲ ਮਸ਼ੂਕਾਂ ਦੇ, ਕਰੇ ਰੱਬ ਖ਼ੈਰ ਕਰੇ ਰੱਬ ਖ਼ੈਰਾਂ।
ਕਰੇ ਭੇਟ ਕੀਚਕਾ ਜੀ, ਜਾਣਾ ਪਾਣੀ ਭਰਣ ਸੁਰੰਧਰੀ ਰਹਿੰਦੀ।
ਪਤਾ ਪੈਂਦ ਮਹੱਲੇ ਦਾ ਕਰੋ, ਸੋਹਣੀ ਗੁਜਰੀ ਓਸ ਵਿਚ ਰਹਿੰਦੀ।

ਰੰਗ ਵਾਂਗ ਪਠਾਣੀ ਦੇ, ਹੋਂਠ 'ਜ੍ਹੇ ਸੁਰਖ਼ ਫੁੱਲਾਂ ਦੀਆਂ ਪੱਤੀਆਂ।
ਚਿੱਟੇ ਦੰਦ, ਹਿੱਕ ਉਭਰਵੀਂ, ਬਾਹਾਂ ਵਲੀਆਂ ਮਖ਼ਮਲੀ ਰੱਤੀਆਂ।
ਨੈਣ ਵਾਂਞ ਕਟੋਰਿਆਂ ਦੇ, ਲੱਗੀ 'ਵੀ ਗੋਰਿਆਂ ਹੱਥਾਂ ਨੂੰ ਮਹਿੰਦੀ।
ਪਤਾ ਪੈਂਦ ਮਹੱਲੇ ਦਾ ਕਰੋ, ਸੋਹਣੀ ਗੁਜਰੀ ਓਸ ਵਿਚ ਰਹਿੰਦੀ।

ਅਜੇ ਫਿਰਨ ਵਿਛੜੀਆਂ ਜੀ, ਮਿਲਣ ਨੂੰ ਕਰਦਾ ਲੱਗੇ ਰੰਗ ਰਚਨਾ।
ਭਾਲ਼ੇ ਪਰੀ ਸ਼ਹਿਰ 'ਚੋਂ ਜੀ, ਨਹੀਂ ਬਰਿਆਮ ਸਜ਼ਾ ਦਾ ਬਚਨਾ।
ਜਾਂਦੀ ਮਾਰ ਉਡਾਰੀ ਜੀ, ਬਾਗ਼ ਵਿਚ ਰਹਿੰਦੀ ਨਜ਼ਰ ਨਾ ਪੈਂਦੀ।
ਪਤਾ ਪੈਂਦ ਮਹੱਲੇ ਦਾ ਕਰੋ, ਸੋਹਣੀ ਗੁਜਰੀ ਓਸ ਵਿਚ ਰਹਿੰਦੀ।

ਮੇਰਾ ਦਿਉ ਸੁਨੇਹਾ ਜੀ, ਗੱਲਾਂ ਕਰੇ ਮਿੱਠੀਆਂ ਕਦੇ ਨਾ ਕੌੜੇ।
ਉਠ ਲਾਲ ਪੰਘੂੜੇ 'ਚੋਂ ਸੱਸੀ ਪਿੱਛੇ ਯਾਰ ਪੁੰਨੂੰ ਦੇ ਦੌੜੇ।

ਕੱਲ੍ਹ ਓਸ ਚੁਬਾਰੇ ਤੇ 'ਬਾਬੂ' ਮੁੜ ਮੁੜ ਕੇ ਚਰਨ ਤੇ ਢਹਿੰਦੀ।
ਪਤਾ ਪੈਂਦ ਮਹੱਲੇ ਦਾ ਕਰੋ, ਸੋਹਣੀ ਗੁਜਰੀ ਓਸ ਵਿਚ ਰਹਿੰਦੀ।

॥ ਦੋਹਿਰਾ ॥

ਕਰ ਮਰਦਾਵਾਂ ਭੇਸ ਜੀ, ਖੇਡਣ ਗਈ ਸ਼ਿਕਾਰ।
ਛਾਪ ਵਟਾ ਲਈ ਛਾਪ ਸੇ, ਕੰਵਰ ਬਣਾ ਲਿਆ ਯਾਰ।

ਪੈਂਦ ਮਹੱਲੇ ਮੈਂ ਰਹਾਂ, ਨਾਮ ਬਚਿੱਤਰ ਸਿੰਘ।
ਗੁਜਰੀ ਨਾਲ਼ ਮਿਲਾ ਦਿਆਂ, ਸੋਹਲ ਸ਼ੁਕੀਨਣ ਛਿੰਗ।

ਤਰਜ਼—28

ਸੋਹਣਾ ਰੂਪ ਪਦਮਣੀ ਰਾਣੀ,
ਲੱਗੀ ਨੈਣ ਮੰਗਾ ਕੇ ਪਾਣੀ,
ਅੱਜ ਰੁਸਿਆ ਮਨਾ ਲਊਂ ਹਾਣੀ,
ਲੈਂਦੀ ਪਾ ਮਰਦਾਵੇਂ ਬਸਤਰ ਜੀ।
ਲੈਂਦਾ ਪਕੜ ਸ਼ਿਕਾਰੀ ਸ਼ਸ਼ਤਰ ਜੀ।
ਦੂਰੋਂ ਨਜ਼ਰਾਂ ਲੱਗ ਲੱਗ ਜਾਵਣ,
ਘਟ ਚੜੀ ਮਹੀਨੇ ਸਾਵਣ
ਫੜ ਪੈੜੇ ਪੈਰ ਟਿਕਾਵਣ।
ਝੱਟ ਕੌਤਲ ਮਾਰ ਉਡਾਰੀ ਦੇ।
ਹੱਥ ਤੀਰ ਕਮਾਨ ਸ਼ਿਕਾਰੀ ਦੇ।

ਸੋਹਣਾ ਕੌਤਲ ਕਰਦਾ ਦੌੜਾਂ,
ਸ਼ਹਿਰੋਂ ਲੰਘਕੇ ਪੱਕੀਆਂ ਰੌੜਾਂ,
ਭੱਜ ਧਰਤ ਹਿੱਲਾਤੀ ਪੌੜਾਂ,
ਸੋਹਣੀ ਮੋਰਾਂ ਵਰਗੀ ਗਰਦਣ ਜੀ।
ਅੱਜ ਦਰਦ ਵੰਡਾ ਲਉ ਦਰਦਣ ਜੀ।
ਉਤੇ ਖ਼ੁਮਰੇ ਵਾਂਗੂ ਗੁੜ੍ਹਕੇ,
ਗੋਰੇ ਮੁੱਖ ਪਰ ਆ ਗਏ ਮੁੜ੍ਹਕੇ,
ਰੰਗ ਲਾਹ ਲਿਆ ਜ਼ੁਲਫ਼ਾਂ ਉੱਡਕੇ,
ਜਿਵੇਂ ਮੁੱਖ ਪਰ ਕ੍ਰਿਸ਼ਨ ਮੁਰਾਰੀ ਦੇ।
ਹੱਥ ਤੀਰ ਕਮਾਨ ਸ਼ਿਕਾਰੀ ਦੇ।

ਦੋਨੋਂ ਤਰਫ਼ ਚੜ੍ਹਗੀਆਂ ਗਹਿਰਾਂ,
ਸਰ-ਸਬਜ਼ ਬਣਾਈਆਂ ਲਹਿਰਾਂ,
ਕਰੇ ਰਾਜੇ ਦਾ ਪੁੱਤ ਸੈਰਾਂ,
ਕਰੀ ਸਿੰਘ ਜਸਵੰਤ ਚੜ੍ਹਾਈ ਜੀ,
ਬੜੀ ਤੇਜ਼ ਸਵਾਰੀ ਆਈ ਜੀ।
ਅੱਗੇ ਫਿਰਨ ਹਰਨੀਆਂ ਹੀਰੇ,
ਖਾ ਕੁੰਮਲਾ ਮੁਛਦੇ ਨੀਰੇ,
ਸਿਰ ਦੋ ਮੁੰਡਿਆਂ ਦੇ ਚੀਰੇ,
ਖੜ੍ਹੇ ਲੌਣ ਨਿਸ਼ਾਨੇ ਵਾਰੀ ਦੇ।
ਹੱਥ ਤੀਰ ਕਮਾਨ ਸ਼ਿਕਾਰੀ ਦੇ।

ਦੋਵੇਂ ਨਾਚ ਵਿਖਾਵਣ ਘੋੜੇ,
ਖੜ੍ਹਾ ਮੁੱਛ ਜਸਵੰਤ ਮਰੋੜੇ,
ਨਾਲ਼ੇ ਤੀਰ ਕਮਾਨੋਂ ਤੋੜੇ,
ਲੱਗਿਆ ਨਹੀਂ ਨਿਸ਼ਾਨਾ ਮਿੱਸ ਗਿਆ ਸੀ।
ਹੀਰਾ ਹਰਨ ਦੌੜਦਾ ਦਿੱਸ ਗਿਆ ਸੀ।
ਪਹਿਲਾ, ਦੂਜਾ, ਥਰੜ, ਚੁਹਾਰਮ,
ਤੇਰਾ ਹਿੱਲ ਗਿਆ ਜੁਆਨਾਂ ਆਰਮ,
ਪਾੜਾ ਟੱਪ ਗਿਆ ਅਗਲੀ ਫ਼ਾਰਮ,
ਤੈਥੋਂ ਨਹੀਂ ਨਿਸ਼ਾਨੇ ਮਾਰੀਦੇ।
ਹੱਥ ਤੀਰ ਕਮਾਨ ਸ਼ਿਕਾਰੀ ਦੇ।

ਐਵੇਂ ਫਿਰਦਾ ਫੇਰੇ ਪੌਂਦਾ,
ਕੋਈ ਵਿਰਲਾ ਹਰਨ ਨੂੰ ਢੌਂਦਾ,
ਕੋਈ ਜਤੀ ਨਿਸ਼ਾਨਾ ਲੌਂਦਾ,
ਤੇਰਾ ਹਿੱਲ ਗਿਆ ਹੱਥ ਕਮਜ਼ੋਰਾ ਜਿਆ।
ਤੇਰੇ ਦਿਲ ਵਿਚ ਸੰਸਾ ਝੋਰਾ ਜਿਆ।
ਕੱਚਾ ਹੋ ਗਿਆ ਪਾ ਗਿਆ ਨੀਵੀਂ,
ਅੱਖ ਨਾਲ਼ ਸ਼ਰਮ ਦੇ ਨੀਵੀਂ
ਘਰ ਪਰੀਆਂ ਵਰਗੀ ਤੀਵੀਂ।
ਤੂੰ ਮਗਰ ਫਿਰੇਂ ਠਠਿਆਰੀ ਦੇ।
ਹੱਥ ਤੀਰ ਕਮਾਨ ਸ਼ਿਕਾਰੀ ਦੇ।

‘ਬਾਬੂ’ ਨਵੇਂ ਸ਼ਿਕਾਰੀ ਖਿਚਲੀ,
ਬੰਨੇ ਸ਼ਿਸਤ ਚੱਸ਼ਮ ਨਾ ਮਿਚਲੀ,
ਫੜ ਵਿੰਨਤੀ ਮੱਛਲੀ ਵਿਚਲੀ,
ਜਸਵੰਤ ਖਲੋਤਾ ਨੀਅਰ ਸੀ।
ਅਰੜਾ ਕੇ ਗਿਰ ਗਿਆ ਡੀਅਰ ਸੀ।
ਹੋਗੀ ਉਂਗਲੀ ਜ਼ਖ਼ਮੀ ਕਹਿੰਦੇ,
ਪੱਗ ਪਾੜ ਪੁਆੜੇ ਪੈਂਦੇ,
ਨਾ ਪੈਂਦ ਮੁਹੱਲੇ ਰਹਿੰਦੇ,
ਤੂੰ ਦੱਸ ਘਰ ਗੁੱਜਰੀ ਪਿਆਰੀ ਦੇ।
ਹੱਥ ਤੀਰ ਕਮਾਨ ਸ਼ਿਕਾਰੀ ਦੇ।

॥ਦੋਹਿਰਾ॥

ਪੱਟਰਾਣੀ ਨੇ ਰਾਤ ਨੂੰ, ਜਦੋਂ ਸੁਣਾਇਆ ਹਾਲ।
ਹੱਥ ਦੀ ਤਾਲੀ ਮਾਰ ਕੇ, ਹੱਸਦਾ ਫਿਰੇ ਭੁਪਾਲ।

ਮੁਕੰਦ ਛੰਦ—29

ਜਦੋਂ ਸੇਜ ਰੰਗਲੀ ਜਹਾਨਾਂ ਵਿਛਲੀ,
ਰਾਣੀ ਕਥਾ ਲੱਗਗੀ ਸੁਨੌਣ ਪਿਛਲੀ।
ਜਦੋਂ ਕੌਰ ਰਾਣੀ ਨੂੰ ਥਿਆ ਗਿਆ ’ਕੱਲਾ ਹੈ,
ਪਤੀ ਤੇਰੀ ਪੈਂਦ, ਪੈਂਦਾ ਕਾ ਮਹੱਲਾ ਹੈ।

ਕਰੇ ਜੋ ਹੁਕਮ ਨਾ ਹਮਾਰਾ ਉਜਰੀ,
ਤਕਦੀਰ ਰਾਣੀ ਤੋਂ ਬਣਾਤੀ ਗੁੱਜਰੀ।
ਆਸੀ ਦੇ ਮਕਰ ਅੱਗੇ ਪਾਤਾ ਠੱਲ੍ਹਾ ਹੈ,
ਪਤੀ ਤੇਰੀ ਪੈਂਦ, ਪੈਂਦਾ ਕਾ ਮਹੱਲਾ ਹੈ।

ਦੁੱਖ ਦੂਰ ਕਰੇ ਤਕਲੀਫ਼ਾਂ ਕੱਟੀਆਂ,
ਅੱਖਾਂ ਉਤੇ ਫਿਰਦਾ ਬੰਨਾਈ ਪੱਟੀਆਂ।
ਪਾਪਣ ਠਠਿਆਰੀ ਦਾ ਛਡਾਤਾ ਪੱਲਾ ਹੈ,
ਪਤੀ ਤੇਰੀ ਪੈਂਦ, ਪੈਂਦਾ ਕਾ ਮਹੱਲਾ ਹੈ।

ਕਰਿਆ ਸ਼ਿਕਾਰੀ ਬਣਕੇ ਮਿਲਾਪ ਜੀ,
ਆਹ ਸੀ ਜੇ ਹਜ਼ੂਰ ਨੇ ਵਟਾਈ ਛਾਪ ਜੀ।

ਵੇਖ ਕੇ ਭੂਪਾਲ ਨੇ ਸਿਆਣਿਆਂ ਛੱਲਾ ਹੈ,
ਪਤੀ ਤੇਰੀ ਪੈਂਦ, ਪੈਂਦਾ ਕਾ ਮਹੱਲਾ ਹੈ।

ਲੱਗੇ ਮੇਰੇ ਹੱਥ ਤੇ ਜ਼ਖ਼ਮ ਤੇਗ਼ ਦੇ,
ਵੇਖੀ ਤੈਂ ਤਤੀਰੀਂ ਪੈਂਦੀ ਵਿਚ ਰੇਗ ਦੇ।
ਲੀਰ ਤੇਰੀ ਪੱਗ ਦੀ ਜ਼ਖ਼ਮ ਅੱਲਾ ਹੈ,
ਪਤੀ ਤੇਰੀ ਪੈਂਦ, ਪੈਂਦਾ ਕਾ ਮਹੱਲਾ ਹੈ।

ਜਦੋਂ ਰੋ ਕੇ ਹਾਲ ਪਟਰਾਣੀ ਦੱਸਿਆ,
ਖਿੜ-ਖਿੜ ਕਰਕੇ ਸ਼ਹਿਜ਼ਾਦਾ ਹੱਸਿਆ।
ਰਾਜੇ ਪਟਿਆਲੇ ਨੂੰ ਬਿਹਾ ਗਿਆ ਚਲਾ ਹੈ,
ਪਤੀ ਤੇਰੀ ਪੈਂਦ, ਪੈਂਦਾ ਕਾ ਮਹੱਲਾ ਹੈ।

ਲਵਾਂਗੇ ਬਹਾਰ ਜਦੋਂ ਤੱਕ ਜੀਵਾਂਗੇ,
ਭਰੇ ’ਵੇ ਪ੍ਰੇਮ ਦੇ ਪਿਆਲੇ ਪੀਵਾਂਗੇ
ਗਮੀ ਦੌੜੀ ਹੋ ਗਿਆ ਖੁਸ਼ੀ ਦਾ ਹੱਲਾ ਹੈ,
ਪਤੀ ਤੇਰੀ ਪੈਂਦ, ਪੈਂਦਾ ਕਾ ਮਹੱਲਾ ਹੈ।

ਮਾਘੀ ਸਿਉਂ ਪੂਰਨ ਸਿੰਘ ਸਰਕਾਰਾਂ ਦੇ,
ਪੈ ਗਏ ਨੇ ਵਿਛੋੜੇ ਰਾਮ ਸਿੰਘ ਯਾਰਾਂ ਦੇ।
‘ਰਜਬ ਅਲੀ’ ਕੰਮ ਹੋ ਗਿਆ ਕਲੱਲਾ ਹੈ,
ਪਤੀ ਤੇਰੀ ਪੈਂਦ, ਪੈਂਦਾ ਕਾ ਮਹੱਲਾ ਹੈ।

॥ ਦੋਹਿਰਾ॥

ਰਾਤ ਪਈ ਵਿਚ ਭਵਨ ਦੇ, ਵੱਜਦੇ ਪਏ ਘੜਿਆਲ।
ਤਾੜੀ ਮਾਰਨ ਰਾਣੀਆਂ, ਹੋ ਗਿਆ ਭੂਪ ਨਿਹਾਲ।

ਮੁਕੰਦ ਛੰਦ—30

ਰਾਤ ਪੈ ਗਈ ਮਹਿਲਾਂ ਤੇ ਘੜਿਆਲ ਵੱਜਦੇ,
ਇੱਕੀ ਤੋਪਾਂ ਦਾਗ਼ੀਆਂ ਘੁਕਾਟ ਬੱਝਦੇ।
ਜੰਗਲਾਂ ’ਚ ਸ਼ੇਰ ਡਰਨ ਬਘਿਆੜੀਆਂ,
ਰਾਜੇ ਦੀ ਆਟਰੀ ਤੇ ਵੱਜਣ ਤਾੜੀਆਂ।

ਗੋਲ਼ੇ ਛੱਡੇ ਚੱਲਦੇ ਅਨਾਰ ਜਾਸਤੇ,
ਚੰਦ ਵਾਂਗੂ ਚੜ੍ਹੇ ਬੁਰਜ ਅਕਾਸ ਤੇ।
ਤਾਰਿਆਂ ਦੇ ਵਾਂਗਰਾਂ ਹਵਾਈਆਂ ਚਾੜ੍ਹੀਆ,
ਰਾਜੇ ਦੀ ਅਟਾਰੀ ਤੇ ਵੱਜਣ ਤਾੜੀਆਂ।

ਗੈਸਾਂ ਕੀਤੀ ਰੌਸ਼ਨੀ ਗੁਲਾਮਾਂ ਚਾਸੜਾਂ,
ਮਾਤਾ ਜੀ ਇੰਦਰ ਸੈਨ ਪੌਂਦੇ ਹਾਸੜਾਂ।
ਲਾਜ ਰਹਿਗੀ ਮੇਰੀਆਂ ਸਫ਼ੈਦ ਦਾੜ੍ਹੀਆਂ,
ਰਾਜੇ ਦੀ ਅਟਾਰੀ ਤੇ ਵੱਜਣ ਤਾੜੀਆਂ।

ਮਹਿਕ ਦੇਣ ਅਤਰ ਫੁਲੇਲ ਪਵਣੋਂ,
ਕੌਰ ਰਾਣੀ ਮੰਗਦੇ ਪੁਸ਼ਪ ਚਮਣੋਂ।
ਸੁੱਚੀ ਅੰਗੀ ਸੁੱਚੀਆਂ ਸੁਹੌਣ ਸਾੜ੍ਹੀਆਂ,
ਰਾਜੇ ਦੀ ਅਟਾਰੀ ਤੇ ਵੱਜਣ ਤਾੜੀਆਂ।

ਸੇਠ ਭਾਰੇ ਹਾਕਮ ਵਜ਼ੀਰ ਸੱਦ ਕੇ,
ਭਰਤੇ ਮਠਿਆਈਆਂ ਦੇ ਪਲੇਟ ਵਧਕੇ।
ਨੰਗ ਲੱਡੂ ਖਾਣ ਹਿੱਲਣ ਜਬਾੜੀਆਂ,
ਰਾਜੇ ਦੀ ਅਟਾਰੀ ਤੇ ਵੱਜਣ ਤਾੜੀਆਂ।

ਦੌਲਤ ਲੁੱਟਾਤੀ ਖੋਲ੍ਹ ਕੇ ਪਟਾਰੀਆਂ,
ਲਾਇਕ ਨੂੰਹ ਤੇ ਪੁੱਤ ਦੇ, ਉਤੋਂ ਦੀ, ਵਾਰੀਆਂ।
ਸਿੱਟ੍ਹ ਕੀਤੀ ਝੋਲੀਆਂ ਭਰਾ ਕੇ ਝਾੜੀਆਂ,
ਰਾਜੇ ਦੀ ਅਟਾਰੀ ਤੇ ਵੱਜਣ ਤਾੜੀਆਂ।

'ਬਾਬੂ' ਜੀ ਠਠਿਆਰੀ ਧਰਤੀ 'ਚ ਗੱਡਲੀ,
ਛਡਤੇ ਸ਼ਿਕਾਰੀ ਭੌਰ ਕੱਲੀ ਕੱਢਲੀ।
ਆਸੀ ਦੀਆਂ ਖਾ-ਖਾਂ ਸੀ ਕਤੀੜ ਪਾੜੀਆਂ,
ਰਾਜੇ ਦੀ ਅਟਾਰੀ ਤੇ ਵੱਜਣ ਤਾੜੀਆਂ।

●

ਟਾਈਟਲ ਬੈਕ ਪੇਜ

ਲੋਕ ਕਵੀ ਬਾਬੂ ਰਜਬ ਅਲੀ ਜੀ ਨੇ ਇੱਕ ਮੁਸਲਮਾਨ ਹੋਣ ਦੇ ਨਾਤੇ ਸਾਰੇ ਧਰਮਾ, ਇਤਿਹਾਸ, ਮਿਥਿਹਾਸ ਤੋਂ ਇਲਾਵਾ ਸੈਂਕੜਿਆਂ ਵਿਸ਼ਿਆਂ ਤੇ ਕਲਮ ਵਾਹੀ ਜਿਵੇਂ ਧਰਮ ਤੇ ਰਾਜਨੀਤੀ, ਅਣਖ ਤੇ ਇੱਜ਼ਤ, ਦੋਸਤੀ ਤੇ ਦੁਸ਼ਮਣੀ, ਦਿਆ ਤੇ ਦਲੇਰੀ, ਇਸ਼ਕ ਤੇ ਇਖਲਾਕ ਭਗਤੀ ਤੇ ਭਾਵਨਾ ਜੈਸੇ ਮੁਦਿਆਂ ਨੂੰ ਨੌ ਰਸਾਂ ਅਤੇ ਸੱਤ ਭਾਸ਼ਾਵਾਂ ਦੀ ਚੱਸ ਤੇ ਚਾਸਣੀ ਚਾੜ੍ਹ ਕੇ ਬੜੀ ਹੀ ਰਸਦਾਇਕ ਰਚਨਾ ਰਚੀ। ਜੋ ਉੱਚੇ-ਸੁੱਚੇ ਤੇ ਸੇਹਤਮੰਦ ਪੰਜਾਬੀ ਸੱਭਿਆਚਾਰ ਦਾ ਦਸਤਾਵੇਜ਼ ਹੈ

ਇਸ ਲੋਕ ਸਾਹਿਤ ਨੂੰ, ਜਿਸ ਲੋਕ ਲਹਿਜੇ ਵਿੱਚ ਪਰਖ-ਪੜਚੋਲ ਤੇ ਤੋਲ-ਤਰਾਸ਼ ਕੇ ਜਿਨ੍ਹਾਂ ਲੋਕਾਂ ਲਈ ਇਹ ਮਹਾਨ ਰਚਨਾ ਰਚੀ ਸੀ ਉਨ੍ਹਾਂ ਤਾਈ ਪਹੁੰਚਾਣਾ ਪੰਜਾਬੀ ਦੀਆਂ ਅਲੰਬਰਦਾਰ ਸੰਸਥਾਵਾਂ, ਸਰਕਾਰਾਂ ਤੇ ਯੂਨੀਵਰਸਿਟੀਆਂ ਦਾ ਕੰਮ ਸੀ। ਪਰ ਇਸ ਮਹਾਨ ਕਾਰਜ ਨੂੰ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਨੇ ਹਜ਼ਾਰਾਂ ਰੁਪਏ ਖਰਚ ਕਰਕੇ ਆਪਣੇ ਤੌਰ ਤੇ ਅਰੰਭਿਆ ਹੈ। ਇਸ ਸਿਰੜੀ ਸੂਰਮੇ ਦੇ ਸ਼ਲਾਘਾਯੋਗ ਉਪਰਾਲੇ ਨੂੰ ਸੱਚੀ-ਸੁੱਚੀ ਸਲਾਮ ਕਰਦਾ ਹਾਂ। ਅਤੇ ਉਮੀਦ ਕਰਦਾ ਹਾਂ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਕਿਤਾਬਾਂ ਹਰ-ਇੱਕ ਪੰਜਾਬੀ ਦੇ ਸਿਰ੍ਹਾਣੇ ਹੋਣਗੀਆਂ।

ਜਸਦੇਵ ਸਿੰਘ ਜੱਸੋਵਾਲ

229

230
231
232